

ਮਹਾਤਮਾ ਬੁੱਧ ਦੇ ਜਨਮ ਦਿਹਾੜੇ 'ਬੁੱਧ ਪੂਰਨਿਮਾ' ਨੂੰ ਸਮਰਪਿਤ ਪ੍ਰੋ. ਐਚ. ਐਲ. ਕਪੂਰ ਦਾ ਲੇਖ ਪੜ੍ਹੋ ਸਫਾ 11 ਤੇ)


ਹਫਤਾਵਾਰੀ

# ਦੇਸ਼ ਦੁਆਬਾ

VOL - 4 ISSUE - 6

May 14, 2015

Postal Address
5101 Doe Hollow Pl, Antelope, CA-95843

www.deshdoaba.com
www.ambedkartimes.com




ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੰਤੋਖ ਸਿੰਘ ਸੰਧੂ ਦਾ ਲੇਖ ਪੜ੍ਹੋ ਸਫਾ 14 ਤੇ)


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਐਮਟਰੈਕ ਟ੍ਰੇਨ ਪਟੜੀ ਤੋਂ ਉਤਰੀ, 7 ਦੀ ਮੌਤ, ਕਈ ਗੰਭੀਰ ਜ਼ਖਮੀ

ਫਿਲੇਡੈਲਫੀਆ- ਨਿਊਯਾਰਕ ਜਾ ਰਹੀ ਐਮਟ੍ਰੈਕ ਯਾਤਰੀ ਰੇਲ ਗੱਡੀ 188 ਟ੍ਰੇਨ ਦੇ ਡੱਬੇ ਪਟੜੀ ਤੋਂ ਉਤਰ ਜਾਣ ਕਾਰਨ ਇਸ ਵਿਚ ਸਵਾਰ ਲੋਕਾਂ ਵਿਚੋਂ 7 ਦੀ ਮੌਤ ਹੋ ਗਈ ਹੈ ਅਤੇ ਕਈ ਯਾਤਰੀ ਜ਼ਖਮੀ ਹੋ ਗਏ ਹਨ। ਇਸ ਟ੍ਰੇਨ ਵਿਚ 238 ਯਾਤਰੀ ਉਸ ਵਕਤ ਸਵਾਰ ਸਨ ਤੇ ਚਾਲਕ ਦਲ ਦੇ 5 ਮੈਂਬਰ ਸ਼ਾਮਲ



ਸਨ। ਐਨ ਟੀ ਐਸ ਬੀ. ਦੇ ਬੋਰਡ ਮੈਂਬਰ ਰਾਬਰਟ ਸਲਵਾਲਟ ਨੇ ਕਈ ਮੀਡੀਆ ਸਮੂਹਾਂ ਨੂੰ ਦੱਸਿਆ ਕਿ ਇਸ ਟ੍ਰੇਨ ਦੀ ਰਫਤਾਰ ਬਹੁਤ ਜ਼ਿਆਦਾ ਸੀ। ਇਸ ਰੂਟ ਅਤੇ ਉਸ ਸਥਾਨ ਉਤੇ ਟਰੇਨ ਦੀ ਗਤੀ 50 ਕਿਲੋਮੀਟਰ ਤੱਕ ਘਟਾਉਣੀ ਹੁੰਦੀ ਹੈ ਪਰ ਇਹ ਟਰੇਨ ਉਸ ਵਕਤ 100 ਤੋਂ ਜ਼ਿਆਦਾ ਸਪੀਡ ਤੇ ਜਾ ਰਹੀ ਸੀ। ਫਿਲੇਡੈਲਫੀਆ ਦੇ ਮੇਅਰ ਮਾਈਕਲ ਨਟਰ ਨੇ ਦੱਸਿਆ ਕਿ ਰਾਹਤ

(ਬਾਕੀ ਸਫਾ 18 ਤੇ)

# ਭੁਚਾਲਾਂ ਕਾਰਨ ਹਿੱਲਿਆ ਹਿਮਾਲਿਆ

## ਲਗਾਤਾਰ ਝਟਕਿਆਂ ਕਾਰਨ ਦਹਿਸ਼ਤ ਵਾਲਾ ਮਾਹੌਲ ਬਣਿਆ

ਕਠਮੰਡੂ- ਨੇਪਾਲ ਵਿਚ 12 ਮਈ ਨੂੰ ਮੁੜ ਆਏ ਜ਼ੋਰਦਾਰ ਭੂਚਾਲ ਜਿਸ ਦੀ ਰਿਕਟਰ ਸਕੇਲ 'ਤੇ ਤੀਬਰਤਾ 7.3 ਮਾਪੀ ਗਈ ਨਾਲ ਘੱਟੋ ਘੱਟ 50 ਵਿਅਕਤੀਆਂ ਦੀ ਮੌਤ ਹੋ ਗਈ ਅਤੇ 300 ਹੋਰ ਜ਼ਖ਼ਮੀ ਹੋ ਗਏ। ਅਜੇ ਦੋ ਹਫਤੇ ਪਹਿਲਾਂ ਆਏ ਭੁਚਾਲ ਵਿਚ ਨਿਪਾਲ 'ਚ 8000 ਤੋਂ ਵੀ ਵੱਧ ਵਿਅਕਤੀ ਮਾਰੇ ਗਏ ਸਨ ਅਤੇ ਹਜ਼ਾਰਾਂ ਹੋਰ ਜ਼ਖ਼ਮੀ ਹੋਏ ਸਨ । ਨੇਪਾਲ ਦੇ ਗ੍ਰਹਿ ਮੰਤਰਾਲੇ ਨੇ ਮੌਤਾਂ ਦੀ ਗਿਣਤੀ 42 ਦੱਸੀ ਹੈ ਅਤੇ 1117 ਵਿਅਕਤੀ ਜ਼ਖ਼ਮੀ ਹੋਏ ਹਨ। ਅਮਰੀਕਾ ਦੇ ਭੂ-ਵਿਗਿਆਨ ਸਰਵੇ ਦਾ ਕਹਿਣਾ ਕਿ ਦੁਪਹਿਰ 12.35 ਵਜੇ ਆਏ ਭੁਚਾਲ ਦਾ ਕੇਂਦਰ ਕਠਮੰਡੂ ਤੋਂ 83 ਕਿਲੋਮੀਟਰ ਦੂਰ ਮਾਉਂਟ ਐਵਰਸਟ ਨੇੜੇ 18.5 ਕਿਲੋਮੀਟਰ ਜ਼ਮੀਨ ਦੇ ਹੇਠਾਂ ਸੀ। ਇਸ ਦੀ ਪਹਿਲਾਂ ਤੀਬਰਤਾ 7.4 ਮਾਪੀ ਗਈ ਸੀ। ਨੇਪਾਲ ਦੇ ਇਕੋ ਇਕ ਤ੍ਰਿਭਵਨ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਭੂਚਾਲ ਕਾਰਨ ਥੋੜੇ ਸਮੇਂ ਲਈ ਬੰਦ ਕਰ ਦਿੱਤਾ ਗਿਆ ਅਤੇ ਕਠਮੰਡੂ ਨੂੰ



ਜਾਣ ਵਾਲੀਆਂ ਉਡਾਨਾਂ ਨੂੰ ਹੋਰ ਥਾਵਾਂ 'ਤੇ ਭੇਜਿਆ ਗਿਆ। ਅਧਿਕਾਰੀਆਂ ਨੇ ਅਗਲੇ ਦੋ ਹਫਤੇ ਸਾਰੇ ਸਕੂਲ ਬੰਦ ਰੱਖਣ ਦੇ ਹੁਕਮ ਦਿੱਤੇ ਹਨ। ਭੁਚਾਲ ਦੇ ਬਿਹਾਰ, ਪੱਛਮੀ ਬੰਗਾਲ, ਪੰਜਾਬ, ਉੱਤਰ ਪ੍ਰਦੇਸ਼, ਗੁਜਰਾਤ, ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਦੇ ਕਈ ਸ਼ਹਿਰਾਂ 'ਚ ਤੇਜ਼ ਝਟਕੇ ਮਹਿਸੂਸ ਕੀਤੇ ਗਏ। ਇਹ ਚੀਨ ਵਿਚ ਵੀ ਮਹਿਸੂਸ ਕੀਤੇ ਗਏ। 25 ਅਪ੍ਰੈਲ ਨੂੰ ਨਿਪਾਲ ਵਿਚ 7.9 ਤੀਬਰਤਾ ਵਾਲੇ ਆਏ ਭੁਚਾਲ ਵਿਚ 8046 ਤੋਂ ਵੀ ਵੱਧ ਵਿਅਕਤੀ ਮਾਰੇ ਗਏ ਸਨ । ਅੱਜ ਦੇ ਭੁਚਾਲ ਨਾਲ ਨੇਪਾਲ ਵਿਚ ਚਟਾਨਾਂ ਵੀ ਖਿਸਕੀਆਂ। ਗ੍ਰਹਿ ਮੰਤਰਾਲੇ ਨੇ ਦੱਸਿਆ ਕਿ ਇਸ ਦੇ ਨਾਲ ਹੀ ਇਕ ਹੋਰ ਭੁਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਜਿਸ ਦਾ ਕੇਂਦਰ ਅਫਗਾਨਿਸਤਾਨ ਵਿਚ ਸੀ ਅਤੇ ਉਸ ਦੀ ਤੀਬਰਤਾ 6.9 ਸੀ। ਇਸੇ ਦੌਰਾਨ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਹਿਮਾਚਲ ਵਿਚ ਵੀ ਫਿਰ ਭੁਚਾਲ ਦੇ ਝਟਕੇ ਮਹਿਸੂਸ ਹੋਣ

(ਬਾਕੀ ਸਫਾ 18 ਤੇ)

## ਅਮਰੀਕੀ ਮੰਤਰੀ ਦਾ ਨੇਪਾਲ ਦੌਰਾ

ਵਾਸ਼ਿੰਗਟਨ— ਦੱਖਣ ਅਤੇ ਮੱਧ ਏਸ਼ੀਆ ਮਾਮਲਿਆਂ ਲਈ ਅਮਰੀਕਾ ਦੀ ਸਹਾਇਕ ਵਿਦੇਸ਼ ਮੰਤਰੀ ਨਿਸ਼ਾ ਬਿਸਵਾਲ ਭੂਚਾਲ ਨਾਲ ਹੋਈ ਤਬਾਹੀ ਅਤੇ ਅਮਰੀਕੀ ਰਾਹਤ ਸਮੱ-ਗਰੀ ਅਤੇ ਬਚਾਅ ਮੁਹਿੰਮਾਂ ਦਾ ਜਾਇਜ਼ਾ ਲੈਣ ਲਈ ਇਸ ਹਫਤੇ ਨੇਪਾਲ ਦਾ ਦੌਰਾ ਕਰ ਰਹੀ ਹੈ। ਨਿਸ਼ਾ ਨੇਪਾਲੀ ਨੇਤਾਵਾਂ, ਨੇਪਾਲ 'ਚ ਅਮਰੀਕੀ ਰਾਜਦੂਤ ਪੀਟਰ ਬੋਡੇ, ਯੂ. ਐਸ. ਆਈ. ਡੀ. ਆਫਤ ਸਹਾਇਤਾ ਕਾਰਵਾਈ ਟੀਮ ਦੇ ਮੈਂਬਰਾਂ ਅਤੇ ਹੋਰ ਅਮਰੀਕੀ ਅਤੇ ਅੰਤਰਰਾਸ਼ਟਰੀ



(ਬਾਕੀ ਸਫਾ 18 ਤੇ)

## ਵੋਟਰਾਂ ਤੇ ਸਪੋਟਰਾਂ ਦਾ ਧੰਨਵਾਦ ਲਈ ਬਾਬ ਢਿੱਲੋਂ ਨੇ ਪਿਕਨਿਕ ਮਨਾਈ



ਖਬਰ ਤੇ ਤਸਵੀਰਾਂ ਦੇਖੋ ਸਫਾ 5 ਤੇ


Golden State Truck Sales Inc.



ਸਾਡੇ ਕੋਲ ਟਰੱਕ, ਟਰੇਲਰ ਖਰੀਦਣ ਵੇਚਣ ਅਤੇ ਲੋਨ ਕਰਾਉਣ ਲਈ ਮਿਲੋ।
ਅਸੀਂ ਆਪ ਜੀ ਦੀ ਪੂਰੀ ਸਹਾਇਤਾ ਕਰਾਂਗੇ।

Call : Dharminder Singh
Cell : 530-870-6600
Email: myfuturetruck@gmail.com



KSR AUTO REPAIR
Complete Auto Repair
Import & Domestic
Honda & Acura Specialist Toyta, Lexus, Nissan, Mazda
Mercedes Benz, BMW, Volvo, Volkswager



50 % Off On Labor
Brackes
Tune-Up
Complete Diagnostic
Transmission Service
Electrical
AC Service
Engine Repair
Clutch Repnace
Factory Recommended Service
1471 Laurelwood Rd
Santa Clara, CA 95054
408-235-8654
Cell 510-579-8583
Fax 408-235-8674



MANDEEP SANDHU
msandhu2014@gmail.com
Note: I am not an Immigration Attorney.
SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
WE OPEN 7-DAYS A WEEK
(209-373-3562)
3222 PENELOPE DR.
STOCKTON, CA- 95212
(NEAR HWY 99 ON MORADA LANE)

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price



ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing
510- 733- 2222
1421 Industrial PKWY West#F Hayward, CA 94544
Prop: Jasbir Singh Takhar
510-755-2132



Harmandeep Singh



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# Grant Line Insurance Agency, Inc.

## DBA Sky High Insurance Agency

**One stop shop for all your Insurance needs**

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

# 209-263-0860

**3244 W. Grant Line Rd., Tracy, CA 95304**


ਮਨਦੀਪ ਬਿਆੜਾ
ਏਜੰਟ
209-666-0032


ਜਸਵੀਰ ਕੌਰ
ਬਰੋਕਰ
925-895-8140


ਗਗਨਦੀਪ ਸਿੰਘ
ਏਜੰਟ
925-724-7070


ਹਰਮਨ ਸਿੰਘ
ਏਜੰਟ
510-415-8154

# Continental

ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ।

*Bhajji Gill (510-277-6315), Chain Gill 510-542-1181*

**Truck, Trailer Repair & Tyre Servicse**



Bhajji Gill




ਭੱਜੀ ਗਿੱਲ ਅਤੇ ਚੈਨ ਗਿੱਲ ਆਪਣੇ ਸਟਾਫ ਦੇ ਨਾਲ

# 42400 Boyce Rd., Unite F, Fremont, CA 94538

# ਸੈਕਰਾਮੈਂਟੋ ਕ੍ਰਿਕਟ ਐਸੋਸੀਏਸ਼ਨ ਵੱਲੋਂ ਵਿੰਟਰ ਲੀਗ ਕ੍ਰਿਕਟ ਟੂਰਨਾਮੈਂਟ ਆਯੋਜਿਤ ਕੀਤੇ



ਤਸਵੀਰ ਵਿਚ ਜੇਤੂ ਟੀਮ ਸੈਕਰਾਮੈਂਟੋ ਸਿੱਖ ਸੁਸਾਇਟੀ ਦੇ ਖਿਡਾਰੀ ਖੜ੍ਹੇ ਦਿਖਾਈ ਦੇ ਰਹੇ ਹਨ ਕੈਪਟਨ ਮਨਜਿੰਦਰ ਮਲ੍ਹੀ, ਕੁਲਵਿੰਦਰ ਸਿੰਘ ਵਾਈਸ ਕੈਪਟਨ, ਗੁਰਜੀਤ ਸਿੰਘ, ਤਰਨ ਸ਼ੇਰਗਿੱਲ, ਗੁਰਪ੍ਰੀਤ ਸਿੰਘ, ਸ਼ਾਰਨਜੀਤ ਸਿੰਘ, ਸੰਦੀਪ, ਇੰਦਰ ਸਿੰਘ, ਸੋਹਿਲ ਰਾਣਾ, ਜਸਪ੍ਰੀਤ ਸਿੰਘ ਅਤੇ ਗੁਰਵਿੰਦਰ ਸਿੰਘ।

ਸੈਕਰਾਮੈਂਟੋ- ਸੈਕਰਾਮੈਂਟੋ ਕ੍ਰਿਕਟ ਐਸੋਸੀਏਸ਼ਨ ਵੱਲੋਂ ਬੀਤੀ 22 ਫਰਵਰੀ ਤੋਂ 5 ਮਾਰਚ ਤੱਕ ਵਿੰਟਰ ਲੀਗ ਕ੍ਰਿਕਟ ਟੂਰਨਾਮੈਂਟ ਆਯੋਜਿਤ ਕੀਤਾ। ਇਸ ਟੂਰਨਾਮੈਂਟ ਵਿਚ 8 ਟੀਮਾਂ ਨੇ ਭਾਗ ਲਿਆ ਅਤੇ ਆਖਰੀ ਮੈਚ ਸੈਕਰਾਮੈਂਟੋ ਸਿੱਖ ਸੁਸਾਇਟੀ ਲਾਇਨਜ਼ ਕ੍ਰਿਕਟ ਕਲੱਬ ਅਤੇ ਬਾਬਾ ਦੀਪ ਸਿੰਘ ਕ੍ਰਿਕਟ ਕਲੱਬ ਵਿਚਕਾਰ 5 ਮਈ ਨੂੰ ਯੂਬਾ ਸਿਟੀ ਵਿਖੇ ਹੋਇਆ। ਇਸ ਟੂਰਨਾਮੈਂਟ ਦਾ ਫਾਈਨਲ ਸੈਕਰਾਮੈਂਟੋ ਸਿੱਖ ਸੁਸਾਇਟੀ ਲਾਇਨਜ਼ ਕ੍ਰਿਕਟ ਕਲੱਬ ਨੇ ਜਿੱਤਿਆ। ਪਹਿਲਾਂ ਬੈਟਿੰਗ ਬਾਬਾ ਦੀਪ ਸਿੰਘ ਕ੍ਰਿਕਟ ਕਲੱਬ ਨੇ ਕੀਤੀ ਅਤੇ 176 ਦਾ ਸਕੋਰ ਖੜ੍ਹਾ ਕੀਤਾ, ਜਦਕਿ ਸਿੱਖ ਸੁਸਾਇਟੀ ਲਾਇਨਜ਼ ਕਲੱਬ ਨੇ ਮਿੱਥੇ ਟੀਚੇ ਨੂੰ 20 ਓਵਰਾਂ ਵਿਚ ਪਾਰ ਕਰਕੇ 180 ਰਨ ਬਣਾ ਕੇ ਮੈਚ ਜਿੱਤ ਲਿਆ।

# ਹਾਈਕੋਰਟ ਨੇ ਕਿਰਪਾਨ ਮਾਮਲੇ ’ਚ ਸ਼ੈਸ਼ਨ ਕੋਰਟ ਦੇ ਹੁਕਮਾਂ ’ਤੇ ਲਾਈ ਰੋਕ

ਚੰਡੀਗੜ੍ਹ- ਅੰਮ੍ਰਿਤਧਾਰੀ ਸਿੱਖ ਨੌਜਵਾਨ ਨੂੰ ਕਿਰਪਾਨ ਪਾ ਕੇ ਅਦਾਲਤ ’ਚ ਗਵਾਹੀ ਦੇਣ ਦੀ ਇਜਾਜ਼ਤ ਨਾ ਦੇਣ ਦੇ ਅੰਬਾਲਾ ਦੀ ਸ਼ੈਸ਼ਨ ਕੋਰਟ ਵੱਲੋਂ ਬਕਾਇਦਾ ਲਿਖਤੀ ਤੌਰ ’ਤੇ ਜਾਰੀ ਕੀਤੇ ਹੁਕਮਾਂ ਦਾ ਅਮਲ ਅੱਜ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਰੋਕ ਦਿੱਤਾ ਗਿਆ ਹੈ । ਹਾਈਕੋਰਟ ਦੇ ਜਸਟਿਸ ਅਗਸਟਾਈਨ ਜਾਰਜ ਮਸੀਹ ਵੱਲੋਂ ਅੱਜ ਬਾਅਦ ਦੁਪਹਿਰ ਦਿਲਾਵਰ ਸਿੰਘ ਨਾਮੀ ਇਸ ਸਿੱਖ ਨੌਜਵਾਨ ਦੀ ਪਟੀਸ਼ਨ ’ਤੇ ਸੁਣਵਾਈ ਕਰਦਿਆਂ ਇਹ ਅੰਤ੍ਰਿਮ ਹੁਕਮ ਜਾਰੀ ਕੀਤੇ ਹਨ ।

ਬੈਂਚ ਵੱਲੋਂ ਇਸ ਤੋਂ ਪਹਿਲਾਂ ਬੀਤੀ 8 ਮਈ ਨੂੰ ਹਰਿਆਣਾ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ । ਪਰ ਜੁਆਬਦਾਤਾ ਧਿਰ ਆਪਣਾ ਪੱਖ ਪੇਸ਼ ’ਚ ਕਾਮਯਾਬ ਨਹੀਂ ਹੋ ਸਕੀ । ਸਰਕਾਰੀ ਵਕੀਲ ਵੱਲੋਂ ਜਵਾਬ ਦੇਣ ਹਿਤ ਹਾਲੇ ਹੋਰ ਚਾਰ ਹਫ਼ਤਿਆਂ ਦੀ ਮੋਹਲਤ ਮੰਗੇ ਜਾਣ ’ਤੇ ਬੈਂਚ ਨੇ ਅਗਲੀ ਕਾਰਵਾਈ ਤੱਕ ਹੇਠਲੀ ਅਦਾਲਤ ਵੱਲੋਂ ਸਿੱਖ ਨੌਜਵਾਨ ਨੂੰ ਗਾਤਰੇ ਸਣੇ ਅਦਾਲਤ ’ਚ ਗਵਾਹੀ ਨਾ ਦੇਣ ਹਿਤ ਬੀਤੀ 18 ਅਪ੍ਰੈਲ ਨੂੰ ਜਾਰੀ ਕੀਤੇ ਲਿਖਤੀ ਹੁਕਮਾਂ ਦੇ ਅਮਲ ’ਤੇ ਰੋਕ ਲਗਾ ਦਿੱਤੀ ।

ਪਟੀਸ਼ਨਰ ਵੱਲੋਂ ਪੇਸ਼ ਹੋਏ ਵਕੀਲ ਅਤੇ ‘ਲਾਇਰਜ਼ ਫ਼ਾਰ ਹਿਊਮਨ ਰਾਈਟਸ ਇੰਟਰਨੈਸ਼ਨਲ’ ਨਾਮੀਂ ਵਕੀਲਾਂ ਦੀ ਗ਼ੈਰ ਸਰਕਾਰੀ ਸੰਸਥਾ ਦੇ ਮੁਖੀ ਨਵਕਿਰਨ ਸਿੰਘ ਨੇ ਬੈਂਚ ਕੋਲ ਇਹ ਮਾਮਲਾ ਚੁੱਕਦਿਆਂ ਇਸ ਨੂੰ ਭਾਰਤੀ ਸੰਵਿਧਾਨ ਦੇ ਆਰਟੀਕਲ 25 ਦੀ ਉਲੰਘਣਾ ਕਰਾਰ ਦਿੱਤਾ ਹੈ ।

ਹਾਈਕੋਰਟ ਬੈਂਚ ਵੱਲੋਂ ਅੱਜ ਹਰਿਆਣਾ ਸਰਕਾਰ ਦੁਆਰਾ ਜਵਾਬ ਦੇਣ ਹਿਤ ਹਾਲੇ ਹੋਰ ਸਮੇਂ ਦੀ ਤਵੱਕੋ ਕੀਤੇ ਜਾਣ ’ਤੇ ਹੇਠਲੀ ਅਦਾਲਤ ਵਾਲੇ ਚੁਨੌਤੀ ਅਧੀਨ ਹੁਕਮਾਂ ਦਾ ਅਮਲ ਰੋਕਦਿਆਂ ਕੇਸ ਆਉਂਦੀ 12 ਅਗਸਤ ਤੱਕ ਅੱਗੇ ਪਾ ਦਿੱਤਾ। ਜ਼ਿਕਰਯੋਗ ਹੈ ਕਿ ਭਾਰਤੀ ਕਾਨੂੰਨ ਸਿੱਖਾਂ ਨੂੰ ਸਿੱਖੀ ਦੇ ਪੰਜ ਕੱਕਾਰਾਂ ਵਿੱਚ ਕਿਰਪਾਨ ਨੂੰ ਹਰ ਜਗਾ ’ਤੇ ਪਹਿਨਣ ਦੀ ਇਜ਼ਾਜ਼ਤ ਦਿੰਦਾ ਹੈ, ਪਰ ਇਸਦੇ ਬਾਵਜੂਦ ਸਿੱਖਾਂ ਨੂੰ ਕਈ ਵਾਰ ਕਿਰਪਾਨ ਧਾਰਨ ਕੀਤੀ ਹੋਣ ਕਰਕੇ ਕੱਝਲ ਖੁਆਰ ਕੀਤਾ ਜਾਂਦਾ ਹੈ।ਕੋਈ ਅਜਿਹਾ ਵਿਅਕਤੀ ਜਾਂ ਸੰਸਥਾ ਸਿੱਖਾਂ ਨੂੰ ਮਿਲੇ ਇਸ ਕਾਨੂੰਨੀ ਅਧਿਕਾਰ ਨੂੰ ਨਾ ਸਮਝੇ, ਪਰ ਜਦ ਭਾਰਤੀ ਕਾਨੂੰਨ ਅਨੁਸਾਰ ਬਿਨਾਂ ਕਿਸੇ ਵਿਤਕਰੇ ਦੇ ਹਰ ਇੱਕ ਨੂੰ ਨਿਆ ਦੇਣ ਵਾਲੀ ਅਦਾਲਤ ਜਾਂ ਜੱਜ ਹੀ ਭਾਰਤੀ ਕਾਨੂੰਨ ਦੀ ਉਲੰਘਣਾ ਕਰਦਿਆਂ ਸਿੱਖ ਕਿਰਪਾਨ ਪ੍ਰਤੀ ਗੈਰ ਕਾਨੂੰਨੀ ਕਾਰਵਾਈ ਕਰੇ ਤਾਂ ਭਾਰਤ ਵਿੱਚ ਸਿੱਖਾਂ ਦੀ ਹੋਣੀ ਦੇ ਮਸਲੇ ਦੀ ਗੰਭੀਰਤਾ ਨੂੰ ਸਮਝਿਆ ਜਾ ਸਕਦਾ ਹੈ।

# ਭੂਚਾਲ ਦੇ ਡਰ ਨਾਲ ਲੋਕ ਪਾਰਕਾਂ ’ਚ ਲੰਘਾ ਰਹੇ ਨੇ ਰਾਤਾਂ

ਪਟਨਾ- ਬਿਹਾਰ ਦੇ ਕਈ ਸ਼ਹਿਰਾਂ ’ਚ ਭੂਚਾਲ ਦੇ ਝਟਕਿਆਂ ਨਾਲ ਲੋਕਾਂ ਦੇ ਦਿਲਾਂ ’ਚ ਇਸ ਕਦਰ ਡਰ ਭਰਿਆ ਕਿ ਦੇਰ ਰਾਤ ਤੱਕ ਪਾਰਕਾਂ ਅਤੇ ਖੁੱਲ੍ਹੀਆਂ ਥਾਂਵਾਂ ’ਤੇ ਲੋਕਾਂ ਦੀ ਭਾਰੀ



ਭੀੜ ਜਮ੍ਹਾ ਰਹੀ। ਭੂਚਾਲ ਨਾਲ ਡਰ ਦਾ ਆਲਮ ਇਹ ਸੀ ਕਿ ਘਰਾਂ ਤੋਂ ਬਾਹਰ ਨਿਕਲਦੇ ਲੋਕ ਵਾਪਸ ਆਪਣੇ ਘਰਾਂ ’ਚ ਆਉਣ ਨੂੰ ਤਿਆਰ ਨਹੀਂ ਸਨ। ਲੋਕਾਂ ਦਾ ਹੌਸਲਾ ਵਧਾਉਣ ਲਈ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੀ ਉਨ੍ਹਾਂ ਨੂੰ ਮਿਲਣ ਪੁੱਜੇ। ਨਿਤੀਸ਼ ਦੇਰ ਰਾਤ ਤੱਕ ਪਟਨਾ ਦੀਆਂ ਪਾਰਕਾਂ ’ਚ ਜਮ੍ਹਾ ਲੋਕਾਂ ਦੀ ਭੀੜ ਨਾਲ ਮੁਲਾਕਾਤ ਕਰਦੇ ਰਹੇ। ਲੋਕਾਂ ਨੇ ਭੂਚਾਲ ਤੋਂ ਬਾਅਦ ਗਾਂਧੀ ਮੈਦਾਨ, ਈਕੋ ਪਾਰਕ ਅਤੇ ਐਸਕੇ ਪੁਰੀ ਪਾਰਕ ’ਚ ਹੀ ਡੇਰਾ ਲਾ ਲਿਆ ਸੀ। ਕਿਸੇ ਅਣਹੋਣੀ ਦੇ ਸ਼ੱਕ ਤੋਂ ਡਰੇ ਲੋਕਾਂ ਨੇ ਪਾਰਕਾਂ ’ਚ ਸ਼ਰਨ ਲਈ ਸੀ। ਲੋਕਾਂ ਨੂੰ ਡਰ ਸੀ ਕਿ ਕਿਤੇ ਭੂਚਾਲ ਦੇ ਤੇਜ਼ ਝਟਕੇ ਉਨ੍ਹਾਂ ਦੀ ਜ਼ਿੰਦਗੀ ’ਚ ਵੀ ਭੂਚਾਲ ਨਾ ਲੈ ਆਵੇ।

ਭੂਚਾਲ ਤੋਂ ਬਾਅਦ ਆਮ ਲੋਕਾਂ ’ਚ ਮੌਜੂਦ ਇਸੇ ਡਰ ਨੂੰ ਦੇਖਦੇ ਹੋਏ ਮੁੱਖ ਮੰਤਰੀ ਨਿਤੀਸ਼ ਕੁਮਾਰ ਲੋਕਾਂ ਦਰਮਿਆਨ ਪੁੱਜੇ ਅਤੇ ਉਨ੍ਹਾਂ ਨੂੰ ਨਾ ਘਬਰਾਉਣ ਦੀ ਅਪੀਲ ਕੀਤੀ। ਮੁੱਖ ਮੰਤਰੀ ਨਾਲ ਸਰਕਾਰੀ ਅਮਲਾ ਵੀ ਮੌਜੂਦ ਸਨ। ਜ਼ਿਲਾ ਅਧਿਕਾਰੀ ਤੋਂ ਲੈ ਕੇ ਤਮਾਲ ਉੱਚ ਅਫਸਰ ਅਲਰਟ ’ਤੇ ਸਨ। ਨਿਤੀਸ਼ ਕੁਮਾਰ ਨੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਪਾਰਕਾਂ ’ਚ ਰਾਤ ਲੰਘਾਉਣ ਵਾਲਿਆਂ ਲਈ ਪਾਣੀ ਅਤੇ ਬਿਜਲੀ ਦਾ ਪੂਰਾ ਇੰਤਜ਼ਾਮ ਕੀਤਾ ਜਾਵੇ। ਦੂਜੇ ਪਾਸੇ ਨੇਪਾਲ ’ਚ ਧਰਤੀ ਹਿੱਲਣ ਦਾ ਸਿੱਧਾ ਅਸਰ ਬਿਹਾਰ ’ਚ ਨਜ਼ਰ ਆ ਰਿਹਾ ਹੈ। 17 ਦਿਨਾਂ ’ਚ ਆਏ ਭੂਚਾਲ ਦੇ 2 ਜ਼ੋਰਦਾਰ ਝਟਕਿਆਂ ’ਚ ਕਰੀਬ 80 ਲੋਕਾਂ ਦੀ ਮੌਤ ਹੋ ਚੁੱਕੀ ਹੈ। ਦੂਜੇ ਪਾਸੇ ਭੂਚਾਲ ਦੇ ਬਾਅਦ ਵੀ ਆਫਟਰ ਸ਼ਾਕ ਕਾਰਨ ਰਹਿ-ਰਹਿ ਕੇ ਧਰਤੀ ਹਿੱਲਣ ਦਾ ਸਿਲਸਿਲਾ ਜਾਰੀ ਹੈ। ਅਜਿਹੇ ’ਚ ਲੋਕ ਡਰੇ ਹੋਏ ਹਨ ਅਤੇ ਸਰਕਾਰ ਕਿਸੇ ਵੀ ਐਮਰਜੈਂਸੀ ਹਾਲਾਤ ਨਾਲ ਨਜਿੱਠਮ ਲਈ ਕਮਰ ਕੱਸ ਚੁੱਕੀ ਹੈ।

# ਗੁਰੂ ਨਾਨਕ ਸਪੋਰਟਸ਼ ਕਲੱਬ ਸਨਵਾਕੀਨ-ਕਰਮਨ ਵੱਲੋਂ ਫੈਮਲੀ ਪਿਕਨਿਕ 16 ਮਈ ਅਤੇ ਉਪਨ ਕਬੱਡੀ ਟੂਰਨਾਮੈਂਟ 17 ਮਈ ਨੂੰ ਹੋਵੇਗਾ

ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਉੱਭੀ ਧਾਲੀਆਂ/ ਨੀਟਾ ਮਾਛੀਕੇ): ਸੈਂਟਰਲ ਵੈਲੀ ਕੈਲੀਫੋਰਨੀਆਂ ਦੇ ਸਥਾਨਿਕ ਗੁਰੂ ਨਾਨਕ ਸਪੋਰਟਸ਼ ਕਲੱਬ ਸਨਵਾਕੀਨ - ਕਰਮਨ ਵੱਲੋਂ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਜਿਸ ਵਿੱਚ ਖੇਡਾਂ ਅਤੇ ਪੰਜਾਬੀ ਸੱਭਿਆਚਾਰ ਨੂੰ ਪ੍ਰਫੁਲਤ ਕਰਨ ਅਤੇ ਬੱਚਿਆ ਨੂੰ ਪੰਜਾਬੀਅਤ ਨਾਲ ਜੋੜਨ ਲਈ ਵੱਡੇ ਪੱਧਰ ’ਤੇ ਦੋ ਦਿਨਾਂ ਸਪੋਰਟਸ਼ ਮੇਲਾ "ਸਨਵਾਕੀਨ ਸਕੂਲ" ਦੀਆਂ ਖੁਲੀਆਂ ਗਰਾਉਡਾ ਦੇ ਵਿੱਚ ਕਰਵਾਇਆ ਜਾ ਰਿਹਾ ਹੈ। ਇਹ ਗਰਾਊਡਾਂ ਗੁਰੂਘਰ ਦੇ ਬਿਲਕੁਲ ਨਜ਼ਦੀਕ ਹਨ। ਜਿਸ ਵਿੱਚ ਪਹਿਲੇ ਦਿਨ ਸ਼ਨੀਵਾਰ 16 ਮਈ ਨੂੰ ਬਾਕੀ ਖੇਡਾ ਦੇ ਨਾਲ-ਨਾਲ ਇਕ ਸਪੈਸ਼ਲ ਫੈਮਲੀ ਪਿਕਨਿਕ ਦਾ ਆਗਾਜ਼ ਵੀ ਕੀਤਾ ਜਾ ਰਿਹਾ ਹੈ। ਜਿਸ ਵਿੱਚ ਗਿੱਧੇ-ਭੰਗੜੇ ਤੋਂ ਇਲਾਵਾ ਗਾਇਕੀ ਅਤੇ ਪੁਰਾਤਨ ਖੇਡਾਂ ਅਤੇ ਰਸ਼ਮਾਂ ਦੀ ਵੀ ਗੱਲ ਕੀਤੀ ਜਾਵੇਗੀ। ਜਿੰਨ੍ਹਾਂ ਵਿੱਚ ਔਰਤਾਂ ਅਤੇ ਬੱਚਿਆ ਲਈ ਨਾਨਕਾ ਮੇਲ ਅਤੇ ਦਾਦਕਾ ਮੇਲ ਵੱਲੋਂ ਬੋਲੀਆਂ ਦਾ ਮੁਕਾਬਲਾ, ਤਿੰਨ ਟੰਗੀ ਦੌੜ (ਸਪੈਸ਼ਲ ਮਾਂ-ਧੀ), ਚਾਟੀ ਰੇਸ਼, ਮਿਊਜ਼ੀਕਲ ਚੇਅਰ, ਦੌੜਾਂ ਅਤੇ ਰੱਸਾਕਸ਼ੀ ਆਦਿਕ ਮੁੱਖ ਅਕਰਸ਼ਣ ਹੋਣਗੇ। ਦੂਜੇ ਦਿਨ 17 ਮਈ, ਐਤਵਾਰ ਨੂੰ ਵੱਖ-ਵੱਖ ਉਮਰ ਦੇ ਬੱਚਿਆ ਵੱਲੋਂ ਕਬੱਡੀ ਦੇ ਮੁਕਾਬਲੇ, ਉਪਨ ਕਬੱਡੀ, ਵਾਲੀਵਾਲ, ਕੁਸਤੀਆਂ, ਭਾਰ ਚੁੱਕਣਾ, ਸ਼ਾਕਰ ਅਤੇ ਬਜ਼ੁਰਗਾ ਦੀ ਰੱਸ਼ਾਕਸੀ ਆਦਿਕ ਦੇਖਣਯੋਗ ਹੋਣਗੇ। ਜਿਸ ਦੌਰਾਨ ਨਾਮਵਰ ਖਿਡਾਰੀ ਸਿਰਕਤ ਕਰਨਗੇ। ਜੇਤੂ ਟੀਮਾਂ ਨੂੰ ਦਿਲਕਸ਼ ਇਨਾਮ ਦਿੱਤੇ ਜਾਣਗੇ।

ਇਸ ਟੂਰਨਾਮੈਂਟ ਦੌਰਾਨ ਨਸ਼ਾ ਆਦਿਕ ਵਰਤਣ ਦੀ ਸਖਤ ਮਨ੍ਹਾਹੀ ਹੋਵੇਗੀ। ਬੱਚਿਆ ਅਤੇ ਔਰਤਾਂ ਦੇ ਬੈਠਣ ਲਈ ਉਚੇਚਾ ਪ੍ਰਬੰਧ ਕੀਤਾ ਜਾਵੇਗਾ। ਹਰ ਸਾਲ ਦੀ ਤਰ੍ਹਾਂ ਦਰਸ਼ਕਾ ਦੀ ਭਾਰੀ ਇਕੱਤਰਤਾ ਨੂੰ ਦੇਖਦੇ ਹੋਏ ਸ਼ਕਿਉਰਟੀ ਦੇ ਲਈ ਸਖਤ ਪ੍ਰਬੰਧ ਕੀਤੇ ਜਾਣਗੇ। ਇਸ ਸਮੇਂ ਦੋਨੋ ਦਿਨ ਗੁਰੂ ਕਾ ਲੰਗਰ ਅਤੇ ਕਾਰ ਪਾਰਕਿੰਗ ਫਰੀ ਹੋਵੇਗੀ। ਇਸ ਮੀਟਿੰਗ ਵਿੱਚ ਗੁਰੂ ਨਾਨਕ ਸਪੋਰਟਸ ਕਲੱਬ ਦੇ ਮੁੱਖ ਮੈਂਬਰਾਂ ਨੇ ਸਿਰਕਤ ਕੀਤੀ। ਸਮੂੰਹ ਇਲਾਕਾ ਨਿਵਾਸੀਆਂ ਨੂੰ ਸਮੇਂ ਸਿਰ ਪਹੁੰਚ ਕੇ ਟੂਰਨਾਮੈਂਟ ਦਾ ਅਨੰਦ ਮਾਨਣ ਲਈ ਪ੍ਰਬੰਧਕਾ ਵੱਲੋਂ ਅਪੀਲ ਕੀਤੀ ਗਈ। ਵਧੇਰੇ ਜਾਣਕਾਰੀ ਲਈ ਗੁਰਬਿੰਦਰ ਸਿੰਘ ਧਾਲੀਵਾਲ (559) 281-4697 ਜਾਂ ਗੈਰੀ ਢੇਸੀ (559) 567-8033 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਡਾ. ਹਰਿੰਦਰ ਸਿੰਘ ਗਰੇਵਾਲ ਦੀ ਚੋਣ ਲਈ ਫੰਡ ਇਕੱਤਰਤਾ ਡਿਨਰ ਮੈਡੇਸਟੋ ਨਜਦੀਕੀ ਹੰਗਸਨ ਵਿਖੇ ਹੋਇਆ

## “ਪੰਜਾਬੀ ਭਾਈਚਾਰੇ ਲਈ ਆਪਣੇ ਉਮੀਦਵਾਰ ਬਣਾਉਣ ਦਾ ਸੁਨਹਿਰੀ ਮੌਕਾ”









ਫਰਿਜ਼ਨੋ (ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ): ਅਮਰੀਕਾ ਅੰਦਰ ਸਟੇਟ ਅਸੈਬਲੀ ਦੀਆਂ ਚੋਣਾ 2016 ਵਿੱਚ ਹੋਣ ਜਾ ਰਹੀਆਂ ਹਨ। ਜਿਸ ਲਈ ਵੱਖ-ਵੱਖ ਥਾਵਾਂ ਤੋਂ ਦਾਅਵੇਦਾਰ ਉਮੀਦਵਾਰਾ ਦੁਆਰਾ ਆਪਣੀ ਚੋਣ ਮੁਹਿੰਮ ਨੂੰ ਹੁਣੇ ਤੋਂ ਮੀਟਿੰਗਾ ਜਾਂ ਫੰਡ ਇਕੱਤਰਤਾਂ ਦੇ ਰੂਪ ਵਿੱਚ ਸੁਰੂ ਕਰ ਦਿੱਤਾ ਗਿਆ ਹੈ। ਇਸੇ ਲੜੀ ਤਹਿਤ ਮੈਡੇਸ਼ਟੋ ਇਲਾਕੇ ਦੀ ਜਾਣੀ ਪਹਿਚਾਣੀ ਸਖਸ਼ੀਅਤ ਡਾ. ਹਰਿੰਦਰ ਸਿੰਘ ਗਰੇਵਾਲ ਜੋ ਕਿ ਸਟੇਟ ਅਸ਼ੈਬਲੀ ਲਈ ਕੈਲੀਫੋਰਨੀਆਂ ਦੇ ਡਿਸ਼ਟ੍ਰੈਕਟ 12 ਤੋਂ ਡੈਮੋਕ੍ਰੈਟਿਕ ਪਾਰਟੀ ਦੇ ਉਮੀਦਵਾਰ ਹਨ। ਉਨ੍ਹਾਂ ਦੀ ਚੋਣ ਮੁਹਿੰਮ ਲਈ ਡਾ. ਨਿਰਮਲ ਸਿੰਘ ਰਾਏ ਅਤੇ ਸਹਿਯੋਗੀਆਂ ਦੁਆਰਾ ਫੰਡ ਇਕੱਤਰਤਾ ਸਮਾਗਮ ਕੀਤਾ ਗਿਆ। ਜਿਸ ਵਿੱਚ ਇਲਾਕੇ ਭਰ ਤੋਂ ਸਮੂਹ ਭਾਰਤੀ ਭਾਈਚਾਰੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਤੋਂ ਇਲਾਵਾ ਅਮੈਰੀਕਨ ਭਾਈਚਾਰੇ ਨੇ ਵੀ ਹਿੱਸਾ ਪਾਇਆ। ਜਿਸ ਦੌਰਾਨ ਵੱਖ-ਵੱਖ ਬੁਲਾਰਿਆ ਨੇ ਡਾ. ਗਰੇਵਾਲ ਦੀਆਂ ਪੰਜਾਬੀ ਅਤੇ ਭਾਰਤੀ ਭਾਈਚਾਰੇ ਲਈ ਕੀਤੇ ਕੰਮਾਂ ਦਾ ਜ਼ਿਕਰ ਕੀਤਾ। ਇਸ ਸਮੇਂ ਡਾ. ਗਰੇਵਾਲ ਨੇ ਸਮੁੱਚੇ ਭਾਈਚਾਰੇ ਤੋਂ ਸਹਿਯੋਗ ਦੀ ਮੰਗ ਕੀਤੀ ਅਤੇ ਰਲਕੇ ਚਲਣ ਦੀ ਵਚਨਬੱਧਤਾ ਪ੍ਰਗਟਾਈ।

ਜਦ ਕਿ ਬਾਕੀ ਬੁਲਰਿਆ ਵਿੱਚ ਡਾ. ਨਿਰਮਲ ਸਿੰਘ ਰਾਏ ਨੇ ਉਨ੍ਹਾਂ ਦੀ ਚੰਗੀ ਸਖਸੀਅਤ ਦਾ ਜ਼ਿਕਰ ਕੀਤਾ, ਡਾ. ਮੀਤਇੰਦਰ ਕੌਰ ਰਾਏ ਨੇ ਸਮੂੰਹ ਔਰਤਾਂ ਤੋਂ ਸਹਿਯੋਗ ਦੀ ਮੰਗ ਕੀਤੀ। ਜਦ ਕਿ ਮਨੀਕ ਕੌਰ ਸੇਖੋ ਨੇ ਨੌਜ਼ਵਾਨ ਵਰਗ ਨੂੰ ਨਾਲ ਚੱਲਣ ਲਈ ਪ੍ਰੇਰਿਆ। ਸ. ਜਗਤਾਰ ਸਿੰਘ ਸੇਖੇ ਨੇ ਆਰਥਿਕ ਸਹਾਇਤਾ ਦੀ ਮੰਗ ਕੀਤੀ। ਸ. ਅਜੀਤ ਸਿੰਘ ਸੰਧੂ ਨੇ ਚੋਣ ਇਤਿਹਾਸ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ 100 ਸਾਲ ਬਾਅਦ ਸਾਨੂੰ ਮੌਕਾ ਮਿਲ ਰਿਹਾ ਹੈ, ਇਸ ਲਈ ਆਪਾ ਰਲ ਕੇ ਡਾ. ਗਰੇਵਾਲ ਦੀ ਜਿੱਤ ਵਿੱਚ ਹਿੱਸਾ ਪਾਉਣਾ ਹੈ। ਸ. ਪਰਮਿੰਦਰ ਸਿੰਘ ਗਰੇਵਾਲ ਨੇ ਸਮੁੱਚੇ ਭਾਈਚਾਰੇ ਨੂੰ ਡਾ. ਸਾਹਿਬ ਦੀ ਜਿੱਤ ਲਈ ਰਲ ਕੇ ਹੰਭਲਾ ਮਾਰਨ ਲਈ ਕਿਹਾ ਅਤੇ ਹੋਰ ਬਹੁਤ ਸਾਰੇ ਬੁਲਾਰਿਆ ਨੇ ਹਿੱਸਾਂ ਪਾਇਆ। ਸਮੁੱਚੇ ਸਮਾਗਮ ਦਾ ਅੰਤ ਪਾਰਟੀ ਨੂੰ ਸਹਿਯੋਗ ਦੇਣ ਦਾ ਵਾਅਦਾ ਕਰਦੇ ਹੋਏ ਸ਼ਾਨਦਾਰ ਡਿਨਰ ਨਾਲ ਹੋਇਆ।

# ਸ਼ਮਸ਼ਾਨ ਘਾਟ ਜਾ ਕੇ ਖੁਦ ਦੀ ਬਣਾਈ ਚਿਤਾ ਤੇ ਜਿਊਂਦੇ ਨੇ ਲਾ ਲਈ ਅੱਗ

**ਜਲੰਧਰ-** ਪੰਜਾਬ ’ਚ ਜਲੰਧਰ ਦੇ ਜੱਲੋਵਾਲ ਇਲਾਕੇ ’ਚ ਬੀਮਾਰੀ ਤੋਂ ਪਰੇਸ਼ਾਨ ਇਕ ਬਜ਼ੁਰਗ ਨੇ ਅੱਜ ਸ਼ਮਸ਼ਾਨ ਘਾਟ ’ਤੇ ਖੁਦ ਆਪਣੀ ਚਿਤਾ ਸਾੜੀ ਅਤੇ ਉਸ ’ਚ ਕੁੱਦ ਕੇ ਆਤਮ-ਹੱਤਿਆ ਕਰ ਲਈ। ਮਿਲੀ ਜਾਣਕਾਰੀ ਅਨੁਸਾਰ ਸਥਾਨਕ ਜੱਲੋਵਾਲ ਖੇਤਰ ਦੇ ਇਕ ਬਜ਼ੁਰਗ ਕੁੰਦਨ ਲਾਲ ਬੀਮਾਰੀ ਤੋਂ ਪਰੇਸ਼ਾਨ ਸੀ। ਉਹ ਅੱਜ ਸਵੇਰੇ ਸ਼ਮਸ਼ਾਨ ਘਾਟ ਗਿਆ



ਅਤੇ ਉੱਤੇ ਉਸ ਨੇ ਲਕੜਕੀਆਂ ਇਕੱਠੀਆਂ ਕਰਕੇ ਚਿਤਾ ਸਾੜੀ ਅਤੇ ਉਸ ’ਚ ਅੱਗ ਲਗਾ ਕੇ ਖੁਦਕੁਸ਼ੀ ਕਰ ਲਈ। ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ। ਸ਼ਮਸ਼ਾਨ ਘਾਟ ਦੇ ਸੇਵਾਦਾਰ ਨੇ ਉਸ ਦੇ ਘਰ ਵਾਲਿਆਂ ਅਤੇ ਪੁਲਸ ਨੂੰ ਸੂਚਨਾ ਦਿੱਤੀ। ਪੁਲਸ ਨੇ ਮ੍ਰਿਤਕ ਦੇ ਘਰ ਤੋਂ ਇਕ ਸੁਸਾਈਡ ਨੋਟ ਵੀ ਮਿਲਿਆ ਹੈ ਅਤੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਹੁਣ ਵਿਦਿਆਰਥੀ ਵੀ ਬਣਨਗੇ ਊਰਜਾ ਬਚਾਉਣ ਅਤੇ ਨਵਿਆਉਣਯੋਗ ਊਰਜਾ ਦੇ ਪ੍ਰਚਾਰ ਦਾ ਮਾਧਿਅਮ

## ਮਜੀਠੀਆ ਅਤੇ ਚੀਮਾ ਵਲੋਂ ਨਿਵੇਕਲੀ ਪੰਜਾਬ ਰਾਜ ਊਰਜਾ ਸੰਭਾਲ ਅਤੇ ਕੁਸ਼ਲਤਾ ਮੁਹਿੰਮ ਦੀ ਸ਼ੁਰੂਆਤ

ਜਲੰਧਰ/ ਫਗਵਾੜਾ, 12 ਮਈ (ਬੀ. ਕੇ. ਰੱਤੂ) ਪੰਜਾਬ ਨੇ ਅੱਜ ਨੌਜਵਾਨ ਪੀੜ੍ਹੀ ਨੂੰ ਬਿਹਤਰ ਜੀਵਨ ਲਈ ਊਰਜਾ ਦੀ ਸੰਭਾਲ ਅਤੇ ਨਵਿਆਉਣ ਯੋਗ ਊਰਜਾ ਦੀ ਅਹਿਮੀਅਤ ਬਾਰੇ ਜਾਗਰੂਕ ਕਰਨ ਦੀ ਦਿਸ਼ਾ ਵਿਚ ਇਕ ਵੱਡੀ ਪੁਲਾਂਘ ਪੁੱਟਦਿਆਂ ਰਾਜ ਪੱਧਰੀ ਊਰਜਾ ਸੰਭਾਲ ਅਤੇ ਕੁਸ਼ਲਤਾ ਮੁਹਿੰਮ ਨੂੰ ਸ਼ੁਰੂ ਕਰਕੇ ਦੇਸ਼ ਅੰਦਰ ਅਜਿਹਾ ਉਪਰਾਲਾ ਕਰਨ ਵਾਲਾ ਪਹਿਲਾ ਸੂਬਾ ਹੋਣ ਦਾ ਮਾਣ ਹਾਸਿਲ ਕਰ ਲਿਆ ਹੈ। ਅਗਲੇ 5 ਸਾਲਾਂ ਦੌਰਾਨ ਘਰੇਲੂ ਖੇਤਰ ਵਿਚ ਬਿਜਲੀ ਦੀ ਖਪਤ ਵਿਚ 20 ਫੀਸਦੀ ਦੀ ਬੱਚਤ ਦੇ ਆਸ਼ੇ ਨਾਲ ਕੀਤੀ ਗਈ ਇਸ ਪਹਿਲ ਕਦਮੀ ਦਾ ਇਕ ਨਿਰਾਲਾ ਪੱਖ ਇਹ ਵੀ ਹੈ ਕਿ ਇਸ ਮਕਸਦ ਲਈ 40 ਲੱਖ ਸਕੂਲੀ ਵਿਦਿਆਰਥੀਆਂ ਨੂੰ ਅਗਲੇ 3 ਸਾਲਾਂ ਦੌਰਾਨ ਪੜਾਅ ਵਾਰ ਇਸ ਮੁਹਿੰਮ ਵਿਚ ਸ਼ਾਮਿਲ ਕਰਕੇ ਉਨ੍ਹਾਂ ਨੂੰ ਊਰਜਾ ਦੀ ਬੱਚਤ ਅਤੇ ਨਵਿਆਉਣਯੋਗ ਊਰਜਾ ਦੇ ਪ੍ਰੋਤਸਾਹਨ ਦੇ ਪ੍ਰਤੀਕ ਵਜੋਂ ਉਭਾਰਿਆ ਜਾਵੇਗਾ।





ਅੱਜ ਇਥੋਂ ਥੋੜ੍ਹੀ ਦੂਰ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਮੁੱਖ ਆਡੀਟੋਰੀਅਮ ਵਿਖੇ ਪੰਜਾਬ ਦੇ ਨਵੀਂ ਅਤੇ ਨਵਵਿਆਉਣ ਯੋਗ ਊਰਜਾ ਮੰਤਰੀ ਸ੍ਰ.ਬਿਕਰਮ ਸਿੰਘ ਮਜੀਠੀਆ ਅਤੇ ਸਿੱਖਿਆ ਮੰਤਰੀ ਡਾ.ਦਲਜੀਤ ਸਿੰਘ ਚੀਮਾ ਵਲੋਂ ਇਕ ਪ੍ਰਭਾਵਸਾਲੀ ਸਮਾਗਮ ਦੌਰਾਨ ਸਾਂਝੇ ਤੌਰ 'ਤੇ ਪੰਜਾਬ ਰਾਜ ਊਰਜਾ ਸੰਭਾਲ ਅਤੇ ਕੁਸ਼ਲਤਾ ਮੁਹਿੰਮ ਦਾ ਆਗਾਜ਼ ਕੀਤਾ ਗਿਆ ਜਿਸ ਉਪਰੰਤ ਜਲੰਧਰ ਅਤੇ ਕਪੂਰਥਲਾ ਜਿਲ੍ਹਿਆਂ ਨਾਲ ਸਬੰਧਿਤ 1200 ਤੋਂ ਵੱਧ ਸਕੂਲੀ ਪ੍ਰਿੰਸੀਪਲਾਂ ਅਤੇ ਸਾਇੰਸ ਅਧਿਆਪਕਾਂ/ਇਕੋ ਕਲੱਬ ਕੋਆਰਡੀਨੇਟਰਾਂ ਲਈ ਇਕ ਵਿਸ਼ੇਸ਼ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਆਪਣੇ ਸੰਬੋਧਨ ਵਿਚ ਸ੍ਰ.ਮਜੀਠੀਆ ਨੇ ਕਿਹਾ ਕਿ ਥਰਮਲ ਅਤੇ ਹਾਈਡਰੋ ਪਲਾਂਟਾਂ ਰਾਹੀਂ ਬਿਜਲੀ ਪੈਦਾ ਕਰਨ 'ਤੇ ਲੋੜ ਤੋਂ ਵੱਧ ਨਿਰਭਰਤਾ ਦਾ ਨਤੀਜਾ ਅੱਜ ਸਾਡੇ ਲਈ ਗਲੋਬਲ ਵਾਰਮਿੰਗ, ਵਾਤਾਵਰਣ ਵਿਚ ਅਣ-ਕਿਆਸੀਆਂ ਤਬਦੀਲੀਆਂ ਅਤੇ ਵੱਖ-ਵੱਖ ਕੁਦਰਤੀ ਸਰੋਤਾਂ ਵਿਚ ਨਿਘਾਰ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ ਜੋ ਅਗੇ ਸਾਡੇ ਲਈ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਕਾਰਨ ਵੀ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੀਆਂ ਚੁਣੌਤੀਆਂ ਦੇ ਨਤੀਜੇ ਵਜੋਂ ਹੀ ਅਸੀਂ ਹਸਪਤਾਲਾਂ, ਕੁਦਰਤੀ ਆਫ਼ਤਾਂ ਨੂੰ ਰੋਕਣ ਅਤੇ ਪ੍ਰਬੰਧਨ ਦੇ ਨਾਲ ਨਾਲ ਪੁਨਰ ਵਸੇਬੇ ਆਦਿ ਲਈ ਲੋੜੀਂਦਾ ਬੁਨਿਆਦੀ ਢਾਂਚਾ ਖੜ੍ਹਾ ਕਰਨ ਲਈ ਵੱਡਾ ਖਰਚਾ ਕਰਨ ਲਈ ਮਜਬੂਰ ਹੋ ਰਹੇ ਹਾਂ। ਉਨ੍ਹਾਂ ਕਿਹਾ ਕਿ ਇਸ ਚਿੰਤਾਜਨਕ ਸਥਿਤੀ ਦੇ ਮੱਦੇ ਨਜ਼ਰ ਸਾਡੇ ਲਈ ਇਹ ਲਾਜ਼ਮੀ ਹੋ ਜਾਂਦਾ ਹੈ ਕਿ ਅਸੀਂ ਬਿਜਲੀ ਤਾਂ ਪੈਦਾ ਕਰੀਏ ਪਰ ਸਾਡੇ ਕੁਦਰਤੀ ਇੰਧਣ ਭਾਵ ਕੋਲੇ ਆਦਿ ਦੀ ਬੇਤਹਾਸ਼ਾ ਵਰਤੋਂ ਕਰਨ ਤੋਂ ਗੁਰੇਜ਼ ਕਰਦੇ ਹੋਏ ਇਕ ਪਾਸੇ ਸਾਡੇ ਰੋਜ਼ਮਰਾ ਦੀ ਜਿੰਦਗੀ ਵਿਚ ਬਿਜਲੀ ਦੀ ਬੱਚਤ ਕਰੀਏ ਅਤੇ ਦੂਸਰੇ ਪਾਸੇ ਸੂਰਜੀ ਕਿਰਨਾਂ, ਹਵਾ, ਖੇਤੀ ਰਹਿੰਦ-ਖੂੰਹਦ ਅਤੇ ਛੋਟੇ ਪੱਧਰ ਦੇ ਹਾਈਡਰੋ ਪ੍ਰੋਜੈਕਟਾਂ ਜਿਹੇ ਨਵਿਆਉਣਯੋਗ ਊਰਜਾ ਸਰੋਤਾਂ ਤੋਂ ਵੱਧ ਤੋਂ ਵੱਧ ਬਿਜਲੀ ਪੈਦਾ ਕਰਨ ਨੂੰ ਤਰਜੀਹ ਦੇਈਏ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਲੋਂ ਇਸ ਮੁਹਿੰਮ ਨੂੰ ਸ਼ੁਰੂ ਕਰਨ ਦਾ ਮੰਤਵ ਸਾਡੇ ਸਕੂਲੀ ਵਿਦਿਆਰਥੀਆਂ,ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੂੰ ਊਰਜਾ ਦੀ ਬੱਚਤ ਅਤੇ ਕੁਸ਼ਲਤਾ ਲਈ ਆਡੀਟਰਾਂ ਵਜੋਂ ਤਿਆਰ ਕਰੀਏ। ਉਨ੍ਹਾਂ ਕਿਹਾ ਕਿ ਸਾਡਾ ਟੀਚਾ ਅਗਲੇ ਤਿੰਨ ਸਾਲਾਂ ਦੌਰਾਨ ਸਮੂਹ ਸਰਕਾਰੀ ਅਤੇ ਨਿੱਜੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਪੜ੍ਹਦੇ 40 ਲੱਖ ਵਿਦਿਆਰਥੀਆਂ ਨੂੰ ਇਸ ਮੁਹਿੰਮ ਵਿਚ ਸ਼ਾਮਿਲ ਕਰਨਾ ਹੈ। ਇਸ ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਬਿਜਲੀ ਦੇ ਬਿੱਲ ਨੂੰ ਸਮਝਣ,ਸਕੂਲ ਅਤੇ ਘਰ ਦਾ ਆਪਣੇ ਹੀ ਪੱਧਰ 'ਤੇ ਬਿਜਲੀ ਦੀ ਖਪਤ ਦਾ ਆਡਿਟ ਕਰਨ ਅਤੇ ਬਿਜਲੀ ਦੀ ਸੰਭਾਲ ਅਤੇ ਕੁਸ਼ਲਤਾ ਦਾ ਸੰਦੇਸ਼ ਆਪਣੇ ਮਾਪਿਆਂ,ਰਿਸਤੇਦਾਰਾਂ ਅਤੇ ਦੋਸਤਾਂ ਤੱਕ ਪਹੁੰਚਾਉਣ ਲਈ ਸਿੱਖਿਅਤ ਕੀਤਾ ਜਾਵੇਗਾ। ਉਨ੍ਹਾਂ ਇਸ ਮੌਕੇ ਸਿੱਖਿਆ ਮੰਤਰੀ ਨੂੰ ਸੁਝਾਅ ਦਿੱਤਾ ਕਿ ਊਰਜਾ ਦੀ ਸੰਭਾਲ ਅਤੇ ਕੁਸ਼ਲਤਾ ਦੇ ਅਹਿਮ ਵਿਸ਼ੇ ਨੂੰ ਵਿਦਿਆਰਥੀਆਂ ਦੇ ਸਿਲੇਬਸ ਵਿਚ ਪ੍ਰਮੁੱਖਤਾ ਦੇਣ ਬਾਰੇ ਵੀ ਵਿਚਾਰ ਕੀਤਾ ਜਾਵੇ।

ਸ੍ਰ. ਮਜੀਠੀਆ ਨੇ ਦੱਸਿਆ ਕਿ ਜਿਸ ਤਰ੍ਹਾਂ ਪੰਜਾਬ ਨੇ 20 ਫੀਸਦੀ ਬਿਜਲੀ ਬਚਾਉਣ ਦਾ ਟੀਚਾ ਰੱਖਿਆ ਹੈ ਉਸ ਤਹਿਤ ਅਸੀਂ ਅਗਲੇ 5 ਸਾਲਾਂ ਦੌਰਾਨ ਆਪਣੀ ਬਿਜਲੀ ਪੈਦਾ ਕਰਨ ਦੀ ਸਮਰੱਥਾ ਵਿਚ 1900 ਮੈਗਾਵਾਟ ਤੱਕ ਘੱਟ ਥਰਮਲ ਸਮਰੱਥਾ ਵਧਾਉਣ ਬਾਰੇ ਸੋਚ ਸਕਦੇ ਹਾਂ। ਇਸ ਮਕਸਦ ਲਈ ਬੁਨਿਆਦੀ ਢਾਂਚੇ 'ਤੇ ਹੋਣ ਵਾਲਾ 12500 ਕਰੋੜ ਰੁਪਏ ਦਾ ਖਰਚਾ ਬਚਾਇਆ ਜਾ ਸਕਦਾ ਹੈ,ਸਿਰਫ ਘਰੇਲੂ ਖੇਤਰ ਵਿਚ ਹੀ ਅਸੀਂ 530 ਮੈਗਾਵਾਟ ਤੱਕ ਥਰਮਲ ਸਮਰੱਥਾ ਵਧਾਉਣ ਤੋਂ ਬੱਚ ਸਕਦੇ ਹਾਂ ਜਿਸ ਨਾਲ 3500 ਕਰੋੜ ਰੁਪਏ ਦਾ ਖਰਚਾ ਬੱਚ ਸਕਦਾ ਹੈ।

ਉਨ੍ਹਾਂ ਕਿਹਾ ਕਿ ਜੇਕਰ ਅਸੀਂ 1800 ਮੈਗਾਵਾਟ ਥਰਮਲ ਪਲਾਂਟਾ ਜ਼ਰੀਏ ਪੈਦਾ ਹੁੰਦੀ ਬਿਜਲੀ ਨੂੰ ਸੂਰਜੀ ਊਰਜਾ ਤੋਂ ਬਿਜਲੀ ਪੈਦਾ ਕਰਨ ਨਾਲ ਬਦਲੀਏ ਤਾਂ ਸਾਨੂੰ 12600 ਕਰੋੜ ਰੁਪਏ ਦੀ ਲੋੜ ਪਵੇਗੀ। ਉਨ੍ਹਾਂ ਕਿਹਾ ਕਿ ਇਸ ਟੀਚੇ ਦੀ ਪ੍ਰਾਪਤੀ ਨਾਲ ਅਸੀਂ ਸਲਾਨਾ 2000 ਕਰੋੜ ਰੁਪਏ ਦੀ ਸਿੱਧੀ ਬੱਚਤ ਕਰ ਸਕਦੇ ਹਾਂ।

ਸ੍ਰ. ਮਜੀਠੀਆ ਨੇ ਅਗੇ ਐਲਾਨ ਕੀਤਾ ਕਿ ਹਰ ਜ਼ਿਲ੍ਹੇ ਅੰਦਰ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ 5 ਸਕੂਲਾਂ ਨੂੰ ਕ੍ਰਮਵਾਰ 15000, 12000, 10000, 8000 ਅਤੇ 5000 ਰੁਪਏ ਦੇ ਨਗਦ ਐਵਾਰਡ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਰਾਜ ਦੇ ਸਮੂਹ 22 ਜਿਲ੍ਹਿਆਂ ਅੰਦਰ ਕੁਲ 11 ਲੱਖ ਰੁਪਏ ਦੇ ਨਗਦ ਇਨਾਮ ਹਰ ਸਾਲ ਦਿੱਤੇ ਜਾਣਗੇ।

ਬਾਅਦ ਵਿਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਪੰਜਾਬ ਦੀਆਂ ਨਵਿਆਉਣਯੋਗ ਊਰਜਾ ਮੁਹਾਜ਼ ਤੇ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਸ੍ਰ.ਮਜੀਠੀਆ ਨੇ ਕਿਹਾ ਕਿ ਫਰਵਰੀ 2012 ਦੌਰਾਨ ਰਾਜ ਦੀ ਸੂਰਜੀ ਕਿਰਨਾਂ ਤੋਂ ਬਿਜਲੀ ਪੈਦਾ ਕਰਨ ਦੀ ਸਮਰੱਥਾ ਸਿਰਫ 9 ਮੈਗਾਵਾਟ ਸੀ ਜੋ ਹੁਣ 1500 ਕਰੋੜ ਰੁਪਏ ਦੇ ਨਿਵੇਸ਼ ਨਾਲ 225 ਮੈਗਾਵਾਟ ਤੱਕ ਪਹੁੰਚ ਗਈ ਹੈ। ਉਨ੍ਹਾਂ ਦੱਸਿਆ ਕਿ 184 ਮੈਗਾਵਾਟ ਸਮਰੱਥਾ ਦੇ 24 ਪ੍ਰੋਜੈਕਟ ਸੁਰੂ ਹੋ ਗਏ ਹਨ ਅਤੇ 38 ਮੈਗਾਵਾਟ ਸਮੱਰਥਾ ਦੇ 4 ਹੋਰ ਪ੍ਰੋਜੈਕਟ ਛੇਤੀ ਹੀ ਸ਼ੁਰੂ ਹੋ ਜਾਣਗੇ। ਇਸ ਤੋਂ ਇਲਾਵਾ 229 ਮੈਗਾਵਾਟ ਸਮਰੱਥਾ ਦੇ 24 ਨਵੇਂ ਪ੍ਰੋਜੈਕਟ ਅਤੇ ਘਰਾਂ ਦੀਆਂ ਛੱਤਾਂ ਤੋਂ ਬਿਜਲੀ ਪੈਦਾ ਕਰਨ ਦੇ 65 ਮੈਗਾਵਾਟ ਦੇ ਪ੍ਰੋਜੈਕਟ ਜਿਨ੍ਹਾਂ 'ਤੇ ਅੰਦਾਜ਼ਨ 2100 ਕਰੋੜ ਰੁਪਏ ਦਾ ਨਿਵੇਸ਼ ਹੋਵੇਗਾ ਦਾ ਨਿਰਮਾਣ ਵੀ ਛੇਤੀ ਹੀ ਸ਼ੁਰੂ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਵਲੋਂ ਕਿਸਾਨਾਂ ਲਈ ਇਕ ਵਿਸੇਸ਼ ਸੋਲਰ ਬਿਜਲੀ ਉਤਪਾਦਨ ਯੋਜਨਾ ਸੁਰੂ ਕੀਤੀ ਗਈ ਹੈ ਜਿਸ ਤਹਿਤ 500 ਮੈਗਾਵਾਟ ਦਾ ਟੀਚਾ ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਦੇਸ਼ ਦਾ ਸਭ ਤੋਂ ਵੱਡਾ ਛੱਤਾਂ ਤੋਂ ਬਿਜਲੀ ਪੈਦਾ ਕਰਨ ਦਾ ਪ੍ਰੋਜੈਕਟ ਡੇਰਾ ਬਿਆਸ ਵਿਖੇ 7.5 ਮੈਗਾਵਾਟ ਸਮਰੱਥਾ ਨਾਲ ਚੱਲ ਰਿਹਾ ਹੈ ਅਤੇ ਇਸ ਦੀ ਸਮੱਰਥਾ ਨੂੰ ਵਧਾ ਕੇ 31.5 ਮੈਗਾਵਾਟ ਕੀਤਾ ਜਾ ਰਿਹਾ ਹੈ ਜਿਸ ਨਾਲ ਇਹ ਦੁਨੀਆਂ ਦਾ ਸਭ ਤੋਂ ਵੱਡਾ ਅਜਿਹਾ ਪ੍ਰੋਜੈਕਟ ਬਣ ਜਾਵੇਗਾ। ਉਨ੍ਹਾਂ ਦੱਸਿਆ ਕਿ ਪੇਡਾ ਨੇ ਹਾਲ ਹੀ ਵਿਚ ਛੱਤਾਂ ਤੋਂ ਬਿਜਲੀ ਪੈਦਾ ਕਰਨ ਸਬੰਧੀ 65 ਮੈਗਾਵਾਟ ਦੇ ਟੈਂਡਰ ਸਫਲਤਾ ਪੂਰਵਕ ਅਲਾਟ ਕੀਤੇ ਹਨ,ਇਸੇ ਤਰ੍ਹਾਂ ਰਾਜ ਦੀ ਨਵੀਂ ਨੈਟ ਮੀਟਰਿੰਗ ਯੋਜਨਾ ਤਹਿਤ 1100 ਅਰਜ਼ੀਆਂ ਪਹਿਲੇ 3 ਮਹੀਨਿਆਂ ਵਿਚ ਹੀ ਪ੍ਰਾਪਤ ਹੋ ਗਈਆਂ ਹਨ।

ਸਮਾਗਮ ਨੂੰ ਸੰਬੋਧਨ ਕਰਦਿਆਂ ਸਿੱਖਿਆ ਮੰਤਰੀ ਡਾ.ਦਲਜੀਤ ਸਿੰਘ ਚੀਮਾ ਨੇ ਪੇਡਾ ਅਤੇ ਬਿਊਰੋ ਆਫ ਐਨਰਜੀ ਐਫੀਸੈਂਸੀ ਦੇ ਇਸ ਨਿਵੇਕਲੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਭਰੋਸਾ ਦੁਆਇਆ ਕਿ ਰਾਜ ਦਾ ਸਿੱਖਿਆ ਵਿਭਾਗ ਇਸ ਮੁਹਿੰਮ ਨੂੰ ਪੂਰੀ ਤਰ੍ਹਾਂ ਸਫਲ ਬਣਾਉਣ ਲਈ ਵੱਚਨਬੱਧ ਹੈ। ਉਨ੍ਹਾਂ ਕਿਹਾ ਕਿ ਬੱਚੇ ਕਿਸੇ ਵੀ ਤਬਦੀਲੀ ਲਈ ਅਹਿਮ ਭੂਮਿਕਾ ਨਿਭਾ ਸਕਦੇ ਹਨ ਅਤੇ ਉਨ੍ਹਾਂ ਵਲੋਂ ਬਿਜਲੀ ਦੀ ਬੱਚਤ ਵਾਲੀ ਜੀਵਨ ਸ਼ੈਲੀ ਅਪਣਾਉਣ ਨਾਲ ਰਾਸ਼ਟਰ ਨੂੰ ਵੱਡਾ ਫਾਇਦਾ ਮਿਲ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਉਤਸ਼ਾਹੀ ਮੁਹਿੰਮ ਵਿਚ ਰਾਜ ਦੇ ਸਮੂਹ 4361 ਸਰਕਾਰੀ,ਗੈਰ ਸਰਕਾਰੀ ਤੇ ਨਿੱਜੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲਾਂ ,ਸਾਇੰਸ ਅਧਿਆਪਕਾਂ ਅਤੇ ਈਕੋ ਕਲੱਬ ਕੋਆਰਡੀਨੇਟਰਾਂ ਨੂੰ ਸ਼ਾਮਿਲ ਕੀਤਾ ਜਾਵੇਗਾ।

# ਕਰਾਚੀ ਵਿੱਚ ਬੱਸ 'ਤੇ ਦਹਿਸ਼ਤੀ ਹਮਲਾ; 45 ਹਲਾਕ

ਕਰਾਚੀ- ਪੁਲੀਸ ਵਰਦੀ 'ਚ ਆਏ ਹਥਿਆਰਬੰਦ ਦਹਿਸ਼ਤਗਰਦਾਂ ਨੇ ਬੱਸ 'ਤੇ ਹਮਲਾ ਕਰਕੇ ਉਸ 'ਚ ਸਵਾਰ 45 ਸ਼ੀਆ ਇਸਮਾਇਲੀ ਮੁਸਲਮਾਨਾਂ ਦੇ ਸਿਰ 'ਚ ਗੋਲੀਆਂ ਮਾਰ ਕੇ ਉਨ੍ਹਾਂ ਦੀ ਜਾਨ ਲੈ ਲਈ। ਹਮਲੇ 'ਚ 16 ਮਹਿਲਾਵਾਂ ਵੀ ਮਾਰੀਆਂ ਗਈਆਂ ਹਨ। ਦਹਿਸ਼ਤਗਰਦ ਜਾਂਦੇ ਹੋਏ ਉਥੇ ਇਸਲਾਮਿਕ ਸਟੇਟ ਦਾ ਪਰਚਾ ਵੀ ਸੁੱਟ ਗਏ ਜਿਸ 'ਚ ਹਮਲੇ ਦੀ ਜ਼ਿੰਮੇਵਾਰੀ ਕਬੂਲੀ ਗਈ ਹੈ। ਬੱਸ 'ਚ 60 ਮੁਸਾਫ਼ਰ ਸਵਾਰ ਸਨ।

ਪੁਲੀਸ ਅਧਿਕਾਰੀਆਂ ਅਨੁਸਾਰ ਛੇ ਤੋਂ ਅੱਠ ਦਹਿਸ਼ਤਗਰਦ ਮੋਟਰ ਸਾਈਕਲਾਂ 'ਤੇ ਆਏ ਅਤੇ ਉਨ੍ਹਾਂ ਡੋਅ ਮੈਡੀਕਲ ਕਾਲਜ ਨੇੜੇ ਅੰਨ੍ਹੇਵਾਹ ਗੋਲੀਬਾਰੀ ਕਰਕੇ ਬੱਸ ਨੂੰ ਰੁਕਣ ਲਈ ਮਜਬੂਰ ਕਰ ਦਿੱਤਾ। ਬੱਸ ਜਦੋਂ ਗੁਲਿਸਤਾਨ-ਏ-ਜੋਹਰ ਇਲਾਕੇ ਦੇ ਸਫੂਰਾ ਚੋਰੰਗੀ 'ਚ ਰੁਕੀ ਤਾਂ ਦਹਿਸ਼ਤਗਰਦ ਪਿਸਤੌਲਾਂ ਅਤੇ ਕਲਾਸ਼ਨੀਕੋਵ ਨਾਲ ਬੱਸ 'ਚ ਦਾਖ਼ਲ ਹੋ ਗਏ ਅਤੇ ਫਿਰ ਉਨ੍ਹਾਂ ਮੁਸਾਫਰਾਂ ਦੇ ਸਿਰਾਂ 'ਚ ਗੋਲੀਆਂ ਦਾਗ਼ੀਆਂ ਅਤੇ ਥਾਂ 'ਤੇ ਹੀ ਢੇਰ ਕਰ ਦਿੱਤਾ। ਹਮਲੇ 'ਚ 20 ਵਿਅਕਤੀ ਜ਼ਖ਼ਮੀ ਹੋਏ ਹਨ। ਸਿੰਧ ਪੁਲੀਸ ਦੇ ਆਈਜੀ ਗ਼ੁਲਾਮ ਹੈਦਰ ਜਮਾਲੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਹਮਲਾ ਗਿਣੀ ਮਿੱਥੀ ਯੋਜਨਾ ਤਹਿਤ ਕੀਤਾ ਗਿਆ ਹੈ। ਮ੍ਰਿਤਕਾਂ ਦੀ ਗਿਣਤੀ ਵੱਧਣ ਦਾ ਖ਼ਦਸ਼ਾ ਹੈ ਕਿਉਂਕਿ ਕੁਝ ਵਿਅਕਤੀ ਗੰਭੀਰ ਤੌਰ 'ਤੇ ਜ਼ਖ਼ਮੀ ਹੋਏ ਹਨ। ਪੁਲੀਸ ਅਧਿਕਾਰੀ ਮੁਤਾਬਕ ਹਮਲੇ ਵਾਲੀ ਥਾਂ ਤੋਂ ਇਸਲਾਮਿਕ ਸਟੇਟ ਦਾ ਖ਼ੂਨ ਨਾਲ ਲਿਬੜਿਆ ਪਰਚਾ ਵੀ ਮਿਲਿਆ ਹੈ। ਬਲੋਚਿਸਤਾਨ ਆਧਾਰਿਤ ਦਹਿਸ਼ਤੀ ਗੁੱਟ 'ਜੁਨਦੁੱਲ੍ਹਾ' ਨੇ ਹਮਲੇ ਦੀ ਜ਼ਿੰਮੇਵਾਰੀ ਕਬੂਲੀ ਹੈ। ਇਹ ਗੁੱਟ ਪਾਕਿਸਤਾਨੀ ਤਾਲਿਬਾਨ ਤੋਂ ਵੱਖ ਹੋ ਚੁੱਕਾ ਹੈ ਅਤੇ ਹੁਣ ਉਸ ਨੇ ਇਸਲਾਮਿਕ ਸਟੇਟ ਨਾਲ ਸਾਂਝ ਪਾਈ ਹੋਈ ਹੈ। ਰਿਪੋਰਟਾਂ ਮੁਤਾਬਕ 'ਜੁਨਦੁੱਲ੍ਹਾ' ਦੇ ਤਰਜਮਾਨ ਅਹਿਮਦ ਮਰੱਵਤ ਨੇ ਕਿਹਾ ਹੈ ਕਿ ਮਾਰੇ ਗਏ ਲੋਕ ਇਸਮਾਇਲੀ ਸਨ ਅਤੇ ਉਹ ਉਨ੍ਹਾਂ ਨੂੰ ਕਾਫ਼ਿਰ (ਗ਼ੈਰ ਮੁਸਲਮਾਨ) ਸਮਝਦੇ ਹਨ। ਉਸ ਨੇ ਚਿਤਾਵਨੀ ਦਿੱਤੀ ਹੈ ਕਿ ਆਉਂਦੇ ਦਿਨਾਂ 'ਚ ਇਸਮਾਇਲੀਆਂ, ਸ਼ੀਆ ਅਤੇ ਈਸਾਈਆਂ 'ਤੇ ਹੋਰ ਹਮਲੇ ਕੀਤੇ ਜਾਣਗੇ। ਉਂਜ ਸਰਕਾਰ ਨੇ ਹਮਲੇ ਲਈ ਅਜੇ ਕਿਸੇ ਵੀ ਜਥੇਬੰਦੀ ਦਾ ਨਾਮ ਨਹੀਂ ਲਿਆ ਹੈ। ਬੱਸ ਗੋਲੀਆਂ ਨਾਲ ਵਿੰਨ੍ਹੀ ਹੋਈ ਸੀ ਅਤੇ ਉਸ ਦੇ ਅੰਦਰੋਂ ਖ਼ੂਨ ਬਾਹਰ ਸੜਕ 'ਤੇ ਆ ਰਿਹਾ ਸੀ। ਪੁਲੀਸ ਦੀ ਮੁਢਲੀ ਤਫ਼ਤੀਸ਼ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਦਹਿਸ਼ਤਗਰਦਾਂ ਨੇ ਹਮਲੇ ਲਈ 9ਐਮਐਮ ਦੀਆਂ ਬੰਦੂਕਾਂ ਵਰਤੀਆਂ। ਉਂਜ ਥਾਂ ਤੋਂ ਕਾਲਸ਼ਨੀਕੋਵ ਦੇ ਖੋਲ ਵੀ ਬਰਾਮਦ ਹੋਏ ਹਨ।

ਇਸਮਾਇਲੀ ਭਾਈਚਾਰੇ ਦੇ ਧਾਰਮਿਕ ਆਗੂ ਆਗਾ ਖ਼ਾਨ ਨੇ ਹਮਲੇ 'ਤੇ ਦੁਖ ਜ਼ਾਹਰ ਕਰਦਿਆਂ ਕਿਹਾ ਹੈ ਕਿ ਭਾਈਚਾਰੇ ਵੱਲੋਂ ਸ਼ਾਂਤੀ ਦਾ ਸੁਨੇਹਾ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਖ਼ਿਲਾਫ਼ ਹਿੰਸਾ ਜਾਇਜ਼ ਨਹੀਂ।

ਕੌਣ ਹਨ ਇਸਮਾਇਲੀ ਮੁਸਲਮਾਨ

ਇਸਮਾਇਲੀ ਫ਼ਿਰਕਾ ਦਰਅਸਲ ਇਸਲਾਮ ਦੀ ਸ਼ੀਆ ਸ਼ਾਖਾ ਦਾ ਹੀ ਹਿੱਸਾ ਹੈ। ਇਹ ਸੁੰਨੀਆਂ ਵਾਂਗ ਅੱਲ੍ਹਾ ਨੂੰ ਹੀ ਕੁੱਲ ਆਲਮ ਦਾ ਕਰਤਾ-ਧਰਤਾ ਅਤੇ ਹਜ਼ਰਤ ਮੁਹੰਮਦ ਸਾਹਿਬ ਨੂੰ ਅੱਲ੍ਹਾ ਦਾ ਆਖ਼ਰੀ ਪੈਗੰਬਰ ਮੰਨਦਾ ਹੈ। ਇਸਮ-ਾਇਲੀ ਇਮਾਮਤ ਦੀ ਪਰੰਪਰਾ ਨੂੰ ਮਾਨਤਾ ਦਿੰਦੇ ਹਨ ਅਤੇ ਇਮਾਮ ਨੂੰ ਰੂਹਾਨੀ ਨੇਤਾ ਮੰਨਦੇ ਹਨ। ਇਸ ਸਮੇਂ ਸ਼ਹਿਜ਼ਾਦਾ ਕਰੀਮ ਆਗ਼ਾ ਖਾਨ ਇਸ ਫ਼ਿਰਕੇ ਦੇ ਨੇਤਾ ਹਨ। ਇਸਮਾਇਲੀ ਉਦਾਰਵਾਦੀ ਤੇ ਤਰੱਕੀਪਸੰਦ ਮੰਨੇ ਜਾਂਦੇ ਹਨ ਅਤੇ ਮੱਧ ਪੂਰਬ ਦੇ ਦੇਸ਼ਾਂ ਤੋਂ ਇਲਾਵਾ ਭਾਰਤ, ਪਾਕਿਸਤਾਨ, ਅਫ਼ਗ਼ਾਨਿਸਤਾਨ, ਦੱਖਣੀ ਅਫ਼ਰੀਕਾ, ਅਮਰੀਕਾ ਤੇ ਯੂਰਪ ਦੇ ਕਈ ਦੇਸ਼ਾਂ ਵਿਚ ਵਸੇ ਹੋਏ ਹਨ। ਸੁੰਨੀ ਕੱਟੜਵਾਦੀ ਉਨ੍ਹਾਂ ਨੂੰ ਮੁਸਲਮਾਨ ਹੀ ਨਹੀਂ ਮੰਨਦੇ ਅਤੇ ਉਨ੍ਹਾਂ ਨੂੰ 'ਕਾਫ਼ਿਰ' ਦੱਸਦੇ ਹਨ।

# ਗੁਰਦੁਆਰਾ ਸਾਹਿਬ ਚੱਪੜਚਿੜੀ ਤੋਂ "ਫਤਹਿ ਮਾਰਚ" ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਪੁੱਜਾ

ਸ੍ਰੀ ਫਤਹਿਗੜ੍ਹ ਸਾਹਿਬ - ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਥਾਪੜਾ ਪ੍ਰਾਪਤ ਸਿੱਖ ਕੌਮ ਦੇ ਮਾਣਮੱਤੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਕੀਤੀ ਸਰਹਿੰਦ ਫਤਹਿ ਨੂੰ ਸਮਰਪਿਤ "ਫਤਹਿ ਮਾਰਚ" ਗੁਰਦੁਆਰਾ ਸਾਹਿਬ ਚੱਪੜਚਿੜੀ ਦੇ ਮੈਦਾਨ ਤੋਂ ਅਰੰਭ ਹੋ ਕੇ ਸ਼ਾਮ ਨੂੰ ਗੁਰਦੁਆਰਾ ਸ੍ਰੀ ਫਤ-ਹਗੜ੍ਹ ਸਾਹਿਬ ਪੁੱਜਣ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿਗ ਕਮੇਟੀ ਮੈਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਤੇ ਸੰਗਤਾਂ ਵਲੋਂ ਜੈਕਾਰਿਆਂ ਦੀ ਗੂੰਜ ਵਿਚ ਨਿੱਘਾ ਸਵਾਗਤ ਕੀਤਾ ਗਿਆ। ਥੇਹ ਉਪਰ ਨਿਸ਼ਾਨ ਸਾਹਿਬ ਨੂੰ ਅਰਦਾਸ ਉਪਰੰਤ ਜੈਕਾਰਿਆਂ ਦੀ ਗੂੰਜ ਵਿਚ ਸਲਾਮੀ ਦਿੱਤੀ ਗਈ ਉਪਰੰਤ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਭਾਈ ਹਰਪਾਲ ਸਿੰਘ ਹੈੱਡ ਗ੍ਰੰਥੀ ਨੇ ਫਤਹਿ ਮਾਰਚ ਦੀ ਸਮਾਪਤੀ ਦੀ ਅਰਦਾਸ ਕੀਤੀ। ਇਸ ਮੌਕੇ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ 12 ਮਈ 1710 ਈ: ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਖਾਲਸਾ ਫੌਜਾਂ ਵਲੋਂ ਚੱਪੜ ਚਿੜ੍ਹੀ ਦੇ ਇਤਹਾਸਕ ਮੈਦਾਨ ਵਿਚ ਸੂਬਾ ਸਰਹਿੰਦ ਵਜੀਦ ਖਾਨ ਨੂੰ ਮਾਰ ਮੁਕਾਇਆ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਖਤੇ ਜਿਗਰ ਬਾਬਾ ਜੋਰਾਵਰ ਸਿੰਘ ਬਾਬਾ ਫਤਹਿ ਸਿੰਘ ਤੇ ਸਤਿਕਾਰ ਯੋਗ ਮਾਤਾ ਗੁੱਜਰ ਕੌਰ ਜੀ ਦੀ ਸ਼ਹਾਦਤ ਦਾ ਬਦਲਾ ਲਿਆ। ਇਸ ਤਰਾਂ 14 ਮਈ 1710 ਈ: ਨੂੰ ਸਿੰਘਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਪੂਰਨ ਤੌਰ ਤੇ ਸਰਹਿੰਦ ਫਤਹਿ ਕੀਤੀ ਅਤੇ ਖਾਲਸਾ ਰਾਜ ਦੀ ਕਾਇਮੀ ਦਾ ਮੁੱਢ ਬੰਨਿਆ।



ਉਨ੍ਹਾਂ ਕਿਹਾ ਕਿ ਲੰਮੀ ਗੁਲਾਮੀ ਤੋਂ ਬਾਅਦ ਪਹਿਲੀ ਵਾਰ ਪੰਜਾਬੀਆਂ ਨੂੰ ਇਹ ਅਹਿਸਾਸ ਕਰਵਾਇਆ ਕਿ ਅਜ਼ਾਦ ਕੌਮਾਂ ਦੀ ਹਸਤੀ ਤੇ ਹੋਂਦ ਕੀ ਹੁੰਦੀ ਹੈ।

ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ 700 ਸਾਲ ਪੁਰਾਣਾ ਮੁਗਲ ਰਾਜ ਖਤਮ ਕੀਤਾ, ਕਿਸਾਨਾ ਨੂੰ ਜਮੀਨਾ ਦੇ ਹੱਕ ਦਿਵਾਏ ਅਤੇ ਗੁਰੂ ਨਾਨਕ ਦੇ ਨਾਮ ਦਾ ਸਿੱਕਾ ਚਲਾਇਆ।

# ਵੋਟਰਾਂ ਤੇ ਸਪੋਟਰਾਂ ਦਾ ਧੰਨਵਾਦ ਲਈ ਬਾਬ ਢਿੱਲੋਂ ਨੇ ਪਿਕਨਿਕ ਮਨਾਈ





ਸੈਨਹੋਜੇ ਗੁਰੂ ਘਰ ਦੇ ਜਨਰਲ ਸੱਕਤਰ ਸ੍ਰ: ਭੁਪਿੰਦਰ ਸਿੰਘ ਢਿਲੋਂ (ਬਾਬ ਢਿੱਲੋਂ) ਨੇ ਆਪਣੇ ਵੋਟਰਾਂ ਤੇ ਸਪੋਟਰਾਂ ਦਾ ਧੰਨਵਾਦ ਕਰਨ ਲਈ ਮਈ 9 ਦਿਨ ਸ਼ਨੀਵਾਰ ਨੂੰ, "ਆਲਮ ਰੌਕ" ਪਾਰਕ ਸੈਨਹੋਜੇ ਵਿਖੇ ਪਿਕਨਕ ਮਨਾਈ। ਪਿਕਨਕ ਚ ਆਮ ਵੋਟਰਾਂ ਤੇ ਸਪੋਟਰਾਂ ਦੀ ਭਾਰੀ ਗਿਣਤੀ ਤੋਂ ਇਲਾਵਾ ਪੰਥਕ ਸੰਸਥਾਵਾਂ ਦੇ ਪ੍ਰਮੁੱਖ ਆਗੂਆਂ ਨੇ ਵੀ ਹਾਜ਼ਰੀ ਭਰੀ। ਜਿਨ੍ਹਾਂ ਚ ਸੈਨਹੋਜੇ ਗੁਰੂ ਘਰ, ਅਮੇਰਕਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਲ ਖਾਲਸਾ ਅਲਾਇੰਸ, ਇੰਟਰਨੈਸ਼ਨਲ ਸਿੱਖ ਸਾਹਿਤ ਸਭਾ, ਕੌਂਸਲ ਆਫ ਖਾਲਸਤਾਨ, ਇੰਟਰਨੈਸ਼ਨਲ ਗਦਰ ਮੈਮੋਰੀਅਲ ਗਰੁੱਪ, ਬੇ ਏਰੀਆ ਸਿੱਖ ਅਲਾਇੰਸ, ਵਰਲਡ ਸਿੱਖ ਕੌਂਸਲ, ਦਲ ਖਾਲਸਾ ਆਫ ਅਮਰੀਕਾ, ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ, ਆਦਿ।

**ਪਰਮਜੀਤ ਸਿੰਘ ਸੇਖੋਂ (ਦਾਖਾ) 510-774-5909**
**ਪ੍ਰਧਾਨ, ਦਲ ਖਾਲਸਾ ਅਲਾਇੰਸ**
**ਕੋਆਰਡੀਨੇਟਰ, ਅਮੇਰਕਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ**

# ਡਾ. ਰੱਤੂ ਨੂੰ ਸਦਮਾ, ਮਾਤਾ ਜੀ ਸਵਰਗਵਾਸ

ਚੰਡੀਗੜ੍ਹ- ਪੰਜਾਬੀ ਤੇ ਹਿੰਦੀ ਭਾਸ਼ਾ ਦੇ ਲੇਖਕ ਤੇ ਸ਼੍ਰੋਮਣੀ ਸਾਹਿਤਕਾਰ ਚੰਡੀਗੜ੍ਹ ਦੂਰਦਰਸ਼ਨ ਦੇ ਸਾਬਕਾ ਡਾਇਰੈਕਟਰ ਡਾ. ਕ੍ਰਿਸ਼ਨ ਕੁਮਾਰ ਰੱਤੂ ਨੂੰ ਗਹਿਰਾ ਸਦਮਾ ਲੱਗਾ ਹੈ। ਉਹਨਾਂ ਦੇ ਮਾਤਾ ਜੀ ਸ੍ਰੀਮਤੀ ਉਦਮ ਕੌਰ ਜੀ ਉਹਨਾਂ ਦੇ ਪਿੰਡ ਰਾਮੂਵਾਲ ਜ਼ਿਲ੍ਹਾ ਜਲੰਧਰ ਵਿਚ ਸਵਰਗਵਾਸ ਹੋ ਗਏ ਹਨ। ਮਾਤਾ ਜੀ 80 ਵਰ੍ਹਿਆਂ ਦੇ ਸਨ ਤੇ ਬੜੀ ਹਰਮਨ ਪਿਆਰੀ ਸ਼ਖਸੀਅਤ ਸਨ। ਡਾ. ਰੱਤੁ ਅਨੁਸਾਰ ਉਹਨਾਂ ਦੇ ਮਾਤਾ ਜੀ ਸੋਸ਼ਲ ਸੇਵਾ ਵਿਚ ਦਖਲ ਰੱਖਦੇ ਸਨ ਅਤੇ ਉਹਨਾਂ ਨੇ ਆਪਣੇ ਪਿੱਛੇ ਪਰਿਵਾਰ ਵਿਚ ਕਈ ਕਾਬਲ ਬੱਚਿਆਂ ਦਾ ਭਵਿੱਖ ਸੰਵਾਰਿਆ। ਡਾ. ਰੱਤੂ ਜੋ ਪਿਛਲੇ 35 ਵਰ੍ਹਿਆਂ ਤੋਂ ਪੰਜਾਬ ਤੋਂ ਬਾਹਰ ਸਨ,



ਦਾ ਕਹਿਣਾ ਹੈ ਕਿ ਉਹ ਮਾਤਾ ਜੀ ਨਾਲ ਜ਼ਿਆਦਾ ਸਮਾਂ ਨਹੀਂ ਬਿਤਾ ਸਕੇ ਪਰ ਉਹਨਾਂ ਨੂੰ ਮਾਂ ਦੀ ਯਾਦ ਵਿਚ ਹਮੇਸ਼ਾ ਅਸੀਸਮਈ ਤਾਕਤ ਮਿਲਦੀ ਰਹੀ ਹੈ। ਉਹਨਾਂ ਦੀਆਂ ਅਸਥੀਆਂ ਪਿਛਲੇ ਦਿਨੀਂ ਸ੍ਰੀ ਕੀਰਤਪੁਰ ਸਾਹਿਬ ਪ੍ਰਵਾਹਿਤ ਕੀਤੀਆਂ ਗਈਆਂ ਹਨ। ਡਾ. ਰੱਤੂ ਦੇ ਸ਼ੁਭਚਿੰਤਕਾਂ ਮਿੱਤਰਾਂ ਵੱਲੋਂ ਵੱਡੀ ਗਿਣਤੀ ਵਿਚ ਵਾਹਿਗੁਰੂ ਦਾ ਭਾਣਾ ਮੰਨਣ ਤੇ ਉਹਨਾਂ ਦੇ ਦੁੱਖ ਵਿਚ ਸ਼ਰੀਕ ਹੋਣ ਦਾ ਸੁਨੇਹਾ ਦਿੱਤਾ ਗਿਆ ਹੈ। ਇਕ ਬਿਆਨ ਵਿਚ ਡਾ. ਰੱਤੂ ਨੇ ਆਪਣੇ ਸਭ ਹਿਤੈਸ਼ੀਆਂ ਤੇ ਸ਼ੁਭ ਚਿੰਤਕਾਂ ਦਾ ਧੰਨਵਾਦ ਕੀਤਾ ਹੈ। "ਅਦਾਰਾ ਦੇਸ਼ ਦੁਆਬਾ'' ਡਾ. ਕੇ. ਕੇ. ਰੱਤੂ ਅਤੇ ਉਹਨਾਂ ਦੇ ਸਮੂਹ ਪਰਿਵਾਰ ਨੂੰ ਪਹੁੰਚੇ ਗਹਿਰੇ ਸਦਮੇ ਤੇ ਗਹਿਰਾ ਦੁੱਖ ਪ੍ਰਗਟ ਕਰਦਾ ਹੈ।''

# ਡਾਕਟਰ ਅੰਬੇਡਕਰ ਭਾਰਤ ਨੂੰ ਮੁੜ ਸੋਨੇ ਦੀ ਚਿੜੀ ਬਣਾਉਣਾ ਚਾਹੁੰਦੇ ਸੀ-ਐਡਵੋਕੇਟ ਵਿਰਦੀ





ਫ਼ਗਵਾੜਾ- ਅਰਬਨ ਅਸਟੇਟ ਫ਼ਗਵਾੜਾ 4 ਮਈ- ਉਪਰੋਕਤ ਸ਼ਬਦ ਅੱਜ ਇੱਥੇ ਉਘੇ ਲੇਖਕ ਤੇ ਚਿੰਤਕ ਡਾ. ਐਸ ਐਲ ਵਿਰਦੀ ਐਡਵੋਕੇਟ ਨੇ ਡਾਕਟਰ ਅੰਬੇਡਕਰ ਐਕਟਿਵਟੀ ਸੈਂਟਰ ਵਿਚ ਪੜ੍ਹੇ-ਲਿੱਖੇ ਲੋਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆ ਕਹੇ। ਐਡ-ਵੋਕੇਟ ਵਿਰਦੀ ਨੇ ਦੱਸਿਆ ਕਿ 15 ਅਗਸਤ 1947 ਨੂੰ ਜਦ ਦੇਸ਼ ਆਜ਼ਾਦ ਹੋਇਆ ਤਾਂ ਦੇਸ਼ ਸਾਹਮਣੇ ਭੁੱਖ ਮਰੀ, ਗਰੀਬੀ, ਅਨਪੜ੍ਹਤਾ ਬੇਰੁਜਗਾਰੀ, ਜਾਤ-ਪਾਤ, ਫਿਰਕਾਪ੍ਰਸਤੀ, ਕਸ਼ਮੀਰ, ਅਬਾਦੀ, ਕੁਦਰਤੀ ਆਫਤਾਂ, ਮਹਾਂਮਾਰੀ ਹੜ੍ਹ, ਕਾਲ ਆਦਿ ਸਮੱਸਿਆਵਾਂ ਸਨ। ਡਾਕਟਰ ਅੰਬੇਡਕਰ ਉਪਰੋਕਤ ਸਮੱਸਿਆਵਾਂ ਤੋਂ ਭਲੀ ਭਾਂਤੀ ਪ੍ਰਭਾਵਤ ਸਨ ਜਿਸ ਕਰਕੇ ਉਹ ਦੇਸ਼ ਦੇ ਭਵਿੱਖ ਬਾਤੇ ਚਿੰਤਤ ਸਨ। ਉਹ ਦੇਸ਼ ਵਾਸੀਆਂ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਮੁਕਤ ਕਰਾਉਣਾ ਚਾਹੁੰਦੇ ਸਨ। ਬਾਬਾ ਸਾਹਿਬ ਦੇਸ਼ ਦਾ ਨਵ ਨਿਰਮਾਣ ਕਰਨਾ ਚਾਹੁੰਦੇ ਸਨ। ਉਹਨਾਂ ਨੇ ਸੰਵਿਧਾਨ ਸਭਾ 'ਚ ਜ਼ੋਰ ਦੇ ਕੇ ਕਿਹਾ ਕਿ ਭਾਰਤ ਵਿਚ ਕਿ ਮੈਂ ਦੇਸ਼ ਨੂੰ ਮੁੜ ਸੋਨੇ ਦੀ ਚਿੜੀ ਬਣਾ ਸਕਦਾ ਹਾਂ। ਦੇਸ਼ ਵਿਚ ਕਿਸੇ ਵੀ ਗੱਲ ਦੀ ਘਾਟ ਨਹੀਂ ਹੈ। ਦੇਸ਼ ਵਿਚ ਕੁਦਰਤੀ ਸਾਧਨ ਇੰਨੇ ਜ਼ਿਆਦਾ ਹਨ ਕਿ ਉਨ੍ਹਾਂ ਦੀ ਠੀਕ ਵਰਤੋਂ ਕਰਕੇ ਹਰ ਸਮੱਸਿਆ ਨੂੰ ਹੱਲ ਕੀਤਾ ਜਾ ਸਕਦਾ ਹੈ। ਸਮੱਸਿਆਵਾਂ ਦਾ ਸਹੀ ਹੱਲ ਉਦਯੋਗੀਕਰਨ ਹੈ। ਉਦਯੋਗੀਕਰਨ ਵਾਸਤੇ ਬਿਜਲੀ ਦੀ ਲੋੜ ਹੈ। ਬਿਜਲੀ ਵਾਸਤੇ ਵੱਧ ਤੋਂ ਵੱਧ ਡੈਮ ਉਸਾਰੇ ਜਾਣ, ਇਸ ਨਾਲ ਕਾਫੀ ਫਾਇਦੇ ਹੋਣਗੇ। ਜਿਥੇ ਬਿਜਲੀ ਨਾਲ ਕਾਰਖਾਨੇ ਚੱਲਣਗੇ, ਉਥੇ ਬੇਰੁਜਗਾਰਾਂ ਨੂੰ ਕੰਮ ਮਿਲੇਗਾ, ਉਤਪਾਦਨ ਵਧੇਗਾ, ਹੜ੍ਹ ਰੁਕਣਗੇ, ਜਾਨ-ਮਾਲ ਦੀ ਤਬਾਹੀ ਤੋਂ ਬਚਾਅ ਹੋਵੇਗਾ ਅਤੇ ਗਰੀਬੀ ਘਟੇਗੀ, ਕਾਲ ਨਹੀਂ ਪੈਣਗੇ ਅਤੇ ਭੁੱਖਮਰੀ ਤੋਂ ਛੁਟਕਾਰਾ ਮਿਲੇਗਾ।

ਉਪਰੋਕਤ ਸਮੱਸਿਆਵਾਂ ਦੀ ਪੂਰਤੀ ਲਈ ਡਾਕਟਰ ਅੰਬੇਡਕਰ ਨੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਪਾਸੋਂ ਯੋਜਨਾ ਵਿਭਾਗ ਦੀ ਮੰਗ ਕੀਤੀ ਸੀ ਪਰ ਉਨ੍ਹਾਂ ਨੂੰ ਯੋਜਨਾ ਵਿਭਾਗ ਨਹੀਂ ਦਿੱਤਾ ਗਿਆ। ਡਾਕਟਰ ਅੰਬੇਡਕਰ ਦੀਆਂ ਸਭ ਯੋਜਨਾਵਾਂ ਧਰੀਆਂ ਧਰਾਈਆਂ ਰਹਿ ਗਈਆਂ। ਜੇਕਰ ਡਾਕਟਰ ਅੰਬੇਡਕਰ ਨੂੰ ਉਸ ਸਮੇਂ ਯੋਜਨਾ ਵਿਭਾਗ ਦੇ ਦਿੱਤਾ ਗਿਆ ਹੁੰਦਾ ਤਾਂ ਅੱਜ ਦੇਸ਼ ਭੁੱਖਮਰੀ, ਹੜ੍ਹਾਂ, ਕਾਲ, ਬੇਰੁਜਗਾਰੀ, ਗਰੀਬੀ, ਬਿਜਲੀ ਸੰਕਟ, ਭ੍ਰਿਸਟਾਚਾਰ ਆਦਿ ਸਮੱਸਿਆਵਾਂ ਤੋਂ ਮੁਕਤ ਹੁੰਦਾ। ਦੇਸ਼ ਦੀ ਉਨਤੀ ਨਵ ਨਿਰਮਾਣ ਸੁਰੱਖਿਆ ਅਤੇ ਸੁਨਹਿਰੇ ਭਵਿੱਖ ਲਈ ਡਾਕਟਰ ਅੰਬੇਡਕਰ ਵਲੋਂ ਕੀਤੀਆਂ ਗਈਆ ਭਵਿੱਖ ਬਾਣੀਆਂ ਸੱਚ ਸਿੱਧ ਹੋਈਆਂ। ਜੇਕਰ ਡਾਕਟਰ ਅੰ-ਬੇਡਕਰ ਦੇ ਉਸ ਸਮੇਂ ਦਿੱਤੇ ਸੁਝਾਵਾਂ, ਸਕੀਮਾਂ ਅਤੇ ਯੋਜਨਾਵਾਂ ਨੂੰ ਮੰਨ ਲਿਆ ਜਾਂਦਾ ਤਾਂ ਅੱਜ ਦੇਸ਼ ਸਾਹਮਣੇ ਕੋਈ ਸੰਕਟ ਨਾ ਹੁੰਦਾ ਤੇ ਦੇਸ਼ ਖੁਸ਼ਹਾਲ ਹੁੰਦਾ। ਦੇਸ਼ ਦੁਨੀਆਂ ਦੀ ਤਰੱਕੀ ਜਾਫ਼ਤਾ ਮੈਰਿਟ ਵਿਚ ਨੰਬਰ 129 ਨਾ ਹੁੰਦਾ ਸਗੋਂ ਮੋਹਰਲਿਆਂ ਵਿਚ ਹੁੰਦਾ।

ਸੈਮੀਨਾਰ ਨੂੰ ਚੀਫ਼ ਪਾਰਲੀਸੈਂਟਰੀ ਸੈਕਟਰੀ ਸ਼੍ਰੀ ਸੋਮ ਪ੍ਰਕਾਸ਼, ਐਮ ਐਲ ਏ, ਰਮੇਸ਼ ਕੌਲ ਕੌਂਨਸਲਰ, ਸੋਹਨ ਸਹਿਜਲ, ਅਸ਼ੋਕ ਭਾਟੀਆ, ਮਾ. ਸਤੀਸ਼ ਕੁਮਾਰ, ਸ਼੍ਰੀਮਤੀ ਰਾਣੀ ਸੋਢੀ , ਸੁਰਿੰਦਰ ਢੱਡਾ, ਹਰਭਜਨ ਸੁਮਨ, ਅਸ਼ੋਕ ਕੁਲਥਮ, ਸਰਵਨ ਬ੍ਰਿਹਾ, ਜਗਜੀਤ ਸਿੰਘ, ਲੁਪਿੰਦਰ ਕੁਮਾਰ, ਬਾਬੂ ਰਾਮ, ਜੋਗਾ ਰਾਮ, ਅਸ਼ੋਕ ਕੁਮਾਰ, ਆਦਿ ਨੇ ਵੀ ਸੰਬੋਧਨ ਕੀਤਾ। ਸਿਰਜਨਾ ਆਰਟ ਗਰੁੱਪ ਰਾਇ ਕੋਟ ਨੇ 'ਸਾਡੀ ਧਰਤ ਕਿਹੜੀ ਵੇ ਲੋਕਾ ਅਤੇ ਲਾਲ ਸਿੰਘ ਦਿਲ ਦੀ ਜੀਵਨੀ 'ਤੇ ਨਾਟਕ ਖੇਡੇ। ਘਨਸ਼ਿਆਮ ਨੇ ਮੰਚ ਦਾ ਸੰਚਾਲਨ ਕੀਤਾ। ਸ਼੍ਰੀ ਗੁਰੂ ਰਵਿਦਾਸ ਸਭਾ ਦੇ ਪ੍ਰਧਾਨ ਸਤਨਾਮ ਮਹਿਮੀ ਰਿਟਾਇਰਡ ਐਕਸੀਅਨ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਸਭਾ ਵਲੋਂ ਬਹੁਜਨ ਨਾਇਕਾਂ ਤਥਾਗਤ ਬੁੱਧ, ਗੁਰੂ ਰਵਿਦਾਸ, ਮਹਾਤਮਾਂ ਫੂਲੇ, ਬਾਬਾ ਸਾਹਿਬ ਅੰਬੇਡਕਰ, ਸ਼ਾਹੂ ਮਹਾਰਾਜ ਦਾ ਕਲੈਂਡਰ ਜਾਰੀ ਕੀਤਾ ਗਿਆ।

# ਸਮਰੱਥ ਖਿਡਾਰੀਆਂ ਨੂੰ ਸਰਕਾਰੀ ਯੋਜਨਾਵਾਂ ਦਾ ਫਾਇਦਾ ਮਿਲੇ : ਸਾਇਨਾ



ਨਵੀਂ ਦਿੱਲੀ, ਦੇਸ਼ ਦੇ ਚੋਟੀ ਖਿਡਾਰੀਆਂ ਦੀ ਮਦਦ ਕਰਨ ਲਈ ਸਰਕਾਰ ਦਾ ਧੰਨਵਾਦ ਕਰਦੇ ਹੋਏ ਭਾਰਤ ਦੀ ਚੈਂਪੀਅਨ ਬੈਡਮਿੰਟਨ ਖਿਡਾਰੀ ਸਾਇਨਾ ਨੇਹਵਾਲ ਨੇ ਉਮੀਦ ਪ੍ਰਗਟਾਈ ਹੈ ਕਿ ਸਰਕਾਰ ਉਨ੍ਹਾਂ ਉਭਰਦੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰੇਗੀ ਜਿਹੜੇ ਕੌਮਾਂਤਰੀ ਪੱਧਰ 'ਤੇ ਦੇਸ਼ ਦਾ ਨਾਂ ਰੌਸ਼ਨ ਕਰਨ ਦਾ ਸਮੱਰਥਾ ਰੱਖਦੇ ਹਨ। ਸਾਇਨਾ ਨੇ ਕਿਹਾ, "ਜਿਹੜੇ ਖਿਡਾਰੀ ਕੌਮਾਂਤਰੀ ਪੱਧਰ 'ਤੇ ਚੰਗਾ ਪ੍ਰਦਰਸ਼ਨ ਕਰ ਸਕਦੇ ਹਨ, ਉਨ੍ਹਾਂ ਦੇ ਨਾਂ ਸਰਕਾਰੀ ਯੋਜਨਾ ਵਿਚ ਹੋਣੇ ਚਾਹੀਦੇ ਹਨ। ਸਰਕਾਰ ਖਿਡਾਰੀਆਂ ਦੀ ਕਾਫੀ ਮਦਦ ਕਰ ਰਹੀ ਹੈ।''

# ਫਗਵਾੜਾ ਕਾਂਗਰਸ ਨੇ ਦਿੱਤੀ ਮੋਗਾ ਕਾਂਡ ਦੀ ਮ੍ਰਿਤਕਾ ਨੂੰ ਸ਼ਰਧਾਂਜਲੀ

## ਦੋਸ਼ੀਆਂ ਨੂੰ ਸਜਾ ਤੇ ਓਰਬਿਟ ਬੱਸਾਂ 'ਤੇ ਪਾਬੰਦੀ ਨਾਲ ਹੀ ਮਿਲੇਗਾ ਪੀੜ੍ਹਤ ਪਰਿਵਾਰ ਨੂੰ ਨਿਆ- ਰਾਣੀ ਸੋਢੀ




ਫਗਵਾੜਾ (ਬੀ ਕੇ ਰੱਤੂ)- ਮੋਗਾ ਓਰਬਿਟ ਬਸ ਕਾਂਡ ਦੀ ਸ਼ਿਕਾਰ ਨਾਬਾਲਿਗ ਲੜਕੀ ਸਵ. ਅਰਸ਼ਦੀਪ ਕੌਰ ਦੀ ਅੰਤਮ ਅਰਦਾਸ ਦੇ ਦਿਨ ਅੱਜ ਬਲਾਕ ਕਾਂਗਰਸ ਫਗਵਾੜਾ ਵਲੋਂ ਮਹਿਲਾ ਕਾਂਗਰਸ ਪੰਜਾਬ ਦੀ ਸੀਨੀਅਰ ਆਗੂ ਅਤੇ ਸਾਬਕਾ ਜਨਰਲ ਸਕੱਤਰ ਬਲਵੀਰ ਰਾਣੀ ਸੋਢੀ ਦੀ ਅਗਵਾਈ ਹੇਠ ਇਕ ਸ਼ਰਧਾਂਜਲੀ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੋਕੇ ਵੱਡੀ ਗਿਣਤੀ ਵਿਚ ਕਾਂਗਰਸੀ ਆਗੂਆਂ ਨੇ ਮ੍ਰਿਤਕ ਅਰਸ਼ਦੀਪ ਕੌਰ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ। ਬਲਵੀਰ ਰਾਣੀ ਸੋਢੀ ਨੇ ਕਿਹਾ ਕਿ ਪੀੜ੍ਹਤ ਪਰਿਵਾਰ ਨਾਲ ਨਿਆ ਲਈ ਇਹ ਜਰੂਰੀ ਹੈ ਕਿ ਅਸਲ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਸਖਤ ਸਜਾ ਮਿਲੇ ਅਤੇ ਓਰਬਿਟ ਬੱਸਾਂ ਦੇ ਪਰਮਿਟ ਰੱਦ ਕੀਤੇ ਜਾਣ। ਇਸ ਮੋਕੇ ਸਤਿਆ ਦੇਵੀ, ਤ੍ਰਿਪਤਾ ਧੀਰ, ਮਲਕੀਤ ਕੌਰ, ਨਰਿੰਦਰ ਕੌਰ, ਨਮਿਤਾ ਛਾਬੜਾ, ਸੰਤੋਸ਼ ਬਾਂਸਲ, ਅਨੀਤਾ ਸੋਢੀ, ਬਿਮਲਾ ਸੋਢੀ, ਗੁਰਮੀਤ ਕੌਰ, ਮਿਸੇਜ ਟੰਡਨ, ਭਜਨ ਕੌਰ, ਮਦਨ ਲਾਲ, ਮਦਨ ਮੋਹਨ ਬਜਾਜ, ਅਸ਼ੋਕ ਉੱਪਲ, ਅਸ਼ਵਨੀ ਸ਼ਰਮਾ, ਕਾਕਾ ਨਾਰੰਗ, ਸੌਰਵ ਖੁੱਲਰ, ਸਤਨਾਮ ਸਿੰਘ ਕਲਸੀ, ਨਾਰਾਇਣ ਦਾਸ, ਪਵਨ ਕਾਲੀ, ਮਾਸਟਰ ਰਾਮ ਲਾਲ, ਸੂਬੇਦਾਰ ਕਿਸ਼ਨ ਸਿੰਘ, ਅਸ਼ੋਕ ਮਨੀਲਾ, ਹੈਪੀ ਡਾਬਰ, ਅਰੁਣ ਧੀਰ, ਮਨਿਲ ਸ਼ਿੰਗਾਰੀ, ਗੁਰਮੀਤ ਸਿੰਘ, ਸੁਖਰਾਜ ਸਿੰਘ, ਗਗਨਜੀਤ ਨਿੱਝਰ, ਗੁਰਦਿਆਲ ਸਿੰਘ, ਹਰਸ਼ ਸ਼ਰਮਾ, ਗੁਰਦੀਪ ਗ੍ਰੇਵਾਲ, ਸਤਪਾਲ ਪੰਡੋਰੀ, ਪ੍ਰੇਮਪਾਲ ਸੋਢੀ, ਤਰਸੇਮ ਸਿੰਘ, ਭਗਤ ਰਾਮ, ਸ਼ਿਵਮ ਸੇਠ, ਤਰੁਣ ਪਾਠਕ, ਉਂਕਾਰ ਸਿੰਘ, ਪ੍ਰਿਤਪਾਲ, ਜਸਕਰਣ ਸਿੰਘ, ਸ਼ਵਿੰਦਰ ਸਿੰਘ, ਬਾਬਾ ਜੀ ਚੱਕ ਹਕੀਮ ਆਦਿ ਵੀ ਹਾਜਰ ਸਨ।

# ਕੈਬਨਿਟ ਮੰਤਰੀ ਮਦਨ ਮੋਹਨ ਮਿੱਤਲ ਨੇ ਭਾਰਤ ਸਰਕਾਰ ਕੋਲ ਸਕੀਲ ਡਿਵੈਲਪਮੈਂਟ ਯੂਨੀਵਰਸਟੀ ਖੋਲਣ ਦੀ ਮੰਗ ਰੱਖੀ



ਨਵੀਂ ਦਿੱਲੀ (ਕੁਲਦੀਪ ਚੰਦ)- ਬੀਤੇ ਦਿਨੀਂ ਨਵੀਂ ਦਿੱਲੀ ਦੇ ਵਿਗਿਆਨ ਭਵਨ ਵਿਖੇ ਭਾਰਤ ਦੇ ਵੱਖ ਵੱਖ ਰਾਜਾਂ ਦੇ ਉਦਯੋਗ ਮੰਤਰੀਆਂ ਦੀ ਹੋਈ ਇਕ ਇਕੱਤਰਤਾ ਵਿਚ ਪੰਜਾਬ ਦੇ ਉਦਯੋਗ ਅਤੇ ਵਣਜ, ਤਕਨੀਕੀ ਸਿੱਖਿਆ ਅਤੇ ਉਦਯੋਗੀਕ ਸਿਖਲਾਈ ਮੰਤਰੀ ਮਦਨ ਮੋਹਨ ਮਿੱਤਲ ਨੇ ਪੰਜਾਬ ਵਿਚ ਸਕੀਲ ਡਿਵੈਲਪਮੈਂਟ ਯੂਨੀਵਰਸਟੀ ਖੋਲਣ ਦੀ ਮੰਗ ਰੱਖੀ ਉਹਨਾਂ ਨੇ ਪੰਜਾਬ ਸਰਕਾਰ ਵਲੋਂ ਇਸ ਯੂਨੀਵਰਸਟੀ ਲਈ ਜਮੀਨ ਦੇਣ ਦੀ ਵੀ ਪੇਸ਼ ਕੀਤੀ। ਦਿੱਲੀ ਵਿਖੇ ਸੂਰੂ ਹੋਏ 2 ਰੋਜਾ ਸੈਮੀਨਾਰ ਵਿਚ ਭਾਰਤ ਦੇ ਕੈਬਨਿਟ ਮੰਤਰੀ ਰਜੀਵ ਪ੍ਰਤਾਪ ਰੂਡੀ ਦੇ ਕੋਲ ਮਿਤਲ ਨੇ ਪੰਜਾਬ ਵਿਚ ਸਰਕਾਰ ਵਲੋਂ ਹੁਨਰ ਸਿਖਲਾਈ ਦੇ ਲਈ ਕੀਤੇ ਜਾ ਰਹੇ ਉਪਰਾਲਿਆ ਦਾ ਵਿਸਥਾਰ ਪੂਰਵਕ ਜਿਕਰ ਕੀਤੀ। ਮਿੱਤਲ ਨੇ ਕਿਹਾ ਕਿ ਪੰਜਾਬ ਦੇ ਮੁਖ ਮੰਤਰੀ ਪਰਕਾਸ਼ ਸਿੰਘ ਬਾਦਲ ਪੰਜਾਬ ਦੇ ਨੋਜਵਾਨਾ ਨੂੰ ਹੂਨਰ ਸਿਖਲਾਈ ਲਈ ਉਤਸਾਹਿਤ ਕਰਨ ਲਈ ਵੱਡੇ ਵੱਡੇ ਉਪਰਾਲੇ ਕਰ ਰਹੇ ਹਨ।

ਪੰਜਾਬ ਵਿਚ ਕਈ ਤਰ੍ਹਾਂ ਦੇ ਹੂਨਰ ਸਿਖਲਾਈ ਕੇਂਦਰ ਖੋਲੇ ਜਾ ਰਹੇ ਅਤੇ ਹੂਨਰਮੰਦ ਨੌਜਵਾਨਾ ਨੂੰ ਰੋਜਗਾਰ ਦੇਣ ਲਈ ਲਗਾਤਾਰ ਰੋਜਗਾਰ ਮੇਲੇ ਲਗਾਏ ਜਾ ਰਹੇ ਹਨ। ਉਹਨਾਂ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਹੂਨਰ ਸਿਖਲਾਈ ਪ੍ਰੋਗਰਾਮ ਪੰਜਾਬ ਸਰਕਾਰ ਪੂਰੀ ਤਰ੍ਹਾਂ ਨਾਲ ਲਾਗੂ ਕਰ ਰਹੀ ਹੈ ਅਤੇ ਉਹਨਾਂ ਦਾ ਆਪਣਾ ਵਿਭਾਗ ਪੰਜਾਬ ਵਿਚ ਇਸਦੇ ਲਈ ਲਗਾਤਾਰ ਯਤਨਸ਼ੀਲ ਹੈ। ਇਹ 2 ਰੋਜਾ ਸੈਮੀਨਾਰ ਸਮੁੱਚੇ ਦੇਸ਼ ਦੇ ਵੱਖ ਵੱਖ ਰਾਜਿਆ ਅਤੇ ਨੌਜਵਾਨਾ ਲਈ ਇਕ ਮੀਲ ਪੱਥਰ ਸਾਬਤ ਹੋਵੇਗਾ।

ਦੇਸ਼ ਦੁਆਬਾ

## ਨੇਪਾਲ ਨੂੰ ਕੁਦਰਤੀ ਕਰੋਪੀਆਂ ਦੀ ਮਾਰ

ਲਗਾਤਾਰ ਚੱਲਣ ਵਾਲੀ ਕੁਦਰਤੀ ਅਸਥਿਰਤਾ ਦੀ ਇਕ ਪ੍ਰਕਿਰਿਆ ਦੇ ਨਤੀਜੇ ਵਜੋਂ ਪੈਦਾ ਹੋਏ ਭਿਆਨਕ ਅਤੇ ਵਿਨਾਸ਼ਕਾਰੀ ਭੂਚਾਲ ਤੇ ਪੂਰਨ ਕੰਟਰੋਲ ਅਸੰਭਵ ਹੈ। ਬਚਾਅ ਦਾ ਉਪਾਅ ਹੀ ਸਾਡੇ ਕੋਲ ਇਕੋ ਇਕ ਚਾਰਾ ਰਹਿ ਜਾਂਦਾ ਹੈ। ਪਿਛਲੀ ਸਦੀ ਦੇ ਸੌ ਸਾਲਾਂ ਦੇ ਦੌਰਾਨ ਭਾਰਤ ਅਤੇ ਆਸ ਪਾਸ ਦੇ ਦੇਸ਼ਾਂ ਨਾਲ ਜੁੜੇ ਖੇਤਰਾਂ ਵਿਚ 5.0 ਰਿਕਟਰ ਪੈਮਾਨੇ ਦੇ ਭੂਚਾਲਾਂ ਦੀ ਇਕ ਪੂਰੀ ਦੀ ਪੂਰੀ ਲੜੀ ਬਣਦੀ ਹੈ ਕਿ ਭਾਰਤ, ਨੇਪਾਲ ਅਤੇ ਇਹ ਪੂਰਾ ਖੇਤਰ ਭੂਚਾਲੀ ਖੇਤਰ ਹੀ ਬਣ ਗਿਆ। ਨੇਪਾਲ ਵਿਚ ਆਏ ਭੂਚਾਲ ਦੇ ਵੱਡੇ ਝਟਕੇ ਤੋਂ ਬਾਅਦ ਇਕ ਹੀ ਦਿਨ ਵਿਚ 10 ਤੋਂ ਜ਼ਿਆਦਾ ਝਟਕੇ ਅਤੇ ਲਗਾਤਾਰ ਇਕ ਪੰਦਰਵਾੜੇ ਵਿਚ ਹਿੱਲਦੀ ਧਰਤੀ ਤੋਂ ਸਪਸ਼ਟ ਸੰਕੇਤ ਹੈ ਕਿ ਭੂਚਾਲ ਤੋਂ ਬਾਅਦ ਦੀਆਂ ਭੂਗੋਲਿਕ ਚੁਣੌਤੀਆਂ ਹੋਰ ਵੀ ਵੱਡੀਆਂ ਹਨ। ਨੇਪਾਲ ਅਤੇ ਭਾਰਤ ਦਾ ਇਕ ਵੱਡਾ ਹਿੱਸਾ ਮੰਗਲਵਾਰ ਨੂੰ ਇਕ ਵਾਰ ਫਿਰ ਭੂਚਾਲ ਕਾਰਨ ਹਿੱਲ ਗਿਆ। ਇਹਨਾਂ ਝਟਕਿਆਂ ਨੇ ਇਹ ਦੱਸ ਦਿੱਤਾ ਕਿ ਭੂਚਾਲ ਦਾ ਖਤਰਾ ਕਦੀ ਟਲਦਾ ਨਹੀਂ।

ਨੇਪਾਲ ਵਿਚ ਹਾਲ ਹੀ ਵਿਚ ਆਏ ਵਿਨਾਸ਼ਕਾਰੀ ਭੂਚਾਲ ਅਤੇ ਉਤਰੀ ਭਾਰਤ ਦੀ ਧਰਤੀ ਦੀ ਸਤਹਿ ਤੇ ਪੈਦਾ ਹੋਈਆਂ ਵਿਨਾਸ਼ਕਾਰੀ ਲਹਿਰਾਂ ਤੋਂ ਪਹਿਲਾਂ 100 ਸਾਲ ਵਿਚ 8 ਰਿਕਟਰ ਸਕੇਲ ਦੇ ਪੰਜ ਵਿਨਾਸ਼ਕਾਰੀ ਭੂਚਾਲ ਆ ਚੁੱਕੇ ਹਨ। 4 ਤੋਂ 5 ਰਿਕਟਰ ਸਕੇਲ ਦੇ 2836, 5 ਤੋਂ 6 ਰਿਕਟਰ ਪੈਮਾਨੇ ਦੇ 960, 6 ਤੋਂ 7 ਰਿਕਟਰ ਪੈਮਾਨੇ ਦੇ 113, 7 ਤੋਂ 8 ਪੈਮਾਨੇ ਦੇ 34 ਅਤੇ 8 ਤੋਂ ਉਪਰ 5 ਭੂਚਾਲ ਇਸ ਧਰਤੀ ਤੇ ਆ ਚੁੱਕੇ ਹਨ। ਭਾਰਤ ਅਤੇ ਪੜੌਸੀ ਦੇਸ਼ਾਂ ਦੀਆਂ ਸਰਹੱਦਾਂ ਨੂੰ ਮਿਲਾ ਕੇ ਦੇਖੀਏ ਤਾਂ ਇਹ ਰਚਨਾ ਲੜੀਵਾਰ 7786, 2008, 494, 77 ਅਤੇ 11 ਬਣਦੀ ਹੈ। 2005 ਤੱਕ ਦੇ ਅੰਕੜੇ ਅਤੇ ਇਸ ਤੋਂ ਬਾਅਦ ਦੇ ਦੋ ਵੱਡੇ ਭੂਚਾਲਾਂ ਦੇ ਸੰਕੇਤ ਸਪਸ਼ਟ ਹਨ ਕਿ ਇਸ ਉਪ ਮਹਾਂਦੀਪ ਵਿਚ ਭੂਚਾਲੀ ਸਥਿਤੀ ਸੰਵੇਦਨਸ਼ੀਲ ਹੈ। ਭੂਗੋਲਿਕ ਪ੍ਰਕਿਰਿਆ ਦੇ ਤਹਿਤ ਭੂਚਾਲ ਸਮੇਤ ਹੋਰ ਕਈ ਭਿਆਨਕ ਆਫਤਾਂ ਸੰਕੇਤ ਦੇ ਰਹੀਆਂ ਹਨ। ਪਿਛਲੇ ਇਕ ਪੰਦਰਵਾੜੇ ਵਿਚ ਨੇਪਾਲ ਅਤੇ ਨਾਲ ਲੱਗਦੇ ਭਾਰਤੀ ਖੇਤਰ ਵਿਚ 160 ਤੋਂ ਜ਼ਿਆਦਾ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਜਾ ਚੁੱਕੇ ਹਨ। ਕਾਠਮੰਡੂ ਘਾਟੀ ਦੇ ਕੋਲ ਸਿੰਧੂਪਾਲ ਚੌਂਕ ਅਤੇ ਉਦੈਪੁਰ ਦੇ ਖੇਤਰ ਭੂਚਾਲ ਦਾ ਮੁੱਖ ਕੇਂਦਰ ਹਨ। ਇਹਨਾਂ ਦੀ ਭਾਰਤੀ ਸੀਮਾ ਤੋਂ ਦੂਰੀ 100 ਕਿਲੋਮੀਟਰ ਦੇ ਕਰੀਬ ਹੈ।

ਭੂਚਾਲ ਤੋਂ ਬਾਅਦ ਹਿਮਾਲਿਆ ਪਹਾੜਾਂ ਅਤੇ ਕਾਠਮੰਡੂ ਦੀ ਧਰਤੀ ਵਿਚ ਜੋ ਤਬਦੀਲੀ ਹੋਈ ਹੈ, ਉਹ ਆਗਾਮੀ ਤਬਦੀਲੀਆਂ ਦਾ ਸੰਕੇਤ ਹੈ। ਭੂਚਾਲ ਦੀ ਭਿਆਨਕਤਾ ਸਾਨੂੰ ਡਰਾਉਂਦੀ ਹੈ। ਹਿਮਾਲਿਆ ਦੀ ਗੋਦ ਵਿਚ ਵੱਸੀ ਕਾਠਮੰਡੂ ਘਾਟੀ ਦੇ ਭੂਚਾਲ ਨੇ ਭਾਰਤ-ਨੇਪਾਲ ਨੂੰ ਹੀ ਨਹੀਂ ਪੂਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਹੈ। ਵਿਗਿਆਨਕ ਅਧਿਐਨ ਇਹ ਦੱਸਦੇ ਹਨ ਕਿ ਭਾਰਤ ਦਾ ਵੀ 60 ਫੀਸਦੀ ਹਿੱਸਾ ਅਤੇ ਦੇਸ਼ ਦੇ ਘੱਟ ਤੋਂ ਘੱਟ 38 ਭਾਰਤੀ ਸ਼ਹਿਰ ਭੂਚਾਲ ਦੇ ਪ੍ਰਭਾਵ ਵਿਚ ਹਨ। ਪਾਕਿਸਤਾਨ ਦੇ 2005 ਦੇ ਭਿਆਨਕ ਭੂਚਾਲ, ਮਾਲਦੀਵ, ਥਾਈਲੈਂਡ, ਭਾਰਤ ਦੀ 2004 ਦੀ ਸੁਨਾਮੀ ਵਿਚ ਧਰਤੀ ਦੀ ਸਤਹਿ 100 ਕਿਲੋਮੀਟਰ ਲੰਮੇ ਖੇਤਰ ਵਿਚ ਟੁੱਟ ਕੇ ਉਪਰ ਉਠ ਗਈ ਹੈ। ਭਾਰਤ ਨਾਲ ਲੱਗਦਾ 2500 ਕਿਲੋਮੀਟਰ ਲੰਮਾ ਹਿਮਾਲਿਆ ਭੂਚਾਲਾਂ ਦਾ ਘਰ ਹੈ, ਇਸ ਕਰਕੇ ਇਸ ਇਲਾਕੇ ਵਿਚ ਭੂਚਾਲ ਦੀ ਅਗਾਊਂ ਜਾਣਕਾਰੀ ਦੇਣ ਵਾਲੇ ਤੰਤਰ ਨੂੰ ਵਿਕਸਤ ਕਰਨਾ ਜ਼ਰੂਰੀ ਹੈ। ਇਸ ਦਿਸ਼ਾ ਵਿਚ ਜਾਪਾਨ ਅਤੇ ਪੂਰਬੀ ਏਸ਼ੀਆ ਨੇ ਯਤਨ ਕੀਤੇ ਹਨ। ਇਹਨਾਂ ਮੁਲਕਾਂ ਤੋਂ ਮਦਦ ਲੈ ਕੇ ਅਜਿਹਾ ਸਿਸਟਮ ਵਿਕਸਤ ਕੀਤਾ ਜਾ ਸਕਦਾ ਹੈ ਤਾਂ ਜੋ ਜਾਨੀ ਨੁਕਸਾਨ ਤੋਂ ਬਚਾਅ ਹੋ ਸਕੇ।

# ਲੰਡਨ ਵਿਚ ਅੰਬੇਡਕਰ ਦੇ ਨਾਂ ਤੇ ਯਾਦਗਾਰ ਬਾਰੇ ਪ੍ਰਕਿਰਿਆ ਤੇਜ਼

## ਅੰਬੇਡਕਰ ਚੇਅਰ ਸਥਾਪਤ ਕਰਨ ਦਾ ਵੀ ਐਲਾਨ

ਮਹਾਂਰਾਸ਼ਟਰ ਸਰਕਾਰ ਨੇ ਲੰਡਨ ਵਿਚ ਸਥਿਤ ਉਹ ਘਰ 10 ਕਿੰਗ ਹੈਨਰੀਜ਼ ਰੋਡ, ਨੋਰਥ ਵੈਸਟ ਲੰਡਨ ਜਿਥੇ ਡਾ: ਅੰਬੇਦਕਰ ਨੇ 1921-22 ਵਿਚ ਲੰਡਨ ਸਕੂਲ ਆਫ ਇਕਨੌਮਿਕਸ ਵਿਖੇ ਪੜ੍ਹਾਈ ਸਮੇਂ ਕਿਰਾਏ ਤੇ ਰਹੇ, ਨੂੰ ਖਰੀਦਣ ਦੀ ਪ੍ਰੀਕਿਰਿਆ ਤੇਜ ਕਰ ਦਿੱਤੀ ਹੈ। ਇਸ ਸੰਬਧ ਵਿਚ ਮਹਾਂਰਾਸ਼ਟਰ ਸਰਕਾਰ ਦਾ ਤਿੰਨ ਮੈਂਬਰੀ ਪ੍ਰਤੀਨਿਧੀ ਮੰਡਲ ਜਿਸ ਵਿਚ ਮਹਾਂਰਾਸ਼ਟਰ ਦੇ ਸਮਾਜਿਕ ਨਿਆਂ ਮੰਤਰੀ ਰਾਜ ਕੁਮਾਰ ਬਡੋਲੇ ਤੋਂ ਇਲਾਵਾ ਸਮਾਜਿਕ ਨਿਆਂ ਰਾਜ ਮੰਤਰੀ ਦਲੀਪ ਕਾਂਬਲੇ ਅਤੇ ਸਮਾਜਿਕ ਨਿਆਂ ਵਿਭਾਗ ਦੇ ਮੁਖ ਸਕੱਤਰ ਉਜਵਲ ਉਕੇ ਸ਼ਾਮਲ ਸਨ, ਨੇ ਲੰਡਨ ਦਾ ਦੌਰਾ ਕੀਤਾ। ਕਥਿਤ ਇਮਾਰਤ ਦੀ ਖਰੀਦ ਨੂੰ ਅੰਤਮ ਰੂਪ ਦੇਣ ਵਾਸਤੇ ਉਨ੍ਹਾਂ ਨੇ ਭਾਰਤੀ ਹਾਈ ਕਮਿਸ਼ਨਰ ਸ੍ਰੀ ਰੰਜਨ ਮਥਾਈ ਅਤੇ ਵਕੀਲਾਂ ਨਾਲ ਵਿਚਾਰ ਵਟਾਂਦਰਾ ਕੀਤਾ। ਯਾਦ ਰਹੇ ਇਸ ਘਰ ਨੂੰ ਖਰੀਦ ਕੇ ਡਾ: ਅੰਬੇਦਕਰ ਦੇ ਨਾਂ ਉਪਰ ਯਾਦਗਾਰ ਬਣਾਉਣ ਅਤੇ ਅੰਬੇਦਕਰ ਸਕਾਰਸ਼ਿਪ ਸ਼ੁਰੂ ਕਰਨ ਦੀ ਤਜਵੀਜ਼ ਯੂ ਕੇ ਸਥਿਤ ਅੰਬੇਦਕਰੀ ਅਤੇ ਬੋਧੀ ਸੰਸਥਾਵਾਂ ਦੇ ਮਹਾਂ ਸੰਘ (ਫੈਬੋ ਯੂ ਕੇ) ਨੇ ਮਹਾਂਰਾਸ਼ਟਰ ਸਰਕਾਰ ਨੂੰ ਇਕ ਸਤੰਬਰ 2014 ਨੂੰ ਭੇਜੀ ਸੀ ਅਤੇ ਸਰਕਾਰ ਨੇ ਉਸ ਇਮਾਰਤ ਨੂੰ 40 ਕਰੋੜ ਦੀ ਕੀਮਤ ਵਿਚ ਖਰੀਦਣ ਦੀ ਮਨਜ਼ੂਰੀ ਦੇ ਦਿੱਤੀ ਸੀ। ਪਰ ਭਾਰਤੀ ਨੌਕਰਸ਼ਾਹੀ ਕਾਰਣ ਇਹ ਮਾਮਲਾ ਹਾਲੇ ਤਕ ਲਟਕ ਰਿਹਾ ਹੈ।

ਫੈਬੋ ਯੂ ਕੇ ਦੀ ਤਜਵੀਜ਼ ਉਪਰ ਵਿਸਥਾਰ ਨਾਲ ਵਿਚਾਰ ਵਟਾਂਦਰੇ ਵਾਸਤੇ ਪ੍ਰਤੀਨਿਧੀ ਮੰਡਲ ਨੇ ਭਾਰਤੀ ਦੂਤਾਵਾਸ ਵਿਖੇ ਫੈਬੋ ਯੂ ਕੇ ਦੇ ਪ੍ਰਤੀਨਿਧਾਂ ਨਾਲ ਵੀ ਮੁਲਾਕਾਤ ਕੀਤੀ ਜਿਸ ਵਿਚ ਇਸ ਸੰਸਥਾ ਦੇ ਜਨਰਲ ਸਕੱਤਰ ਅਰੁਣ ਕੁਮਾਰ, ਸੰਯੁਕਤ ਜਨਰਲ ਸਕੱਤਰ, ਗੌਤਮ ਚਕਰਵਰਤੀ ਅਤੇ ਉਪ ਪ੍ਰਧਾਨ, ਰਾਮ ਪਾਲ ਰਾਹੀ ਸ਼ਾਮਲ ਹੋਏ। ਭਾਰਤੀ ਦੂਤਾਵਾਸ ਵਲੋਂ ਸ੍ਰੀ ਪ੍ਰੀਤਮ ਲਾਲ ਪ੍ਰਥਮ ਸਕਤਰ, ਕੋ-ਓਰਡੀਨੇਸ਼ਨ ਨੇ ਭਾਗ ਲਿਆ। ਫੈਬੋ ਯੂ ਕੇ ਦੇ ਜਨਰਲ ਸਕੱਤਰ, ਅਰੁਣ ਕੁਮਾਰ ਨੇ ਸਮਾਜਿਕ ਨਿਆਂ ਮੰਤਰੀ ਸ੍ਰੀ ਰਾਜ ਕੁਮਾਰ ਬਡੋਲੇ ਅਤੇ ਮਹਾਂਰਾਸ਼ਟਰ ਸਰਕਾਰ ਦਾ ਧਨਵਾਦ ਕਰਦੇ ਹੋਏ ਕਿਹਾ ਕਿ ਉਇਕ ਅਜੇਹਾ ਸਮਾਂ ਆਇਆ ਸੀ ਜਦੋਂ ਸਾਨੂੰ ਡਰ ਸੀ ਕਿ ਇਹ ਘਰ ਸਾਡੇ ਹਥੋਂ ਨਿਕਲ ਜਾਵੇਗਾ। ਜੇ ਕਰ ਬਡੋਲੇ ਜੀ ਨਿਜੀ ਤੌਰ ਤੇ ਦਖਲ ਨਾ ਦਿੰਦੇ ਤਾਂ ਸ਼ਾਇਦ ਇਹ ਘਰ ਸਾਡੇ ਹਥੋਂ ਨਿਕਲ ਗਿਆ ਹੁੰਦਾ''। ਗਲ ਬਾਤ ਦੌਰਾਨ ਸ੍ਰੀ ਬਡੋਲੇ ਨੇ ਦਸਿਆ ਕਿ ਉਹ ਇਮਾਰਤ ਦੇਖ ਕੇ ਆਏ ਹਨ ਅਤੇ ਸਰਵੇਅਰ ਦੀ ਨਿਯੁਕਤੀ ਕਰ ਦਿੱਤੀ ਗਈ ਹੈ। ਇਮਾਰਤ ਨੂੰ ਡਾ: ਅੰਬੇਦਕਰ ਦੀ ਯਾਦਗਾਰ ਬਣਾਉਣ ਬਾਰੇ ਗਲ ਬਾਤ ਕਰਦਿਆਂ ਸ੍ਰੀ ਬਡੋਲੇ ਨੇ ਕਿਹਾ ਕਿ ਮਹਾਂਰਾਸ਼ਟਰ ਸਰਕਾਰ ਨੇ ਫੈਬੋ ਯੂ ਕੇ ਦੀਆਂ ਸਾਰੀਆਂ ਤਜਵੀਜ਼ਾਂ ਨੂੰ ਮੰਨਦੇ ਹੋਏ ਹੀ ਇਸ ਇਮਾਰਤ ਨੂੰ ਖਰੀਦਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਇਹ ਵੀ ਦਸਿਆ ਕਿ ਇਸ ਯਾਦਗਾਰ ਨੂੰ ਚਲਾਉਣ ਵਾਸਤੇ ਲਗਭਗ 60 ਲੱਖ ਰੁਪੈ ਸਲਾਨਾ ਖਰਚ ਆਵੇਗਾ ਜਿਸ ਨੂੰ ਸਰਕਾਰ ਨੇ ਮਨਜ਼ੂਰੀ ਦੇ ਦਿੱਤੀ ਹੈ। ਗੌਤਮ ਚਕਰਵਰਤੀ ਨੇ ਕਿਹਾ ਕਿ ਇਸ ਇਮਾਰਤ ਨੂੰ ਅੰਬੇਦਕਰ ਦੀ ਯਾਦਗਾਰ ਬਣਾਉਣ ਦਾ 1991 ਵਿਚ ਸੁਪਨਾ ਲਿਆ ਸੀ ਜਦੋਂ ਇੱਥੇ ਨੀਲੇ ਰੰਗ ਦੀ ਤਖ਼ਤੀ ਲਗਾਈ ਗਈ ਸੀ। ਇਹ ਸੁਪਨਾ ਸਾਕਾਰ ਹੁੰਦਾ ਨਜ਼ਰ ਆ ਰਿਹਾ ਹੈ।



ਅੰਬੇਦਕਰ ਚੇਅਰ: ਸਮਾਜਿਕ ਨਿਆਂ ਮੰਤਰੀ, ਸ੍ਰ ਰਾਜ ਕੁਮਾਰ ਬਡੋਲੇ ਨੇ ਖੁਸ਼ੀ ਪ੍ਰਗਟ ਕਰਦਿਆਂ ਦਸਿਆ ਕਿ ਪ੍ਰਤੀਨਿਧੀ ਮੰਡਲ ਨੇ ਲੰਡਨ ਸਕੂਲ ਆਫ ਇਕਨੌਮਿਕਸ ਦੇ ਡਾਇਰੈਕਟਰ ਨਾਲ ਮੁਲਾਕਾਤ ਵੀ ਕੀਤੀ ਹੈ। ਉਥੇ ਜਲਦੀ ਹੀ ਅੰਬੇਦਕਰ ਚੇਅਰ ਸਥਾਪਤ ਕੀਤੀ ਜਾਵੇਗੀ। ਇਸ ਦਾ ਸਾਰਾ ਖਰਚਾ ਮਹਾਂਰਾਸ਼ਟਰ ਸਰਕਾਰ ਉਠਾਵੇਗੀ। ਅੰਬੇਦਕਰ ਸਕਾਲਸ਼ਿਪ ਦਾ ਖਰਚਾ ਲੰਡਨ ਸਕੂਲ ਆਫ ਇਕਨੌਮਿਕਸ ਵਲੋਂ ਕੀਤਾ ਜਾਵੇਗਾ। ਫੈਬੋ ਯੂ ਕੇ ਦੀ ਪ੍ਰਧਾਨ, ਸੰਤੋਸ਼ ਦਾਸ ਐਮ ਬੀ ਈ ਨੇ ਦਸਿਆ ਕਿ ਮੈਨੂੰ ਇਸ ਗਲ ਦੀ ਪ੍ਰਸੰਨਤਾ ਹੈ ਕਿ ਸਰਕਾਰ ਨੇ ਅੰਬੇਦਕਰ ਦੇ ਘਰ ਨੂੰ ਖਰੀਦ ਕੇ ਯਾਦਗਾਰ ਵਿਚ ਤਬਦੀਲ ਕਰਨ ਅਤੇ ਉਸ ਦੇ ਨਾਂ ਉਪਰ ਸਕਾਲਸ਼ਿਪ ਸਥਾਪਤ ਕਰਨ ਦੀਆਂ ਮੇਰੀਆਂ ਸਾਰੀਆਂ ਤਜਵੀਜ਼ਾਂ ਮੰਨ ਲਈਆਂ ਹਨ ਅਤੇ ਇਮਾਰਤ ਨੂੰ ਖਰੀਦਣ ਵਾਸਤੇ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਅੰਬੇਦਕਰ ਦੇ ਨਾਂ ਲੰਡਨ ਵਿਚ ਯਾਦਗਾਰ ਆਉਂਦੀਆਂ ਪੀੜ੍ਹੀਆਂ ਤਕ ਮਾਰਗ ਦਰਸ਼ਨ ਕਰਦੀ ਰਹੇਗੀ। ਇਹ ਕੇਵਲ ਦਲਿਤਾਂ ਵਾਸਤੇ ਹੀ ਨਹੀਂ ਸਗੋਂ ਸਮੂਹ ਭਾਰਤੀ ਭਾਈਚਾਰੇ ਵਾਸਤੇ ਮਾਣ ਦਾ ਸਬਬ ਬਣੇਗੀ। ਇਸ ਮੀਟਿੰਗ ਤੋਂ ਬਾਦ ਫੈਬੋ ਯੂ ਕੇ ਦੇ ਮੈਂਬਰਾਂ ਨੇ ਸਰਵੇਅਰ ਨਾਲ 10 ਕਿੰਗ ਹੈਨਰੀਜ਼ ਰੋਡ, ਲੰਡਨ ਵਿਖੇ ਬਾਬਾ ਸਾਹਿਬ ਦੇ ਘਰ ਦਾ ਦੌਰਾ ਕੀਤਾ ਤਾਂ ਕਿ ਇੱਥੇ ਇਕ ਢੁਕਵੀਂ ਯਾਦਗਾਰ ਬਣਾਉਣ ਦੀ ਯੋਜਨਾ ਬਣਾਈ ਸਕੇ।

ਲੰਡਨ ਦੌਰੇ ਦੇ ਆਖਰੀ ਦਿਨ ਸ੍ਰੀ ਬਡੋਲੇ ਅੰਬੇਦਕਰ ਸੈਂਟਰ ਸਾਊਥਾਲ ਪਹੁੰਚੇ ਜਿੱਥੇ ਉਨ੍ਹਾਂ ਦੇ ਸਵਾਗਤ ਵਾਸਤੇ ਇਕ ਪਬਲਿਕ ਮੀਟਿੰਗ ਰੱਖੀ ਗਈ। ਇੱਥੇ ਹੀ ਉਨ੍ਹਾਂ ਨੇ ਮਹਾਂਰਾਸ਼ਟਰ ਤੋਂ ਉਚ ਸ਼ਿਖਸ਼ਾ ਪ੍ਰਾਪਤੀ ਵਾਸਤੇ ਆਏ ਵਿਦਿਆਰਥੀਆਂ ਨੂੰ ਪੇਸ਼ ਆ ਰਹੀਆਂ ਔਕੜਾਂ ਬਾਰੇ ਵਿਚਾਰ ਵਟਾਂਦਰਾ ਕੀਤਾ।

# ਗਿਆਨ - ਵਿਗਿਆਨ



ਮੇਘ ਰਾਜ ਮਿੱਤਰ
+91-98887-87440

### ਸਿਨੇਮੇ ਦੀ ਛੱਤ ਤੇ ਪਲਾਈ ਕਿਉਂ ਲਾਈ ਜਾਂਦੀ ਹੈ?

ਜਦੋਂ ਅਸੀਂ ਹਥੌੜੇ ਨਾਲ ਲੱਕੜਾਂ ਪਾੜਦੇ ਹਾਂ ਤਾਂ ਹਥੌੜੇ ਦੀ ਅਵਾਜ਼ ਦੁਬਾਰਾ ਕਿਉਂ ਸੁਣਾਈ ਦਿੰਦੀ ਹੈ? ਕਿਸੇ ਖੂਹ ਵਿੱਚ ਆਵਾਜ਼ ਮਾਰਦੇ ਹਾਂ ਤਾਂ ਉਹ ਆਵਾਜ਼ ਮੁੜ ਕਿਉਂ ਸੁਣਾਈ ਦਿੰਦੀ ਹੈ? ਕੋਈ ਹਾਲ ਕਮਰਾ ਸਾਡੀ ਆਵਾਜ਼ ਨਾਲ ਕਿਉਂ ਗੂੰਜਦਾ ਹੈ? ਅਜਿਹੇ ਬਹੁਤ ਸਾਰੇ ਸਵਾਲ ਹਨ ਜੋ ਸਾਡੇ ਦਿਮਾਗ ਵਿੱਚ ਜਿਗਿਆਸਾ ਪੈਦਾ ਕਰਦੇ ਰਹਿੰਦੇ ਹਨ। ਅਉ ਇਹਨਾਂ ਦਾ ਕਾਰਨ ਜਾਣਣ ਦਾ ਯਤਨ ਕਰੀਏ।

ਅਸੀਂ ਜਾਣਦੇ ਹਾਂ ਕਿ ਆਵਾਜ਼ ਦੀਆਂ ਤਰੰਗਾਂ 340 ਮੀਟਰ ਦੀ ਦੂਰੀ ਇੱਕ ਸੈਕਿੰਡ ਵਿੱਚ ਤੈਅ ਕਰਦੀਆਂ ਹਨ। ਕਿਸੇ ਆਵਾਜ਼ ਦਾ ਅਸਰ ਸਾਡੇ ਕੰਨਾਂ ਤੇ ਇੱਕ ਸੈਕਿੰਡ ਦੇ ਦਸਵੇਂ ਭਾਗ ਤੋਂ ਪਹਿਲਾਂ ਹੀ ਸਾਡੇ ਕੰਨ ਨਾਲ ਦੁਬਾਰਾ ਆ ਟਕਰਾਉਂਦੀ ਹੈ ਤਾਂ ਉਹ ਸਾਨੂੰ ਸੁਣਾਈ ਨਹੀਂ ਦਿੰਦੀ। ਪਰ ਜੇ ਉਹ ਆਵਾਜ਼ ਇੱਕ ਸੈਕਿੰਡ ਦੇ ਦਸਵੇਂ ਭਾਗ ਨਾਲੋਂ ਵੱਧ ਸਮੇਂ ਪਿੱਛੋਂ ਸਾਡੇ ਕੰਨ ਤੇ ਆ ਟਕਰਾਉਂਦੀ ਹੈ ਤਾਂ ਉਹ ਸਾਨੂੰ ਸੁਣਾਈ ਨਹੀਂ ਦਿੰਦੀ। ਪਰ ਜੇ ਉਹ ਆਵਾਜ਼ ਇੱਕ ਸੈਕਿੰਡ ਦੇ ਦਸਵੇਂ ਭਾਗ ਨਾਲੋਂ ਵੱਧ ਸਮੇਂ ਪਿੱਛੋਂ ਸਾਡੇ ਕੰਨ ਤੇ ਆ ਟਕਰਾਉਂਦੀ ਹੈ ਤਾਂ ਉਹ ਸਾਨੂੰ ਦੁਬਾਰਾ ਸੁਣਾਈ ਦੇਵੇਗੀ। ਹੁਣ ਜੇ ਕਿਸੇ ਕੰਧ ਦੀ ਦੂਰੀ ਆਵਾਜ਼ ਪੈਦਾ ਕਰਨ ਵਾਲੇ ਸਥਾਨ ਤੋਂ 17 ਮੀਟਰ ਤੋਂ ਵੱਧ ਫਾਸਲਾ ਤੈਅ ਕਰਨਾ ਪਵੇਗਾ। ਇਸ ਲਈ ਆਵਾਜ਼ ਦੁਆਰਾ ਇਹ ਦੂਰੀ ਤੈਅ ਕਰਨ ਲਈ ਇੱਕ ਸੈਕਿੰਡ ਦੇ ਦਸਵੇਂ ਭਾਗ ਤੋਂ ਵੱਧ ਸਮਾਂ ਲੱਗੇਗਾ ਤਾਂ ਗੂੰਜ ਸੁਣਾਈ ਦੇਵੇਗੀ। ਇਸ ਲਈ ਗੂੰਜ ਸੁਣਾਈ ਦੇਣ ਲਈ ਰੁਕਾਵਟ ਆਵਾਜ਼ ਵਾਲੇ ਸਥਾਨ ਤੇ ਘੱਟੋ ਘੱਟ 17 ਮੀਟਰ ਦੂਰ ਹੋਣੀ ਚਾਹੀਦੀ ਹੈ। ਸਿਨੇਮੇ ਹਾਲ ਤੇ ਕਾਨਫਰੰਸ ਵਾਲੇ ਕਮਰਿਆਂ ਵਿੱਚੋਂ ਗੂੰਜ ਹਟਾਉਣ ਦੇ ਪ੍ਰਬੰਧ ਕੀਤੇ ਜਾਂਦੇ ਹਨ। ਤਾਂ ਜੋ ਬੁਲਾਰਿਆਂ ਦੀ ਆਵਾਜ਼ ਸਪਸ਼ਟ ਸੁਣਾਈ ਦੇ ਸਕੇ। ਇਸ ਲਈ ਸਿਨੇਮੇ ਹਾਲ ਤੇ ਕਾਨਫਰੰਸ ਦੇ ਕਮਰਿਆਂ ਵਿੱਚ ਕੰਧਾਂ ਤੇ ਛੱਤ ਤੇ ਅਵਾਜ਼ ਸੋਖਣ ਲਈ ਖੁਰਦਰੀ ਲੱਕੜੀ ਦੀ ਵਰਤੋਂ ਕੀਤੀ ਜਾਂਦੀ ਹੈ।

### ਮੌਸਮ ਸੰਬੰਧੀ ਭਵਿੱਖਬਾਣੀ ਕਿਵੇਂ ਕੀਤੀ ਜਾਂਦੀ ਹੈ?

ਅਖਬਾਰਾਂ, ਰੇਡੀਉ ਅਤੇ ਟੈਲੀਵੀਜ਼ਨਾਂ ਰਾਹੀਂ ਕਿਸਾਨਾਂ ਨੂੰ ਮੌਸਮ ਸੰਬੰਧੀ ਜਾਣਕਾਰੀ ਆਮ ਤੌਰ ਤੇ ਹਰ ਦੇਸ਼ ਵਿੱਚ ਦਿੱਤੀ ਜਾਂਦੀ ਹੈ। ਜਿੱਥੋਂ ਤੱਕ ਅੰਕੜਿਆਂ ਦਾ ਸਵਾਲ ਹੈ90% ਤੱਕ ਇਹ ਭਵਿੱਖ ਬਾਣੀਆਂ ਠੀਕ ਹੀ ਸਿੱਧ ਹੁੰਦੀਆਂ ਹਨ। ਅੱਜ ਕੱਲ ਸੰਚਾਰ ਉਪਗ੍ਰਹਿਆਂ ਨੇ ਤਾਂ ਮੌਸਮ ਦੀਆਂ ਭਵਿੱਖ ਬਾਣੀਆਂ ਸੰਬੰਧੀ ਢੰਗ ਤਰੀਕਿਆਂ ਵਿੱਚ ਹੋਰ ਵੀ ਵਿਕਾਸ ਕੀਤਾ ਹੈ।

ਦੇਸ਼ ਦੇ ਮੌਸਮ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਵਾਲੇ ਮਹਿਕਮੇ ਨੇ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਆਪਣੇ ਕੇਂਦਰ ਕਾਇਮ ਕੀਤੇ ਹੋਏ ਹਨ। ਇਹਨਾਂ ਕੇਂਦਰ ਤੇ ਬੈਠੇ ਮਾਹਿਰ ਦਿਨ ਦੇ ਕੁਝ ਨਿਸ਼ਚਿਤ ਅੰਤਰਾਂ ਤੇ ਇਹ ਗੱਲਾਂ ਨੋਟ ਕਰਦੇ ਰਹਿੰਦੇ ਹਨ। ਸਭ ਤੋਂ ਪਹਿਲਾਂ ਥਰਮਾਮੀਟਰ ਦੀ ਸਹਾਇਤਾ ਨਾਲ ਸਾਰੇ ਦਿਨ ਦੇ ਵੱਖ ਵੱਖ ਸਮਿਆਂ ਦਾ ਤਾਪਮਾਨ ਮਾਪਿਆ ਜਾਂਦਾ ਹੈ। ਅਧਿਕਤਮ ਅਤੇ ਨਿਊਨਤਮ ਥਰਮਾਮੀਟਰ ਨਾਲ ਦਿਨ ਦਾ ਵੱਧ ਤੋਂ ਵੱਧ ਅਤੇ ਘੱਟ ਤੋਂ ਘੱਟ ਤਾਪਮਾਨ ਪਤਾ ਕੀਤਾ ਜਾਂਦਾ ਹੈ। ਇਸ ਤਰ੍ਹਾਂ ਹਵਾ ਦੀ ਰਫ਼ਤਾਰ ਅਤੇ ਹਵਾ ਦੀ ਦਿਸ਼ਾ ਨੋਟ ਕੀਤੀ ਜਾਂਦੀ ਹੈ। ਬੈਰੋਮੀਟਰ ਦੀ ਸਹਾਇਤਾ ਨਾਲ ਵਾਯੂਮੰਡਲ ਦਾ ਦਬਾਉ ਅਤੇ ਹਾਈਗਰੋਮੀਟਰ ਦੀ ਸਹਾਇਤਾ ਨਾਲ ਹਵਾ ਵਿੱਚ ਨਮੀ ਦੀ ਮਾਤਰਾ ਲੱਭੀ ਜਾਂਦੀ ਹੈ। ਸੰਚਾਰ ਉਪਗ੍ਰਹਿ ਬੱਦਲਾਂ ਦੀ ਸਥਿਤੀ ਦਿਸ਼ਾਂ ਅਤੇ ਸੰਘਣਤਾ ਆਦਿ ਦਰਸਾਉਂਦੇ ਹਨ। ਇਹਨਾਂ ਸਾਰੇ ਅੰਕੜਿਆਂ ਦੇ ਅਧਾਰ ਤੇ ਕਰਦੇ ਹਨ ਜਿਸਦੇ ਠੀਕ ਸਿੱਧ ਹੋਣ ਦੀਆਂ ਸੰਭਾਵਨਾਵਾਂ ਕਾਫ਼ੀ ਵੱਧ ਹੁੰਦੀਆਂ ਹਨ।

### ਬੱਦਲਾਂ ਦੀ ਚਮਕ ਪਹਿਲਾਂ ਦਿਖਾਈ ਦਿੰਦੀ ਹੈ, ਗਰਜ ਪਿੱਛੋਂ ਸੁਣਾਈ ਦਿੰਦੀ ਹੈ

ਜੇ ਤੁਹਾਨੂੰ ਪੁੱਛਿਆ ਜਾਵੇ ਕਿ ਦਿੱਲੀ ਤੋਂ ਕਲਕੱਤੇ ਹਵਾਈ ਜਹਾਜ਼ ਜਾਂ ਕਾਰ ਵਿੱਚੋਂ ਕਿਹੜੀ ਚੀਜ਼ ਪਹਿਲਾਂ ਪਹੁੰਚੇਗੀ ਤਾਂ ਹਰੇਕ ਠੀਕ ਦਿਮਾਗ ਵਾਲੇ ਵਿਅਕਤੀ ਦਾ ਜਵਾਬ ਹੋਵੇਗਾ ਕਿ ਹਵਾਈ ਜਹਾਜ਼ ਪਹਿਲਾਂ ਪਹੁੰਚੇਗਾ।

ਅਸੀਂ ਜਾਣਦੇ ਹਾਂ ਕਿ ਆਵਾਜ਼ ਇੱਕ ਸੈਕਿੰਡ ਵਿੱਚ 340 ਮੀਟਰ ਦੀ ਦੂਰੀ ਤੈਅ ਕਰਦੀ ਹੈ। ਜਦੋਂ ਕਿ ਪ੍ਰਕਾਸ਼ ਇੱਕ ਸੈਕਿੰਡ ਵਿੱਚ ਤਿੰਨ ਲੱਖ ਕਿਲੋਮੀਟਰ ਦੀ ਦੂਰੀ ਤੈਅ ਕਰਦਾ ਹੈ। ਇਸ ਲਈ ਬੱਦਲਾਂ ਵਿੱਚੋਂ ਚਮਕ ਹੀ ਪਹਿਲਾਂ ਪਹੁੰਚਗੀ ਹੈ। ਆਵਾਜ਼ ਅਤੇ ਚਮਕ ਤੁਹਾਡੇ ਤੱਕ ਪਹੁੰਚਣ ਤੇ ਸਮੇਂ ਦੇ ਅੰਤਰ ਨੂੰ ਮਾਪ ਕੇ ਤੁਸੀਂ ਬੱਦਲਾਂ ਦੀ ਦੂਰੀ ਨੂੰ ਮਾਪ ਸਕਦੇ ਹੋ। ਬੱਦਲਾਂ ਦੀ ਦਿਸ਼ਾਂ ਦੇ ਕੋਣ ਨੂੰ ਮਾਪ ਕੇ ਬੱਦਲਾਂ ਦੀ ਧਰਤੀ ਤੋਂ ਉਚਾਈ ਵੀ ਮਾਪੀ ਜਾ ਸਕਦੀ ਹੈ।

### ਸੰਚਾਰ ਉਪਗ੍ਰਹਿ ਕੀ ਹੁੰਦੇ ਹਨ?

ਅੱਜ ਅਸੀਂ ਆਪਣੇ ਘਰ ਹੀ ਬੈਠੇ ਹੀ ਦੁਨੀਆਂ ਦੇ ਕਿਸੇ ਦੂਸਰੇ ਕੋਨੇ ਵਿੱਚ ਹੋ ਰਹੀਆਂ ਉਲੰਪਿਕ ਖੇਡਾਂ ਨੂੰ ਆਪਣੇ ਟੈਲੀਵੀਜ਼ਨ ਤੇ ਵੇਖ ਸਕਦੇ ਹਾਂ। ਬੈਠਿਆਂ ਹੀ ਅਸੀਂ ਟੈਲੀਫੋਨ ਤੇ ਵਿਦੇਸ਼ ਵਿੱਚ ਬੈਠੇ ਮਿੱਤਰਾਂ ਅਤੇ ਰਿਸ਼ਤੇਦਾਰਾਂ ਨਾਲ ਗੱਲਬਾਤ ਕਰ ਸਕਦੇ ਹਾਂ। ਇਹ ਸਾਰਾ ਕੁਝ ਸੰਚਾਰ ਉਪਗ੍ਰਹਿ ਰਾਹੀਂ ਹੀ ਸੰਭਵ ਹੋ ਸਕਿਆ ਹੈ। ਆਉ ਦੇਖੀਏ ਕਿ ਇਹ ਸੰਚਾਰ ਉਪਗ੍ਰਹਿ ਕੀ ਹਨ। ਸੰਚਾਰ ਉਪਗ੍ਰਹਿ ਵਿੱਚ ਸੂਰਜੀ ਨਾਲ ਬਿਜਲੀ ਪੈਦਾ ਕਰਨ ਵਾਲੇ ਹਜ਼ਾਰਾਂ ਹੀ ਨਿੱਕੇ-ਨਿੱਕੇ ਸੈਲ ਲੱਗੇ ਹੁੰਦੇ ਹਨ ਜਿਹੜੇ ਇਸਨੂੰ ਲਗਾਤਾਰ ਊਰਜਾ ਦੀ ਸਪਲਾਈ ਜਾਰੀ ਰੱਖਦੇ ਹਨ। ਧਰਤੀ ਤੇ ਵੱਖ ਵੱਖ ਕੇਂਦਰਾਂ ਤੋਂ ਸੂਚਨਾਵਾਂ ਪ੍ਰਾਪਤ ਕਰਨ ਲਈ ਰਿਸੀਵਰ ਲੱਗਿਆ ਹੁੰਦਾ ਹੈ। ਧਰਤੀ ਤੋਂ ਆ ਰਹੀ ਤਰੰਗਾਂ ਦੀ ਸ਼ਕਤੀ ਵਧਾਉਣ ਲਈ ਐਂਪਲੀਫਾਇਰ ਵੀ ਹੁੰਦਾ ਹੈ। ਮੁੜ ਧਰਤੀ ਤੇ ਇਹ ਸਿਗਨਲ ਵਾਪਿਸ ਭੇਜਣ ਲਈ ਇਸ ਵਿੱਚ ਟਰਾਂਸਮੀਟਰ ਵੀ ਹੁੰਦੇ ਹਨ।

ਇੱਕ ਬੂਸਟਰ ਰਾਕੇਟ ਇਸ ਸੰਚਾਰ ਉਪ-ਗ੍ਰਹਿ ਨੂੰ ਧਰਤੀ ਤੋਂ ਚੁੱਕ ਕੇ ਪੁਲਾੜ ਵਿੱਚ ਛੱਡ ਦਿੰਦੇ ਹੈ। ਇੱਕ ਅੰਡਾਕਾਰ ਪੱਥ ਤੇ ਇਹ ਨਿਸ਼ਚਿਤ ਸਮੇਂ ਵਿੱਚ ਧਰਤੀ ਦੁਆਲੇ ਚੱਕਰ ਕੱਢਦਾ ਰਹਿੰਦਾ ਹੈ। ਧਰਤੀ ਦੀ ਗੁਰਤਾ ਖਿੱਚ ਅਤੇ ਸੰਚਾਰ ਉਪਗ੍ਰਹਿ ਦਾ ਕੇਂਦਰੀ ਅਪਸਾਰੀ ਬਲ ਇਸਨੂੰ ਆਪਣੇ ਪੰਧ ਤੇ ਰੱਖਦੇ ਹਨ। ਧਰਤੀ ਤੋਂ ਭੇਜੇ ਜਾਣ ਵਾਲੇ ਸੁਨੇਹੇ ਨੂੰ ਉੱਚੀ ਆਵ੍ਰਿਤੀ ਵਾਲੀਆਂ ਸੂਖਮ ਤਰੰਗਾਂ ਵਿੱਚ ਬਦਲ ਕੇ ਧਰਤੀ ਦੇ ਸੰਚਾਰ ਕੇਂਦਰ ਤੋਂ ਉਪ ਗ੍ਰਹਿ ਤੱਕ ਭੇਜਿਆ ਜਾਂਦਾ ਹੈ। ਉਪਗ੍ਰਹਿ ਐਂਟੀਨਾ ਇਹਨਾਂ ਬਿਜਲੀ ਚੁੰਬਕੀ ਤਰੰਗਾਂ ਨੂੰ ਗ੍ਰਹਿਣ ਕਰ ਲੈਂਦਾ ਹੈ।

ਫਿਰ ਇਹਨਾਂ ਸੂਖਮ ਤਰੰਗਾਂ ਦੀ ਤਾਕਤ ਨੂੰ ਵਾਧਾ ਕੇ ਆਵਿਰਤੀ ਨੂੰ ਘਟਾ ਕੇ ਇਸਨੂੰ ਭੇਜੀ ਜਾਂਦਾ ਹੈ। ਇਹ ਧਰਤੀ ਤੇ ਸਥਿਰ ਕੇਂਦਰ ਇਸ ਸੁਨੇਹੇ ਨੂੰ ਠੀਕ ਸਥਾਨ ਤੇ ਪਹੁੰਚ ਦਿੰਦਾ ਹੈ। ਇਸ ਲਈ ਧਰਤੀ ਤੇ ਵਿਛਾਈਆਂ ਜਾਣ ਵਾਲੀਆਂ ਤਰੰਗਾਂ ਦੀ ਕੋਈ ਲੋੜ ਨਹੀਂ ਰਹਿ ਜਾਂਦੀ ਹੈ।

ਅੱਜ ਸੰਸਾਰ ਦੇ ਸੈਂਕੜ ਦੇਸ਼ਾਂ ਕੋਲ ਆਪਣੇ ਉਪਗ੍ਰਹਿ ਹਨ। ਭਾਰਤ ਵੀ ਅਜਿਹੇ ਕਈ ਉਪਗ੍ਰਹਿ ਹੁਣ ਤੱਕ ਪੁਲਾੜ ਵਿੱਚ ਭੇਜ ਚੁੱਕਿਆ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਮਾਤਾ ਗਿਆਨ ਕੌਰ ਬਾਗਲਾ ਨਹੀਂ ਰਹੇ, ਅੰਤਿਮ ਅਰਦਾਸ ਮੌਕੇ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ











ਫਰਿਜ਼ਨੋ- ਸ. ਲਛਮਣ ਸਿੰਘ ਬਾਗਲਾ ਅਤੇ ਉਹਨਾਂ ਦੇ ਪਰਿਵਾਰ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਿਆ ਜਦੋਂ ਉਹਨਾਂ ਦੀ ਸੁਪਤਨੀ ਬੀਬੀ ਗਿਆਨ ਕੌਰ ਬਾਗਲਾ ਸੰਸਾਰ ਵਿਛੋੜ ਦੇ ਕੇ 30 ਅਪ੍ਰੈਲ ਨੂੰ ਸਵਰਗਵਾਸ ਹੋ ਗਏ। ਉਹਨਾਂ ਦੇ ਅੰਤਿਮ ਸਸਕਾਰ 11 ਮਈ ਨੂੰ ਹੋਇਆ ਅਤੇ ਉਸ ਤੋਂ ਬਾਅਦ ਸਹਿਜ ਪਾਠ ਦੇ ਭੋਗ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਫਰਿਜ਼ਨੋ (ਕੈਲੀਫੋਰਨੀਆ) ਵਿਖੇ ਪਾਏ ਗਏ। ਉਹਨਾਂ ਨੂੰ ਸ਼ਰਧਾਂਜਲੀ ਦੇਣ ਲਈ ਗੁਰੂ ਘਰ ਦੀ ਪ੍ਰਬੰਧਕ ਕਮੇਟੀ, ਉਹਨਾਂ ਦੇ ਕਰੀਬੀ ਰਿਸ਼ਤੇਦਾਰ, ਦੋਸਤ ਮਿੱਤਰ ਅਤੇ ਭਾਰੀ ਗਿਣਤੀ ਵਿਚ ਸੰਗਤ ਗੁਰਦੁਆਰਾ ਸਾਹਿਬ ਪਹੁੰਚੀ।


## ਵਿਆਹ ਸ਼ਾਦੀ

ਰੰਗ ਗੋਰਾ, ਕੱਦ 5 ਫੁੱਟ 11 ਇੰਚ, ਉਮਰ 23 ਸਾਲ, ਮਕੈਨੀਕਲ ਇੰਜੀਨੀਅਰ (ਬੀ ਟੈਕ ) ਐਮ ਟੈਕ ਸ਼ੁਰੂ, ਪਿਤਾ ਸਰਕਾਰੀ ਨੌਕਰੀ (ਲੁਧਿਆਣਾ ਪੰਜਾਬ), ਸੁੰਦਰ ਸੁਸ਼ੀਲ ਲੜਕੇ ਦੇ ਲਈ ਅਮਰੀਕਾ ਵਿਚ ਰਹਿੰਦੀ ਸੁੰਦਰ ਲੜਕੀ ਦੀ ਲੋੜ ਹੈ। ਦੁਆਬੇ ਨੂੰ ਪਹਿਲ ਦਿਤੀ ਜਾਵੇਗੀ।

ਸੰਪਰਕ ਕਰੋ: 09417600014, 09417177666 (ਮੋਬਾਇਲ), ਈਮੇਲ


amarjitchander@yahoo.com

ਅਤੇ

Lovelychndr3@gmail.com


## ਵਿਗਿਆਨੀਆਂ ਨੂੰ ਮਿਲੀ ਨਵੀ ਧਰਤੀ, ਸਾਬਤ ਹੋ ਸਕਦੀ ਹੈ ਸਫਲਤਾ!

ਵਾਸ਼ਿੰਗਟਨ— ਨਾਸਾ ਦੇ ਕੇਪਲਰ ਸਪੇਸ ਟੈਲੀਸਕੋਪ ਨੂੰ ਧਰਤੀ ਵਰਗਾ ਇਕ ਗ੍ਰਹਿ ਦਿਖਾਈ ਦਿੱਤਾ। ਇਹ ਗ੍ਰਹਿ ਸਾਡੀ ਅਕਾਸ਼ਗੰਗਾ ਵਿਚ ਹੀ ਹੈ। ਇਸ ਦਾ ਨਾਂ 'ਕੇਪਲਰ 186 ਐਫ' ਦਿੱਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ 'ਕੇਪਲਰ 186 ਐਫ' ਧਰਤੀ ਤੋਂ 500 ਪ੍ਰਕਾਸ਼ ਸਾਲ ਦੀ ਦੂਰੀ 'ਤੇ ਹੈ। ਜਿਸ ਜੋਨ ਵਿਚ ਕੇਪਲਰ 186 ਐਫ ਹੈ, ਉਸ ਨੂੰ ਗੋਲਡੀਲਾਕ ਜੋਨ ਕਿਹਾ ਜਾਂਦਾ ਹੈ। ਇਹ ਸਿਤਾਰੇ ਆਸ-ਪਾਸ ਦਾ ਉਹ ਖੇਤਰ ਹੈ, ਜਿਸ ਵਿਚ ਗ੍ਰਹਿਆਂ ਨੂੰ ਹੋਂਦ ਵਿਚ ਲਿਆਉਣ ਲਾਇਕ ਚੀਜ਼ਾਂ ਪਾਈਆਂ ਗਈਆਂ ਹਨ। ਜਿਵੇਂ ਹੀ ਐਟਮਾਸਫੇਰਿਕ ਪ੍ਰੈਸ਼ਰ। ਇਸ ਦਾ ਮਤਲਬ ਇੱਥੇ ਪਾਣੀ ਹੋਂਦ ਵਿਚ ਹੋ ਸਕਦਾ ਹੈ।




ਵਿਗਿਆਨੀਆਂ ਦਾ ਕਹਿਣਾ ਹੈ ਕਿ 'ਕੇਪਲਰ 186 ਐਫ' ਤੋਂ ਇਲਾਵਾ ਚਾਰ ਹੋਰ ਗ੍ਰਹਿ 'ਕੇਪਲਰ 186 ਐਫ' ਸਿਸਟਮ ਦੇ ਆਸ-ਪਾਸ ਘੁੰਮ ਰਹੇ ਹਨ। ਜਿਵੇਂ ਸਾਡੇ ਗ੍ਰਹਿ ਦੇ ਨੇੜੇ ਸਭ ਤੋਂ ਵੱਡਾ ਤਾਰਾ ਸੂਰਜ ਹੈ, ਉਂਝ ਹੀ ਇਨ੍ਹਾਂ ਗ੍ਰਹਿਆਂ ਦੇ ਨੇੜੇ ਦੇ ਗ੍ਰਹਿਆਂ ਦਾ ਵੀ ਉੱਤੇ ਜ਼ਿੰਦਗੀ ਪੈਦਾ ਕਰ ਵਿਚ ਵੱਡਾ ਯੋਗਦਾਨ ਹੋ ਸਕਦਾ ਹੈ। ਕੇਪਲਰ 184 ਐਫ ਦੀ ਗਣਤਾ ਅਤੇ ਭਾਰ ਸੌਰ ਮੰਡਲ ਦੇ ਸੂਰਜ ਦਾ ਅੱਧਾ ਹੈ। ਸਾਡੀ ਧਰਤੀ ਜਿੰਨਾਂ ਸੂਰਜ ਵਿਚ ਐਨਰਜੀ ਲਿਆਉਂਦੀ ਹੈ, ਕੇਪਲਰ 186 ਐਫ ਵੀ ਉਸ ਦਾ ਅੱਧਾ ਕੰਮ ਕਰਨ ਵਿਚ ਸਮਰਥਾ ਹੈ। ਕੇਪਲਰ ਐਫ ਆਪਣੇ ਤਾਰੇ ਦੇ ਆਸ-ਪਾਸ 130 ਦਿਨਾਂ ਵਿਚ ਇਕ ਵਾਰ ਚੱਕਰ ਕੱਟ ਲੈਂਦਾ ਹੈ।


## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ

* ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
* ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
* ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
* 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।



Call For Special Price

Kashmir S. Thandi
Office: (866) 933-3038

Balhar S. Ranu
Cell: 916-502-7733



Yuba City Ph: 530-419-5058

1816 Main Ave.,
Secramento CA, 95838



## ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ



ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ, ਉਸ ਨੂੰ ਵਧੀਆ ਮਿਹਨਤਾਨਾ ਦਿੱਤਾ ਜਾਵੇਗਾ।

ਹੋਰ ਜਾਣਕਾਰੀ ਲਈ ਸੰਪਰਕ ਕਰੋ

209-479-0242



# ਲੋਕ ਵਿਰਸਾ

## ਮੈਂ ਅੰਤ ਜੋ ਲੈਂਦੀ ਤੇਰਾ



ਡਾ. ਕਰਮਜੀਤ ਸਿੰਘ
91-98763-23862

ਬਿਆਈਆਂ (ਜਨਮ ਦੇ ਗੀਤ) ਜਿਸ ਵਾਤਾਵਰਣ ਵਿਚ ਗਾਈਆਂ ਜਾਂਦੀਆਂ ਹਨ, ਉਸ ਵਿਚੋਂ ਮੁੰਡੇ ਦੇ ਜੰਮਣ ਦੀ ਖੁਸ਼ੀ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਹਰ ਆਦਮੀ ਉਤਸ਼ਾਹ ਨਾਲ ਭਰਿਆ ਕੁਝ ਲੈ ਕੇ ਆ ਰਿਹਾ ਹੈ, ਕੁਝ ਲਾਗ ਵਜੋਂ ਲੈ ਕੇ ਜਾ ਰਿਹਾ ਹੈ। ਹਰ ਕੋਈ ਵਧਾਈਆਂ ਦੇ ਰਿਹਾ ਹੈ ਤੇ ਵਧਾਈਆਂ ਲੈ ਰਿਹਾ ਹੈ। ਕਦੇ ਬੱਚਾ ਜੰਮਣ ਤੋਂ ਪਹਿਲਾਂ, ਕਿਉਂਕਿ ਇਹ ਨਹੀਂ ਸੀ ਪਤਾ ਹੁੰਦਾ ਕਿ ਕੁੜੀ ਹੋਵੇਗੀ ਜਾਂ ਮੁੰਡਾ, ਇਸ ਲਈ ਘੱਟੋ-ਘੱਟ ਜੰਮਣ ਤੋਂ ਪਹਿਲਾਂ ਦੀਆਂ ਸਾਰੀਆਂ ਰਸਮਾਂ ਕੀਤੀਆਂ ਜਾਂਦੀਆਂ ਸਨ। ਜੱਚਾ ਨੂੰ ਪੇਕੇ ਤੋਰਨ ਤੋਂ ਲੈ ਕੇ ਜੰਮਣ ਤੱਕ ਦੀਆਂ ਸਾਰੀਆਂ ਰਸਮਾਂ। ਹੁਣ ਤਾਂ ਤੀਜੇ ਮਹੀਨੇ ਦੇ ਗਰਭ ਤੋਂ ਬਾਅਦ ਜੇ ਪਤਾ ਲੱਗ ਜਾਏ ਕਿ ਕੁੜੀ ਹੈ (ਅਲਟਰਾਸਾਊਂਡ ਰਾਹੀਂ) ਤਾਂ ਮੂੰਹ ਲਟਕ ਜਾਂਦੇ ਹਨ। ਇਕਦਮ ਗਰਭਪਾਤ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਨਵੀਨ ਤਕਨੀਕੀ ਤੇ ਮੈਡੀਕਲ ਸਾਇੰਸ ਨੇ ਕੁੜੀ ਨੂੰ ਗਰਭ ਵਿਚ ਹੀ ਮਾਰਨ ਦੇ ਸਾਮਾਨ ਪੈਦਾ ਕਰ ਦਿੱਤੇ ਹਨ। ਪਰ ਇਸ ਪਿੱਛੇ ਉਪਰੋਕਤ ਦ੍ਰਿਸ਼ਟੀ ਕਾਰਜਸ਼ੀਲ ਰਹਿੰਦੀ ਹੈ। ਕੁੜੀ ਜੰਮਣ ਤੋਂ ਬਾਅਦ ਤਾਂ ਨੱਕ/ਕੰਨ ਬਿਨ੍ਹਾਉਣ ਦੀ ਰਸਮ ਵੀ ਠੀਕ ਢੰਗ ਨਾਲ ਨਹੀਂ ਕੀਤੀ ਜਾਂਦੀ। ਛੱਟੀ/ਪੱਗ ਬੰਨ੍ਹਾਈ ਆਦਿ ਸਾਰੀਆਂ ਰਸਮਾਂ ਮੁੰਡੇ ਲਈ ਰਾਖਵੀਆਂ ਹਨ। ਜਦੋਂ ਸਾਡੀ ਬੇਟੀ ਜੋਤੀ ਦਾ ਜਨਮ ਹੋਣਾ ਸੀ ਤਾਂ ਸਾਡੀ ਮਾਤਾ ਨੇ ਅਖੰਡ ਪਾਠ ਸੁੱਖਿਆ। ਹੁਣ ਬੇਟੀ ਪੰਦਰਾਂ ਸਾਲ ਦੀ ਹੋ ਗਈ ਹੈ ਪਰ ਉਹ ਮੁੱਕਰ ਗਏ ਕਿ ਉਨ੍ਹਾਂ ਨੇ ਅਜਿਹੀ ਕੋਈ ਸੁੱਖਣਾ ਨਹੀਂ ਕੀਤੀ ਸੀ। ਇਸ ਗੱਲ ਤੋਂ ਸਾਡੀ ਕਈ ਵਾਰ ਝੜਪ ਵੀ ਹੋਈ ਹੈ, ਪਰ ਉਹ ਆਪਣੇ ਸੰਸਕਾਰਾਂ ਵਿਚ ਉਲਝੇ ਹੋਏ ਹਨ। ਹਾਂ ਉਹ ਅਖੰਡ ਪਾਠ ਪੋਤੇ ਲਈ ਜ਼ਰੂਰ ਕਰਵਾ ਚੁੱਕੇ ਹਨ। ਅਸੀਂ ਬਿਟੀਆ ਦੇ ਜੰਮਣ 'ਤੇ ਲੱਡੂ ਵੰਡਣ ਤੋਂ ਲੈ ਕੇ ਹਰ ਖੁਸ਼ੀ ਕੀਤੀ ਤੇ ਹਰ ਸਾਲ ਉਸ ਦਾ ਜਨਮ ਦਿਨ ਵੀ ਮਨਾਈਦਾ ਹੈ ਜੋ ਸਾਡੇ ਘਰਦਿਆਂ ਬਜ਼ੁਰਗਾਂ ਦੇ ਪੂਰੀ ਤਰ੍ਹਾਂ ਕਦੇ ਗਲੇ ਨਹੀਂ ਉਤਰਿਆ।

ਖ਼ੈਰ ਗੱਲ ਚਲ ਰਹੀ ਸੀ ਮੁੰਡੇ ਜੰਮਣ ਦੀਆਂ ਖੁਸ਼ੀਆਂ ਦੀ। ਵਾਰਿਸ ਪੈਦਾ ਹੋਣ ਤੋਂ ਪੈਦਾ ਹੋਏ ਉਤਸ਼ਾਹ ਦੀ। ਇਸ ਉਤਸ਼ਾਹ ਵਿਚੋਂ ਪੈਦਾ ਹੋਏ ਗੀਤਾਂ ਦਾ ਹੀਰੋ ਨਵ-ਜੰਮਿਆ ਮੁੰਡਾ ਹੈ, ਜਿਸ ਨੇ ਆਪਣੀ ਮਾਂ ਨੂੰ ਵੀ ਸਮਾਜ ਵਿਚ ਮਾਣ ਦੁਆ ਦਿੱਤਾ ਹੈ। ਇਸ ਸਮੇਂ ਨਾਲ ਜੁੜੇ ਲੰਬੇ ਗੀਤ (ਗਾਉਣਾਂ) ਦਾ ਆਪਣਾ ਵੱਖਰਾ ਵਿਸ਼ਾ ਹੈ। ਹਿੰਦੂ ਪਰਿਵਾਰਾਂ ਵਿਚ ਇਸ ਸਾਰੇ ਪ੍ਰਸੰਗ ਨੂੰ ਕ੍ਰਿਸ਼ਨ ਦੇ ਪੈਦਾ ਹੋਣ ਦੇ ਪ੍ਰਸੰਗ ਨਾਲ ਜੋੜ ਕੇ ਗਾਇਆ ਜਾਂਦਾ ਹੈ। 'ਸਉਣ ਮਹੀਨੇ ਦੀਆਂ ਕਾਲ਼ੀਆਂ ਰਾਤੀਂ ਜਨਮਿਆ ਕ੍ਰਿਸ਼ਨ ਮੁਰਾਰੀ ਹੋ।' ਅਸੰਭਵ ਕਿਸਮ ਦੀਆਂ ਚੀਜ਼ਾਂ ਦੀ ਮੰਗ ਕੀਤੀ ਜਾਂਦੀ ਹੈ। ਸਹੁਰੇ ਘਰ ਦੇ ਜੀਆਂ ਨਾਲ ਜੱਚਾ ਦੇ ਤਕਰਾਰ ਹਨ। ਇਸ ਸਮੇਂ ਧੀ ਧਿਆਣੀ ਨਣਾਨ ਹੈ, ਜੋ ਭੂਆ ਬਣ ਕੇ ਕੁਝ ਕਰਕੇ ਆਉਂਦੀ ਹੈ ਤੇ ਬਹੁਤ ਕੁਝ ਲੈ ਕ ਜਾਂਦੀ ਹੈ। ਸਮਾਜਿਕ ਜੀਵਨ ਵਿਚ ਉਸ ਨੂੰ ਸੰਤੁਸ਼ਟ ਕਰਨ ਦਾ ਯਤਨ ਕੀਤਾ ਜਾਂਦਾ ਹੈ, ਪਰ ਗੀਤਾਂ ਵਿਚ ਉਸ ਨੂੰ ਕਈ ਵਾਰੀ ਖ਼ਾਲੀ ਵੀ ਤੋਰ ਦਿੱਤਾ ਜਾਂਦਾ ਹੈ ਜਿਸ ਤੋਂ ਕਈ ਸਮਾਜਿਕ ਤਣਾਉ ਪੈਦਾ ਹੁੰਦੇ ਹਨ। ਇਕ ਬ੍ਰਿਆਈ ਵਿਚ ਨਣਦ ਨੂੰ ਦਿੱਤੇ ਗਹਿਣੇ ਆਦਿ ਵੀ ਭਰਜਾਈ ਗਲੇ ਮਿਲਦੇ ਸਮੇਂ ਲਾਹ ਲੈਂਦੀ ਹੈ। ਅਜਿਹੀਆਂ ਸਥਿਤੀਆਂ ਹਾਸ-ਰਸ ਸਿਰਜਦੀਆਂ ਹਨ। ਸ੍ਰੋਤੇ-ਗਾਇਕ ਪੂਰਾ ਸੁਆਦ ਲੈਂਦੇ ਹਨ। ਜੋ ਬ੍ਰਿਆਈ ਮੈਂ ਪਾਠਕਾਂ ਨੂੰ ਸੁਣਾਉਣ ਜਾ ਰਿਹਾ ਹਾਂ ਉਸ ਦਾ ਹਾਸ-ਵਿਅੰਗ 'ਡੋਰੀਏ' ਦੇ ਆਲੇ-ਦੁਆਲੇ ਬੁਣਿਆ ਹੋਇਆ ਹੈ।

ਇਸ ਗੀਤ ਦੀ ਸ਼ੁਰੂਆਤ ਟੀਂਡੇ (ਕਪਾਹ ਦੇ) ਤੋਂ ਸ਼ੁਰੂ ਹੁੰਦੀ ਹੈ। ਕਿਸਾਨੀ ਜੀਵਨ ਵਿਚੋਂ ਉਪਜੇ ਬਹੁਤ ਸਾਰੇ ਗੀਤ ਫ਼ਸਲਾਂ ਦੇ ਬੀਜਣ ਤੋਂ ਲੈ ਕੇ ਵੱਢਣ ਦੀ ਪ੍ਰਕਿਰਿਆ ਤੱਕ ਦੇ ਵੇਰਵੇ ਸਿਰਜਦੇ ਹਨ। ਭਾਵੇਂ ਇਹ ਫ਼ਸਲ ਮੋਠ-ਬਾਜਰੇ ਦੀ ਹੋਵੇ ਜਾਂ ਭੰਗੀਏ ਦੇ ਭੰਗ ਦੀ। ਪਰ ਹਥਲਾ ਗੀਤ ਇੱਥੋਂ ਤੱਕ ਹੀ ਸੀਮਤ ਨਹੀਂ ਰਹਿੰਦਾ।

ਦੂਰੋਂ ਲਹੌਰੋਂ ਟੀਂਡਾ ਆਇਆ, ਮੈਂ ਦਰ ਵਿਚ ਸੁੱਕਣਾ ਪਾਇਆ,
ਭੈਣੋਂ ਮੈਂ ਦਰ ਵਿਚ ਸੁਕਣਾ ਪਾਇਆ।
ਸੁੱਕਿਆ ਸੁਕਾਇਆ ਘਰ ਵਿਚ ਆਇਆ, ਮੈਂ ਚੱਕ ਵੇਲਣਾ ਡਾਹਿਆ।
ਭੈਣੋਂ ਮੈਂ ਚੱਕ ਬੇਲਣਾ ਡਾਇਆ।
ਬੇਲਿਆ ਬਲਾਇਆ, ਘਰ ਵਿਚ ਆਇਆ।
ਸਰੈੜੇ ਫੇਰਾ ਪਾਇਆ, ਭੈਣੋਂ ਸਰੈੜੇ ਫੇਰਾ ਪਾਇਆ।
ਪਿੰਜਿਆ ਪੰਜਾਇਆ, ਘਰ ਵਿਚ ਆਇਆ।
ਮੈਂ ਚੱਕ ਚਰਖਾ ਡਾਹਿਆ।

ਇਨ੍ਹਾਂ ਪੰਗਤੀਆਂ ਵਿਚ ਕਪਾਹ ਤੋਂ ਕੱਪੜਾ ਬਣਨ ਦੀ ਪ੍ਰਕਿਰਿਆ ਵਿਚ ਜਿਨ੍ਹਾਂ ਬੰਦਿਆਂ ਦਾ ਯੋਗਦਾਨ ਹੈ, ਉਨ੍ਹਾਂ ਦਾ ਜ਼ਿਕਰ ਆਉਣਾ ਸੁਭਾਵਿਕ ਹੈ। ਇਨ੍ਹਾਂ ਪੰਗਤੀਆਂ ਵਿਚ ਜਾਗੀਰਦਾਰੀ ਪਿੰਡਾਂ ਦਾ ਚਿੱਤਰ ਹੈ ਜੋ ਇਕ ਪੱਧਰ ਤੱਕ ਸਵੈ-ਨਿਰਭਰ ਵੀ ਹੁੰਦੇ ਹਨ। ਵੱਖ-ਵੱਖ ਕਿੱਤਿਆਂ ਨਾਲ ਜੁੜੇ ਲੋਕਾਂ ਦੀ ਇਕ ਪੂਰੀ ਕੜੀ ਹੈ ਤੇ ਉਨ੍ਹਾਂ ਦੁਆਰਾ ਵਰਤੀਆਂ ਚੀਜ਼ਾਂ ਦਾ ਆਪਣਾ ਸਭਿਆਚਾਰਕ ਮੁੱਲ। ਇਨ੍ਹਾਂ ਪੰਗਤੀਆਂ ਵਿਚ ਅਜਿਹੇ ਸੰਦ/ਚੀਜ਼ਾਂ ਵੀ ਹਨ ਜੋ ਹੁਣ ਅਲੋਪ ਹੋ ਰਹੀਆਂ ਹਨ। ਸ਼ਾਇਦ ਨਵੀਂ ਪੀੜ੍ਹੀ ਇਨ੍ਹਾਂ ਨੂੰ ਅਜਾਇਬ ਘਰਾਂ ਵਿਚ ਦੇਖਿਆ ਕਰੇਗੀ।

ਟੀਂਡੇ ਦੇ ਦੂਰੋਂ ਲਹੌਰੋਂ ਆਉਣ ਦੇ ਜ਼ਿਕਰ ਤੋਂ ਸਾਫ਼ ਹੈ ਕਿ ਕੋਈ ਖਾਸ ਚੀਜ਼ ਬੁਣਨ ਦੀ ਤਿਆਰੀ ਕੀਤੀ ਜਾ ਰਹੀ ਹੈ। ਤੋੜੀ ਕਪਾਹ (ਚੁਗੀ) ਨੂੰ ਪਹਿਲਾਂ ਸੁਕਾਉਣ ਦਾ ਕੰਮ ਤੇ ਵੇਲਣ ਦਾ ਕੰਮ ਤੇ ਬਾਅਦ ਵਿਚ ਕੱਤਣ ਦਾ ਕੰਮ ਔਰਤ ਨੇ ਖ਼ੁਦ ਕੀਤਾ ਹੈ। ਇਸ ਤੋਂ ਬਾਅਦ ਹੀ ਸਰੈੜੇ (ਰੂੰ ਪਿੰਜਣ ਵਾਲੀ ਜਾਤੀ) ਦਾ ਆਗਮਨ ਹੁੰਦਾ ਹੈ। ਵੈਸੇ ਸਰੈੜਾ ਘਰ ਵਿਚ ਨਹੀਂ ਆਉਂਦਾ, ਪਰੰਤੂ ਚੀਜ਼ ਖ਼ਾਸ ਬਣ ਰਹੀ ਹੈ। ਇਸ ਲਈ ਉਨ੍ਹਾਂ ਨੂੰ ਘਰ ਵਿਚ ਸੱਦਿਆ ਗਿਆ ਹੈ। ਪਰ ਇਹ ਪ੍ਰਕਿਰਿਆ ਅਜੇ ਪੂਰੀ ਨਹੀਂ ਹੁੰਦੀ।

ਕੱਤਿਆ ਕਤਾਇਆ ਘਰ ਵਿਚ ਆਇਆ।
ਜੁਲਾਹੇ ਫੇਰਾ ਪਾਇਆ, ਭੈਣੋਂ ਜੁਲਾਹੇ ਫੇਰਾ ਪਾਇਆ।
ਬੁਣਿਆ ਬੁਣਾਇਆ ਘਰ ਵਿਚ ਆਇਆ,
ਧੋਬੀ ਫੇਰਾ ਪਾਇਆ, ਭੈਣੋਂ ਧੋਬੀ ਫੇਰਾ ਪਾਇਆ।
ਧੋਤਾ ਧੁਆਇਆ, ਘਰ ਵਿਚ ਆਇਆ।
ਦਰਜੀ ਫੇਰਾ ਪਾਇਆ, ਭੈਣੋਂ ਦਰਜੀ ਫੇਰਾ ਪਾਇਆ।
ਸੀਤਾ ਸਮਾਇਆ ਘਰ ਵਿਚ ਆਇਆ।
ਲਲਾਰੀ ਫੇਰਾ ਪਾਇਆ, ਭੈਣੋਂ ਲਲਾਰੀ ਫੇਰਾ ਪਾਇਆ।
ਰੰਗਿਆ ਰੰਗਾਇਆ, ਘਰ ਵਿਚ ਆਇਆ।
ਮੈਂ ਚੱਕ ਪਟਾਰੀ ਪਾਇਆ, ਭੈਣੋਂ ਮੈਂ ਚੱਕ ਪਟਾਰੀ ਪਾਇਆ।

ਕੱਤੇ ਹੋਏ ਧਾਗੇ ਨੂੰ ਜੁਲਾਹੇ ਨੇ ਕੱਪੜੇ ਵਿਚ ਬਦਲ ਦਿੱਤਾ। ਧੋਬੀ ਨੇ ਧੋਤਾ ਦਰਜੀ ਨੇ ਸੀਅ ਕੇ ਉਸ ਨੂੰ ਅਜਿਹੇ ਬਰੀਕ ਧਾਰੀਧਾਰ ਕੱਪੜੇ ਵਿਚ ਤਬਦੀਲ ਕਰ ਦਿੱਤਾ ਜਿਹੜਾ ਔਰਤ ਲਈ ਬੇਕੀਮਤੀ ਹੈ।

ਪਰ ਏਨੀ ਮਿਹਨਤ ਤੋਂ ਬਾਅਦ ਜੇ ਕੋਈ ਇਹ ਡੋਰੀਆ ਮੰਗ ਲਵੇ ਤਾਂ ਔਰਤ ਤਾਂ ਕੀ ਕੋਈ ਵੀ ਇਨਕਾਰ ਕਰ ਦੇਵੇਗਾ। ਪਰੰਤੂ ਮੁੰਡੇ ਜੰਮੇ 'ਤੇ ਜੇ ਨਣਦ ਇਸ ਦੀ ਮੰਗ ਕਰ ਲਵੇ ਤਾਂ ਵੱਖਰੀ ਹੀ ਸਥਿਤੀ ਪੈਦਾ ਹੋ ਜਾਂਦੀ ਹੈ। ਦੋ ਧਿਰਾਂ ਆਪਣਾ ਥਾਂ ਅੜ ਜਾਂਦੀਆਂ ਹਨ। ਇਕ ਧਿਰ ਡੋਰੀਏ ਦੀ ਥਾਂ ਕੁਝ ਵੀ ਹੋਰ ਦੇਣ ਨੂੰ ਤਿਆਰ ਹੈ। ਪਰ ਦੂਸਰੀ ਇਸੇ ਨੂੰ ਹੀ ਲੈਣ ਲਈ ਬਜ਼ਿੱਦ। ਇਸੇ ਵਿਚੋਂ ਤਾਂ ਗੀਤ ਦਾ ਸੁਹਜ ਉੱਘੜ ਰਿਹਾ ਹੈ।

ਦੂਰੋਂ ਲਹੌਰੋਂ ਨਣਦੇ ਆਈ, ਆਪਣੇ ਹੋਲਰ ਦੀ ਸੋਅ ਸੁਣ ਕੇ
ਭੈਣੋਂ ਆਪਣੇ ਹੋਲਰ ਦੀ ਸੋਅ ਸੁਣ ਕੇ।
ਦੂਰੋਂ ਲਹੌਰੋਂ ਨਣਦੇ ਆਈ, ਮੈਂ ਡੋਰੀਆ ਲੈ ਜਾਣਾ,
ਭਾਬੋ ਡੋਰੀਆ ਲੈ ਜਾਣਾ।
ਸੁਣ ਨੀ ਨਣਦੇ ਬੈਠ ਪਲੰਘ ਤੇ, ਕੋਈ ਮੰਗ ਵੀਰੇ ਤੋਂ ਵਧਾਈ,
ਅੜੀਏ ਕੋਈ ਮੰਗ ਵੀਰ ਤੋਂ ਵਧਾਈ।

ਕੱਪੜਾ ਬੁਣਨ ਦੀ ਪ੍ਰਕਿਰਿਆ ਦੇ ਪ੍ਰਸੰਗ ਤੋਂ ਬਾਅਦ ਨਣਦ ਦੇ ਪ੍ਰਵੇਸ਼ ਨਾਲ ਇਕ ਮਨੋਰੰਜਕ ਨਾਟਕ ਦਾ ਆਰੰਭ ਹੁੰਦਾ ਹੈ। 'ਹੋਲਰ' ਕਈ ਥਾਂ ਜੰਮਣ ਦੇ ਗੀਤਾਂ ਨੂੰ ਚੋਲਰ ਕਿਹਾ ਜਾਂਦਾ ਹੈ। ਹੋਲਰ ਸ਼ਬਦ ਦਾ ਅਸਲ ਅਰਥ ਕੀ ਹੈ? ਉਸ ਬਾਰੇ ਸ਼ਬਦ ਕੋਸ਼ ਚੁੱਪ ਹਨ। ਭਾਵ ਸਪੱਸ਼ਟ ਹੈ ਕਿ ਮੁੰਡੇ ਦੇ ਜੰਮਣ ਦੀ ਖ਼ਬਰ ਸੁਣ ਕੇ ਉਸ ਦੀ ਭੂਆ ਦੌੜੀ ਆਈ ਹੈ। ਪਰ ਆਉਂਦਿਆਂ ਹੀ ਉਸ ਨੇ ਡੋਰੀਆ ਲੈਣ ਦੀ ਮੰਗ ਰੱਖ ਦਿੱਤੀ। ਭਰਜਾਈ (ਬਿਰਤਾਂਤਕਾਰ ਵੀ) ਨੇ ਵਧਾਈ ਮੰਗਣ ਦੀ ਗੱਲ ਕਰਕੇ ਨਣਦ ਦੀ ਮੰਗ ਨੂੰ ਟਾਲਣਾ ਚਾਹਿਆ ਹੈ, ਪਰ 'ਡੋਰੀਆ' ਤਾਂ ਨਣਦ ਲਈ ਵਕਾਰ ਦਾ ਕਾਰਨ ਬਣ ਗਿਆ ਹੈ।

ਸੂਟਾਂ ਵਿਚੋਂ ਸੂਟ ਚੰਗੇਰੇ, ਕੋਈ ਸੋ ਸਾਡੀ ਨਣਦ ਨੂੰ ਦੇ।
ਭੈਣੋਂ ਕੋਈ ਸੋ ਸਾਡੀ ਨਣਦ ਨੂੰ ਦੇ।
ਸੂਟ ਤੂੰ ਆਪਣੇ ਘਰ ਰੱਖ ਭਾਬੋ, ਮੈਂ ਡੋਰੀਆ ਲੈ ਜਾਣਾ
ਭੈਣੋਂ ਮੈਂ ਡੋਰੀਆ ਲੈ ਜਾਣਾ।
ਡੋਰੀਆ ਤਾਂ ਮੇਰਾ ਚੱਕੀ ਦਾ ਪਰੋਲਾ, ਤੂੰ ਮੰਗ ਵੀਰੇ ਤੋਂ ਵਧਾਈ।
ਮੱਝਾਂ ਵਿਚੋਂ ਮੱਝ ਚੰਗੇਰੀ, ਕੋਈ ਸੋ ਸਾਡੀ ਨਣਦ ਨੂੰ ਦੇ,
ਅੜਿਆ ਕੋਈ ਸੋ ਸਾਡੀ ਨਣਦ ਨੂੰ ਦੇ,
ਮੱਝਾਂ ਗਾਈਆਂ ਘਰ ਰੱਖ ਭਾਬੋ ਮੈਂ ਡੋਰੀਆ ਲੈ ਜਾਣਾ
ਨੀ ਅੜੀਏਂ ਮੈਂ ਡੋਰੀਆ ਲੈ ਜਾਣਾ।

ਸੂਟਾਂ ਤੇ ਮੱਝ ਦੀ ਗੱਲ ਨੂੰ ਨਣਦ ਨੇ ਠੁਕਰਾ ਦਿੱਤਾ ਹੈ, ਭਾਵੇਂ ਖੁਸ਼ੀ ਦੇ ਮੌਕਿਆਂ ਦੇ ਮੌਕੇ 'ਤੇ ਮੱਝ ਤੇ ਸਭ ਤੋਂ ਵੱਡੀ ਸੁਗਾਤ ਇਹ ਹੀ ਮੰਨੀ ਜਾਂਦੀ ਹੈ। 'ਵੀਰ ਘਰ ਪੁੱਤ ਜੰਮਿਆ, ਬਾਪੂ ਮੱਝਾਂ ਦੇ ਸੰਗਲ ਫੜਾਵੇ।' ਇੱਥੇ ਗੀਤਕਾਰ ਨਣਦ ਨੂੰ ਕਸੂਤੀ ਸਥਿਤੀ 'ਚ ਪਾ ਕੇ ਉਸ ਦਾ ਅੰਤ ਲੈਣਾ ਚਾਹੁੰਦੀ ਹੈ, ਇਸ ਲਈ ਨਣਾਨ ਨੂੰ ਨਾਰਾਜ਼ ਕਰਨਾ ਜ਼ਰੂਰੀ ਹੈ। ਪਰ ਨਾਰਾਜ਼ ਵੀ ਉਹ ਹੁੰਦੀ ਹੈ 'ਡੋਰੀਏ' ਵਰਗੀ ਨਿਗੂਣੀ ਚੀਜ਼ 'ਤੇ। ਇੱਥੇ ਹੀ ਹਾਸ-ਵਿਅੰਗ ਦਾ ਬੀਜ ਹੈ। ਇੰਨਾ ਹੀ ਨਹੀਂ ਇਨਕਾਰ ਤੋਂ ਬਾਅਦ ਨਣਦ ਦਾ ਵਿਹਾਰ ਵੀ ਇਸੇ ਮੂਡ ਵਿਚ ਚਿੱਤਰਿਆ ਗਿਆ ਹੈ। ਨਾਟਕ ਦਾ ਨਵਾਂ ਅੰਕ ਇੱਥੋਂ ਹੀ ਸ਼ੁਰੂ ਹੁੰਦਾ ਹੈ।

ਮਾਰ ਫਰਾਟੀ ਓਅ ਗਈ ਨਣਦੇ,
ਕੋਈ ਲੰਘ ਗਈ ਦਰਿਆ, ਭੈਣੋਂ ਕੋਈ ਲੰਘ ਗਈ ਦਰਿਆ।
ਘਰ ਜਾਂਦੀ ਨੂੰ ਸੱਸ ਜੋ ਪੁੱਛਦੀ,
ਨੋਹੇਂ ਦੱਸ ਵੀਰੇ ਦੀ ਵਧਾਈ, ਨੀ ਅੜੀਏ ਦੱਸ ਵੀਰੇ ਦੀ ਵਧਾਈ।
ਵੀਰਾ ਤਾਂ ਮੇਰਾ ਰਾਜੇ ਦਾ ਨੌਕਰ, ਭਾਬੋ ਧੀ ਆ ਪਰਾਈ,
ਨੀ ਅੜੀਏ ਕੋਈ ਭਾਬੋ ਧੀ ਆ ਪਰਾਈ।

ਫਰਾਟੀ ਮਾਰ ਕੇ ਨਣਦ ਦਾ ਦਰਿਆ ਲੰਘਣਾ ਹਾਸ-ਰਸੀ ਸਥਿਤੀ ਹੈ। ਪਰ ਨਣਦ ਸੱਚਮੁੱਚ ਹੀ ਕਸੂਤੀ ਸਥਿਤੀ ਵਿਚ ਫਸ ਗਈ ਹੈ। ਜਦੋਂ ਕੁੜੀਆਂ ਮਾਪਿਆਂ ਤੋਂ ਵਧੇਰੇ ਦੀ ਮੰਗ ਕਰਦੀਆਂ ਹਨ ਤਾਂ ਉਸ ਪਿੱਛੇ ਸੱਸ-ਸਹੁਰੇ ਨੂੰ ਖੁਸ਼ ਕਰਨ ਦੀ ਲਾਲਸਾ ਵੀ ਛੁਪੀ ਹੁੰਦੀ ਹੈ। ਇੱਥੇ ਉਹ ਰੁੱਸ ਕੇ ਆਈ ਹੈ। ਅਸਲੀ ਗੱਲ ਦੱਸਣ ਦੀ ਬਜਾਇ ਉਹ ਭਰਜਾਈ ਨੂੰ ਧੀ ਪਰਾਈ ਹੋਣ ਕਰਕੇ ਨੀਵਾਂ ਦੱਸਣ ਦਾ ਯਤਨ ਕਰਦੀ ਹੈ। ਸਮਾਜ ਵਿਚ ਇਹ ਗੱਲਾਂ ਬਹੁਤ ਅਗਾਂਹ ਵੱਧ ਜਾਂਦੀਆਂ ਹਨ ਤੇ ਕਦੇ ਤਾਂ ਸਾਲਾਂ ਬੱਧੀ ਕੁੜਮਾਂ ਨਾਲ ਮੂੰਹ ਮੋਟਾ ਰਹਿੰਦਾ ਹੈ। ਪਰ ਇੱਥੇ ਗੀਤਕਾਰ ਦਾ ਧਿਆਨ ਨਣਦ ਹੈ, ਇਸ ਲਈ ਹੋਰ ਪਾਸੇ ਸਮੇਟ ਦਿੱਤੇ ਗਏ ਹਨ। ਰੁੱਸੀ ਹੈ ਤਾਂ ਉਸ ਨੂੰ ਮਨਾਉਣਾ ਵੀ ਤਾਂ ਪਵੇਗਾ, ਇਹ ਕੰਮ ਭਰਾ ਆਉਣ 'ਤੇ ਹੀ ਸੰਭਵ ਹੈ।

ਬਾਰੀਂ ਬਰਸੀ ਵੀਰ ਘਰ ਆਇਆ, ਕੋਈ ਰੁੱਸੜੀ ਭੈਣ ਮਨਾਈ,





ਭੈਣੋਂ
ਕੋਈ ਰੁਸੜੀ ਭੈਣ ਮਨਾਈ।
ਭਾਈ ਘਾਹ ਖਤੇਂਦਿਆ, ਕਿਤੇ ਨਣਦ ਵੀ ਦੇਖੀ ਆ ਮੇਰੀ?
ਵੇ ਕਿਤੇ ਨਣਦ ਵੀ ਦੇਖੀ ਆ ਮੇਰੀ।
ਕਿਹੋ ਜਿਹੀ ਤੇਰੀ ਨਣਦ ਨੀ ਅੜੀਏ, ਕਿਹੋ ਜਿਹਾ ਨਣਦੋਈਆ,
ਨੀ ਅੜੀਏ ਕਿਹੋ ਜਿਹਾ ਨਣਦੋਈਆ।
ਸ਼ਮਕ ਜਿਹੀ ਮੇਰੀ ਨਣਦ ਵੇ ਅੜਿਆ,
ਕੋਈ ਭਾਰਾ ਜਿਹਾ ਨਣਦੋਈਆ, ਭੈਣੋਂ ਭਾਰਾ ਜਿਹਾ ਨਣਦੋਈਆ।
ਥਾਲ ਜੋ ਭਰਿਆ ਸੁੱਚਿਆਂ ਮੋਤੀਆਂ
ਕੋਈ ਡੋਰੀਆ ਜੋ ਧਰਿਆ, ਭੈਣੋਂ ਕੋਈ ਡੋਰੀਆ ਜੋ ਧਰਿਆ।

ਘਾਹੀ ਨਾਲ ਸੰਵਾਦ ਸਮੇਂ ਬਦਲੇ ਮੂਡ ਦਾ ਕਮਾਲ ਹੈ ਕਿ ਜਿੱਥੇ ਪਹਿਲਾਂ 'ਮਾਰ ਫਰਾਟੀ ਓਅ ਗਈ ਨਣਦੇ' ਵਰਗੇ ਵਿਅੰਗਾਤਮਕ ਸ਼ਬਦ ਵਰਤੇ ਗਏ ਹਨ, ਉਥੇ ਹੁਣ ਨਣਦ 'ਛਮਕ ਜਿਹੀ' ਬਣ ਗਈ ਹੈ, ਉਸ ਦੇ ਮੁਕਾਬਲੇ ਨਣਦੋਈਆ ਮੋਟਾ ਹੋ ਗਿਆ ਹੈ। 'ਸੁੱਚੇ ਮੋਤੀ' ਆਮ ਲੋਕਾਂ ਕੋਲ ਕਿੱਥੋਂ ਆਉਣੇ ਹਨ, ਪਰ ਰੁੱਸੀ ਨਣਦ ਨੂੰ ਮਨਾਉਣ ਲਈ ਇਹ ਅਤਿਕਥਨੀ ਵੀ ਚੱਲੇਗੀ। ਪਰ ਅਸਲ ਵਿਚ ਡੋਰੀਆ ਦੇਣ ਦੀ ਸੀ। ਡੋਰੀਆ ਮਿਲਣ ਦੀ ਦੇਰ ਸੀ ਕਿ ਨਣਦ ਦਾ ਵਤੀਰਾ ਵੀ ਬਦਲ ਜਾਂਦਾ ਹੈ। ਹੁਣ ਗੱਲ ਸਮਝੌਤੇ 'ਤੇ ਜੁ ਆ ਪਹੁੰਚੀ ਹੈ।

ਆ ਨੀ ਨਣਦੇ, ਖਾ ਨੀ ਨਣਦੇ, ਤੂੰ ਡੋਰੀਆ ਲੈ ਜਾਮੀ,
ਨੀ ਅੜੀਏ ਤੂੰ ਡੋਰੀਆ ਲੈ ਜਾਮੀਂ।
ਡੋਰੀਆ ਤਾਂ ਤੇਰਾ ਚੱਕੀ ਦਾ ਪਰੋਲਾ,
ਨੀ ਕੋਈ ਭਾਬੀ ਗਾਲ਼ ਨਾ ਕੱਢੀਂ ਨੀ ਅੜੀਏ ਕੋਈ ਭਾਬੋ ਗਾਲ਼ ਨਾ ਕੱਢੀ।
ਡੋਰੀਆ ਤਾਂ ਤੇਰਾ ਚੱਕੀ ਦਾ ਪਰੋਲਾ, ਮੈਂ ਅੰਤ ਜੋ ਲੈਂਦੀ ਤੇਰਾ
ਨੀ ਅੜੀ ਮੈਂ ਅੰਤ ਜੋ ਲੈਂਦੀ ਤੇਰਾ।

ਚੱਕੀ ਵਿਚੋਂ ਆਟਾ ਕੱਢਣ ਲਈ ਰੱਖੇ ਕੱਪੜੇ (ਪਰੋਲੇ) ਨਾਲ ਡੋਰੀਏ ਦੀ ਨਿਗੂਣਤਾ ਦਾ ਦੁਹਰਾ ਕਰਕੇ ਅਤੇ ਨਣਦ ਨੂੰ ਰੁਸਾ ਕੇ ਫਿਰ ਮਨਾ ਕੇ ਗੀਤ ਖ਼ਤਮ ਹੋ ਜਾਂਦਾ ਹੈ। ਪਿੱਛੇ ਛੱਡ ਜਾਂਦਾ ਹੈ ਕੁਤਕੁਤਾੜੀਆਂ ਕੱਢਦਾ ਹਾਸਾ ਤੇ ਸਭਿਆਚਾਰ ਦੀ ਇਕ ਰਸਮ ਦਾ ਵਿਸਤਾਰ। ਲਾਂਬੜੇ ਦੀ ਬਚਨੋ ਤੋਂ ਮੈਂ ਇਹ ਗੀਤ ਸੁਣਿਆ ਸੀ, ਸਭ ਤੋਂ ਪਹਿਲਾਂ। ਉਸ ਤੋਂ ਗੀਤ ਲੈਣ ਲਈ ਮੈਨੂੰ ਕੀ ਵੇਲਣ ਵੇਲਣੇ ਪਏ ਇਸ ਦਾ ਜ਼ਿਕਰ ਮੈਂ ਪਹਿਲਾਂ ਕਿਸੇ ਹੋਰ ਲੇਖ ਵਿਚ ਕਰ ਚੁੱਕਾ ਹਾਂ। ਇਹ ਗੀਤ ਉਸ ਨੇ ਯਾਦਾਸ਼ਤ ਉੱਪਰ ਬਹੁਤ ਜ਼ੋਰ ਪਾਉਣ 'ਤੇ ਹੀ ਪੁਨਰ ਸਿਰਜਤ ਕੀਤਾ ਸੀ, ਪਰ ਇਸ ਦੀ ਧੁਨ ਮੇਰੇ ਮਨ ਵਿਚ ਅੱਜ ਵੀ ਵਸੀ ਹੋਈ ਹੈ।

## 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"




### ਰਾਣੀ ਅਣਬੋਲਿਆ
(ਛੇਵੀਂ ਕਿਸਤ)

ਲੜਕੇ ਨੂੰ ਤਰਸ ਆ ਗਿਆ। ਚੌਹਾਂ ਨੂੰ ਮਾਫ਼ ਕਰਕੇ ਤੁਰ ਪਿਆ। ਅੱਗੇ ਰਸਤੇ ਵਿਚ ਬੜਾ ਵੱਡਾ ਭੌਣ ਆਂ ਕੀੜੀਆਂ ਕਾਢਿਆਂ ਦਾ। ਭੌਣ ਕਹਿੰਦਾ, "ਓ ਠਹਿਰ ਬਈ ਭਗਤਾ। ਅਸੀਂ ਲੰਘਣ ਨਹੀਂ ਦੇਣਾ। ਅਸੀਂ ਤਾਂ ਤੇਰੇ ਨਾਲ ਜੰਗ ਕਰਨਾ। ਚਾਹੇ ਤੂੰ ਸਾਨੂੰ ਮਾਰ ਦੇ ਚਾਹੇ ਅਸੀਂ ਤੈਨੂੰ ਮਾਰ ਦੇਈਏ।"

"ਓਏ ਮੈਂ ਕੱਲਾ। ਤੁਸੀਂ ਲੱਖਾਂ ਕਰੋੜਾਂ ਆਂ। ਮੇਰਾ ਤੁਹਾਡਾ ਕੀ ਮੇਲ ਆ।" "ਨਹੀਂ ਬਈ। ਜੰਗ ਤੈਨੂੰ ਕਰਨੀ ਈ ਪੈਣਾ। ਨਹੀਂ ਤਾਂ ਅਸੀਂ ਤੈਨੂੰ ਲੰਘਣ ਨਹੀਂ ਦੇਣਾ।"

ਲੜਕਾ ਕਹਿੰਦਾ ਅੱਛਾ। ਉਹਨੇ ਉਸੇ ਵਕਤ ਧੂਫ ਦਿੱਤਾ ਰੱਸੀ ਡੰਡੇ ਨੂੰ ਤੇ ਛੱਡ ਦਿੱਤਾ ਭੌਣ ਦੁਆਲੇ। ਰੱਸੀ ਡੰਡੇ ਨੇ ਮਿੰਟਾਂ ਸਕਿੰਟਾਂ 'ਚ ਭੌਣ ਤੜਫਾ ਸਿੱਟਿਆ। ਭੌਣ ਤੋਬਾ ਤੋਬਾ ਕਰੇ। ਮਾਫ਼ੀਆਂ ਮੰਗੇ ਕਿ ਇਹਨੂੰ ਬੰਦ ਕਰਦੇ ਸਾਡਾ ਤਾਂ ਸਾਰਾ ਦਲ ਮਰ ਗਿਆ। "ਤੁਸੀਂ ਤਾਂ ਕਹਿੰਦੇ ਸੀ ਅਸੀਂ ਤੈਨੂੰ ਜਾਣ ਨਹੀਂ ਦੇਣਾ।" "ਤੂੰ ਸਾਨੂੰ ਮਾਫ਼ੀ ਦੇ ਦੇ। ਜਿੱਥੇ ਤੈਨੂੰ ਭਾਰੀ ਪਊਗੀ ਸਾਨੂੰ ਸੱਦ ਲਈ।" "ਬਿਲਕੁਲ।"

"ਹਾਂ, ਸਾਡੇ ਕੋਲੋਂ ਭਾਵੇਂ ਤਿੰਨ ਵਚਨ ਲੈ ਲਾ। ਪਰ ਹੁਣ ਸਾਨੂੰ ਬਖ਼ਸ਼ ਦੇ। ਬਹੁਤ ਪਾਵਰ ਆ ਤੇਰੇ 'ਚ ਬਈ। ਏਦਾਂ ਵਰ੍ਹਦਾ ਇਹੋ ਮੋਹਲਾ।" ਲੜਕੇ ਨੇ ਭੌਣ ਕੋਲੋਂ ਤਿੰਨ ਵਚਨ ਲੈ ਕੇ ਉਹਨਾਂ ਨੂੰ ਛੱਡ ਦਿੱਤਾ। ਆਪ ਹੁਣ ਪਹੁੰਚ ਗਿਆ ਉਸ ਸ਼ਹਿਰ ਦੇ ਵਿਚ। ਸਾਰੀ ਦੁਨੀਆਂ ਲੜਕੇ ਨੂੰ ਦੇਖਦੀ ਆ। ਕਹਿੰਦੀ ਬਈ ਆ ਗਿਆ ਆਹ ਵੀ ਕਿਸੇ ਸੌਦਾਗਰ ਦਾ ਪੁੱਤ ਆ ਗਿਆ, ਸੇਂ ਵਰਗਾ। ਇਹਨੇ ਵੀ ਨਹੀਂ ਕੱਲ੍ਹ ਨੂੰ ਰਹਿਣਾ। ਉਹ ਤੂੰ ਕਿਹੜੀ ਮਾਂ ਦਾ ਪੁੱਤ ਆਂ, ਜਿਨੇ ਤੈਨੂੰ ਘੱਲ ਦਿੱਤਾ, ਇਥੇ ਮੌਤ ਦੇ ਮੂੰਹ 'ਚ। ਏਥੇ ਤਾਂ ਲੱਖਾਂ ਈ ਮਰਿਓ ਆ। ਹਾਅ ਦੇਖ ਲਾ ਚੜ੍ਹਦੇ ਪਾਸੇ ਲੋਥਾਂ ਦੇ ਢੇਰ। ਪਰ ਲੜਕਾ ਨਹੀਂ ਘਬਰਾਇਆ। ਪਹੁੰਚ ਗਿਆ ਰਾਣੀ ਅਣਬੋਲਿਆਂ ਦੇ ਦਰਬਾਰ ਵਿਚ।

ਰਾਣੀ ਅਣਬੋਲਿਆਂ ਦੀਆਂ ਸ਼ਰਤਾਂ ਬੜੀਆਂ ਸਖ਼ਤ ਸਨ। ਪਹਿਲੀ ਸ਼ਰਤ ਸੀ ਸਵਾ ਪੰਜ ਕਿਲੋ ਸਰੋਂ ਲੈ ਲੈਣੀ ਜੋਕ ਕੇ। ਇਸ ਸਰੋਂ ਦਾ ਇਕ ਵਾਹਿਓ ਖੇਤ ਵਿਚ ਛੱਟਾ ਦੇ ਕੇ ਸੁਆਗਾ ਦੇ ਦੇਣਾ। ਰਾਤ ਦੋ ਵਜੇ ਤੋਂ ਲੈ ਕੇ ਸਵੇਰੇ ਮੂੰਹ ਨੇਰ੍ਹੇ ਤੱਕ ਸਰੋਂ ਚੁਗਾਉਣੀ ਆਂ। ਇਥੇ ਢੇਰ ਲੱਗੇ ਇਹਦਾ, ਮੇਰੇ ਮੰਜੇ ਕੋਲ਼।

ਦੂਜੀ ਸ਼ਰਤ ਏ ਇਸ ਕਮਰੇ ਵਿਚ ਚਾਰ ਚੀਜ਼ਾਂ ਨੇ। ਇਕ ਦੀਵਾ, ਇਕ ਪਲੰਘ, ਇਕ ਜੋੜਾ ਤੇ ਇਕ ਮੁੰਦਰੀ। ਇਹਨਾਂ ਚਾਰੇ ਚੀਜ਼ਾਂ ਨੂੰ ਬੁਲਾਉਣਾ। ਜੇ ਇਹ ਸ਼ਰਤਾਂ ਨਾ ਪੂਰੀਆਂ ਹੋਈਆਂ ਤਾਂ ਸਵੇਰੇ ਈ ਖੰਡਾ ਮਾਰ ਕੇ ਤੇਰੀ ਧੌਣ ਲਾਹ ਦੇਣੀ।

ਲੜਕਾ ਕਹਿੰਦਾ ਬਈ ਕੋਈ ਗੱਲ ਨਹੀਂ। ਜੇ ਹੁਣ ਉਖਲੀ ਵਿਚ ਸਿਰ ਦੇ ਈ ਲਿਆ ਤਾਂ ਡਰ ਕਾਹਦਾ।

ਰਾਣੀ ਦੀਆਂ ਗੋਲੀਆਂ ਨੇ ਲੜਕੇ ਦੀ ਖੂਬ ਸੇਵਾ ਕੀਤੀ। ਰਾਣੀ ਦੇ ਅਹਿਲਕਾਰਾਂ ਨੇ ਉਹਨੂੰ ਸਾਰੀ ਗੱਲ ਸਮਝਾ ਬੁਝਾ ਦਿੱਤੀ। ਅਹਿਲਕਾਰਾਂ ਨੂੰ ਹੁਕਮ ਸੀ ਕਿ ਜੋ ਵੀ ਘਟਨਾ ਘਟੇ ਉਹਨੂੰ ਚੰਗੀ ਤਰ੍ਹਾਂ ਲਿਖੀ ਜਾਣਾ।

ਰਾਤ ਪੈ ਗਈ ਲੜਕੇ ਨੂੰ ਉਸ ਕਮਰੇ ਵਿਚ ਭੇਜ ਦਿੱਤਾ। ਜਿੱਥੇ ਸਰੋਂ ਇਕੱਠੀ ਕਰਕੇ ਲਿਆਉਣੀ ਸੀ ਤੇ ਚਾਰੇ ਚੀਜ਼ਾਂ ਬੁਲਾਉਣੀਆਂ ਸਨ। ਰਾਤ ਦਾ ਡੂਢ ਵੱਜ ਗਿਆ। ਅਹਿਲਕਾਰ ਮੁਸੱਦੀ ਕਮਰੇ ਦੇ ਬਾਹਰ ਬੈਠ ਗਏ। ਉਨ੍ਹਾਂ ਨੂੰ ਹੁਕਮ ਜਿਉਂ ਸੀ ਹਰ ਘਟਨਾ ਲਿਖਣ ਦਾ। (ਚਲਦਾ)



- ਡਾ. ਜਸਵੰਤ ਰਾਏ
91-98158-25999

# ਯੂਬਾ ਸਿਟੀ 'ਚ ਡਾ. ਅੰਬੇਦਕਰ ਜੀ ਦਾ ਜਨਮ ਦਿਨ ਮਨਾਇਆ


















All pictures by Prem K. Chumber

ਯੂਬਾ ਸਿਟੀ (ਡੀ. ਡੀ. ਬੀ.)- ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦਾ 124ਵਾਂ ਜਨਮ ਦਿਹਾੜਾ 10 ਮਈ ਦਿਨ ਐਤਵਾਰ ਨੂੰ ਮਨਾਇਆ ਗਿਆ। ਇਸ ਸਬੰਧਤ 8 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਆਰੰਭ ਹੋਏ ਅਤੇ 10 ਮਈ ਦਿਨ ਐਤਵਾਰ ਨੂੰ ਭੋਗ ਪਾਏ ਜਾਣ ਉਪਰੰਤ ਕੀਰਤਨ ਦਰਬਾਰ ਅਤੇ ਵੱਖ ਵੱਖ ਬੁਲਾਰਿਆਂ ਨੇ ਡਾ. ਅੰਬੇਦਕਰ ਜੀ ਦੇ ਜੀਵਨ ਅਤੇ ਮਿਸ਼ਨ ਬਾਰੇ ਆਪੋ ਆਪਣੇ ਵਿਚਾਰ ਰੱਖੇ। ਯਾਦ ਰਹੇ, ਇਯੇ ਹੀ ਦਿਨ ''ਮਦਰਜ਼ ਡੇਅ'' ਵੀ ਸੀ, ਜੋ ਇੱਥੇ ਮਨਾਇਆ ਗਿਆ।

ਜਿਹਨਾਂ ਬੁਲਾਰਿਆਂ ਨੇ ਆਪੋ ਆਪਣੇ ਵਿਚਾਰ ਸਾਂਝੇ ਕੀਤੇ, ਉਹਨਾਂ ਵਿਚ ਸਰਵ ਸ੍ਰੀ ਹੰਸ ਰਾਜ ਕਾਜਲਾ, ਤਵਿੰਦਰ ਕਾਜ਼ਲਾ, ਰਾਕੇਸ਼ ਚੰਦਰ, ਪਲਵਿੰਦਰ ਮਾਹੀ, ਪ੍ਰੇਮ ਕੁਮਾਰ ਚੁੰਬਰ, ਗੁਰਬਚਨ ਚੋਪੜਾ ਅਤੇ ਰਾਜ ਕੁਮਾਰ ਦੇ ਨਾਂ ਵਰਣਨਯੋਗ ਹਨ। ਇਹਨਾਂ ਸਭਨਾਂ ਨੇ ਡਾ. ਅੰਬੇਦਕਰ ਵੱਲੋਂ ਦੇਸ਼ ਦਾ ਸੰਵਿਧਾਨ ਬਣਾ ਕੇ ਸਭ ਨੂੰ ਬਰਾਬਰਤਾ ਦਾ ਅਧਿਕਾਰ, ਇਨਸਾਨੀਅਤ ਦੀ ਆਜ਼ਾਦੀ, ਔਰਤਾਂ ਨੂੰ ਮਰਦਾਂ ਬਰਾਬਰ ਦਾ ਅਧਿਕਾਰ, ਸਦੀਆਂ ਤੋਂ ਲਤਾੜੇ ਗਏ ਵਰਗਾਂ ਨੂੰ ਕਾਨੂੰਨੀ ਅਧਿਕਾਰਾਂ ਰਾਹੀਂ ਉਪਰ ਉਠਣ ਦੇ ਜੋ ਸਲਾਹੁਣਯੋਗ ਉਪਰਾਲੇ ਕੀਤੇ, ਦਾ ਵਰਣਨ ਕੀਤਾ ਗਿਆ।

ਸਭ ਬੁਲਾਰਿਆਂ ਨੇ ''ਮਦਰਜ਼ ਡੇਅ'' ਨੂੰ ਮੁੱਖ ਰੱਖਦਿਆਂ ਡਾ. ਅੰਬੇਦਕਰ ਦੀ ਔਰਤਾਂ ਪ੍ਰਤੀ, ਉਹਨਾਂ ਦੇ ਹੱਕਾਂ ਨੂੰ ਸੁਰੱਖਿਅਤ, ਉਹ ਵੀ ਸੰਵਿਧਾਨਕ ਤਰੀਕੇ ਨਾਲ ਕਰਨ ਦਾ ਜ਼ਿਕਰ ਹੁੰਦਾ ਰਿਹਾ।

ਪਲਵਿੰਦਰ ਮਾਹੀ ਨੇ ਕਿਹਾ ਕਿ ਡਾ. ਅੰਬੇਦਕਰ ਦੇ ਨਾਲ ਮਹਾਨ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਵੀ ਹਮੇਸ਼ਾ ਹਮੇਸ਼ਾ ਯਾਦ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਇਕ ਅਜਿਹਾ ਇਕੋ ਇਕ ਗੁਰੂ ਘਰ ਹੈ, ਜਿੱਥੇ ਸਭਨਾਂ ਗੁਰੂ ਸਾਹਿਬਾਨ, ਸੰਤ ਭਗਤਾਂ ਦੇ ਨਾਲ ਨਾਲ ਸਮਾਜਿਕ ਬਰਾਬਰਤਾ ਤੇ ਆਰਥਿਕ ਤੌਰ ਤੇ ਮਜ਼ਬੂਤ ਕਰਨ ਲਈ ਮਹਾਨ ਰਹਿਬਰਾਂ ਨੂੰ ਯਾਦ ਕੀਤਾ ਜਾਂਦਾ ਹੈ, ਜਿਵੇਂ ਕਿ ਬਾਬਾ ਸਾਹਿਬ ਡਾ. ਅੰਬੇਦਕਰ, ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਆਦਿ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਤਾਂ ਇਕ ਅਜਿਹੇ ਮਹਾਨ ਇਨਸਾਨ ਹੋਏ, ਜਿਹਨਾਂ ਨੇ ਡਾ. ਅੰਬੇਦਕਰ ਦੇ ਨਾਂ ਨੂੰ ਬਹੁਜਨ ਸਮਾਜ ਪਰਟੀ ਬਣਾ ਕੇ ਜਿੰਦਾ ਹੀ ਨਹੀਂ ਰੱਖਿਆ ਬਲਕਿ ਪੂਰੇ ਦੇਸ਼ ਦੇ ਕੋਨੇ ਕੋਨੇ ਪਹੁੰਚਾ ਦਿੱਤਾ।

"ਅੰਬੇਦਕਰ ਟਾਈਮਜ਼'' ਅਤੇ ''ਦੇਸ਼ ਦੁਆਬਾ'' ਹਫਤਾਵਾਰੀ ਅੰਗਰੇਜ਼ੀ- ਪੰਜਾਬੀ ਅਖਬਾਰਾਂ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ''ਮਦਰਜ਼ ਡੇਅ'' ਅਤੇ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ ਜਨਮ ਦਿਨ ਮਨਾਏ ਜਾਣ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਨੂੰ ਵਧਾਈਆਂ ਦਿੰਦਿਆਂ ਕਿਹਾ ਕਿ ਅੱਜ ਬੜਾ ਹੀ ਸੁਭਾਗਾ ਦਿਨ ਹੈ ਕਿ ਅਸੀਂ ਦੋਵੇਂ ਮਹੱਤਵਪੂਰਨ ਦਿਨ ਇਕੋ ਸਮੇਂ ਮਨਾ ਰਹੇ ਹਾਂ। ਮਾਂ ਮਹਾਨ ਹੈ, ਮਾਤਾ-ਪਿਤਾ ਕਰਕੇ ਇਸ ਸੰਸਾਰ ਵਿਚ ਹਾਂ। ਸਾਨੂੰ ਦੋਹਾਂ ਦੇ ਕੀਤੇ ਪਰਉਪਕਾਰਾਂ ਨੂੰ ਕਦੇ ਭੁਲਾਉਣਾ ਨਹੀਂ ਚਾਹੀਦਾ।

ਖਾਸ ਕਰਕੇ ਮਾਂ ਦੇ ਅਹਿਸਾਨਮੰਦ ਜ਼ਿਆਦਾ ਹੋਣਾ ਚਾਹੀਦਾ ਹੈ। ਮਾਂ ਦੇ ਕੀਤੇ ਪਰਉਪਕਾਰਾਂ ਦਾ ਜੇਕਰ ਆਪਣੇ ਸਮੇਂ 'ਚ ਕਿਸੇ ਨੇ ਕਰਜ਼ ਮੋੜਿਆ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਕਹੀ ਜਾ ਸਕਦੀ ਕਿ ਉਹ ਸੀ ਡਾ. ਅੰਬੇਦਕਰ, ਜਿਸ ਨੇ ਸਿਰਫ ਆਪਣੀ ਮਾਂ ਹੀ ਨਹੀਂ (ਉਹਨਾਂ ਦੀ ਮਾਂ ਜਨਣੀ ਤਾਂ ਬਚਪਨ 'ਚ ਹੀ ਸਵਰਗਵਾਸ ਹੋ ਗਈ ਸੀ, ਦੇ ਚਾਅ ਲਾਡ ਹੀ ਨਹੀਂ ਹੰਢਾ ਸਕਣ ਦਾ ਮੌਕਾ ਹੀ ਨਹੀਂ ਮਿਲਿਆ) ਬਲਕਿ ਦੇਸ਼ ਦੀ ਸਮੂਹ ਔਰਤ ਵਰਗ ਨੂੰ ਮਰਦ ਬਰਾਬਰ ਸੰਵਿਧਾਨਕ ਹੱਕ ਸੁਰੱਖਿਅਤ ਕਰਕੇ ਮਰਦਾਂ ਦੀ ਸਦੀਆਂ ਤੋਂ ਚਲੀ ਆ ਰਹੀ ਮਰਦ ਪ੍ਰਧਾਨਗੀ ਨੂੰ ਲਾਹ ਮਾਰਿਆ।

ਸ੍ਰੀ ਚੁੰਬਰ ਨੇ ਅੱਗੇ ਕਿਹਾ ਕਿ ਭਾਰਤ ਆਜ਼ਾਦ ਹੋਇਆ ਤੇ ਦੋ ਹਿੱਸਿਆਂ ਵਿਚ ਵੰਡਿਆ ਗਿਆ। ਦੋਹਾਂ ਆਜ਼ਾਦ ਮੁਲਕਾਂ ਭਾਰਤ-ਪਾਕਿਸਤਾਨ ਦੇ ਪਹਿਲੇ ਕਾਨੂੰਨ ਮੰਤਰੀ ਦਲਿਤ ਵਰਗ ਵਿਚੋਂ ਬਣੇ। ਭਾਰਤ ਵਿਚ ਡਾ. ਅੰਬੇਦਕਰ ਤੇ ਪਾਕਿਸਤਾਨ ਵਿਚ ਜਨਾਬ ਜਗਨ ਨਾਥ ਮੰਡਲ ਸਾਹਿਬ। ਜੇਕਰ ਡਾ. ਅੰਬੇਦਕਰ ਨੇ ਕਾਨੂੰਨ ਮੰਤਰੀ ਰਹਿੰਦਿਆਂ ਇਸ ਕਰਕੇ ਅਸਤੀਫਾ ਦਿੱਤਾ ਕਿ ਉਹਨਾਂ ਵੱਲੋਂ ਪੇਸ਼ ਕੀਤਾ ਗਿਆ 'ਹਿੰਦੂ ਕੋਡ' ਬਿਲ ਨਹਿਰੂ ਮੰਤਰੀ ਮੰਡਲ ਨੇ ਪਾਸ ਨਹੀਂ ਹੋਣ ਦਿੱਤਾ ਤਾਂ ਉਧਰ ਜਨਾਬ ਜਗਨ ਨਾਥ ਮੰਡਲ ਨੇ ਵੀ ਦਲਿਤਾਂ ਦੇ ਹੱਕਾਂ ਵਿਚ ਆਵਾਜ਼ ਨਾ ਸੁਣੀ ਜਾਣ ਤੇ ਪਾਕਿਸਤਾਨ ਹੀ ਛੱਡ ਕੇ ਭਾਰਤ ਆ ਗਏ।

ਇਸੇ ਤਰ੍ਹਾਂ ਬੇਖੌਫ, ਨਿਧੜਕ ਯੋਧੇ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਜੀ ਹੋਏ, ਜਿਹਨਾਂ ਜਿੱਥੇ ਜਾਤ-ਪਾਤ ਦੇ ਕੋਹੜ ਨੂੰ ਰੱਜ ਕੇ ਭੰਡਿਆ ਹੀ ਨਹੀਂ ਬਲਕਿ ਕਾਨੂੰਨਨ ਖਤਮ ਕਰਾਉਣ ਲਈ ਆਵਾਜ਼ ਬੁਲੰਦ ਕੀਤੀ, ਨੇ ਪੰਜਾਬ ਦੀ ਪਹਿਲੀ ਅਸੈਂਬਲੀ (1937 ਵਿਚ) ਲਾਹੌਰ ਵਿਖੇ ਅਸੈਂਬਲੀ ਵਿਚ ਕੁਰਸੀ ਉਤੇ ਬੈਠਣ ਤੋਂ ਇਸ ਕਰਕੇ ਇਨਕਾਰ ਕਰ ਦਿੱਤਾ ਕਿ ਮੈਂ ਕੁਰਸੀ ਉਤੇ ਤਾਂ ਬੈਠਾਂ, ਪਰ ਕੁਰਸੀ ਰੱਖਾਂ ਕਿੱਥੇ? ਤਾਂ ਉਹਨਾਂ ਨੇ ਕੁਰਸੀ ਆਪਣੇ ਸਿਰ ਤੇ ਰੱਖ ਲਈ। ਤਾਂ ਅਸੈਂਬਲੀ ਸਪੀਕਰ ਨੇ ਕਿਹਾ ਕਿ ਇਹ ਕੈਸਾ ਮਜ਼ਾਕ ਹੈ? ਤਾਂ ਬਾਬਾ ਮੁੱਗੋਵਾਲੀਆ ਜੀ ਨੇ ਕਿਹਾ ਕਿ ਸਪੀਕਰ ਸਾਹਿਬ ਸਾਨੂੰ ਆਪਣੇ ਹੀ ਮੁਲਕ ਅੰਦਰ ਇਕ ਮਰਲਾ ਵੀ ਜਗ੍ਹਾ ਖਰੀਦਣ ਦਾ ਹੱਕ ਨਹੀਂ ਹੈ। ਪਹਿਲਾਂ ਸਾਨੂੰ ਹੋਰਨਾਂ ਦੇਸ਼ ਵਾਸੀਆਂ ਬਰਾਬਰ ਹੱਕ ਮਿਲਣਾ ਚਾਹੀਦਾ ਹੈ, ਮਜ਼ਾਕ ਅਸੀਂ ਨਹੀਂ ਕਰਦੇ, ਬਲਕਿ ਮਜ਼ਾਕ ਤਾਂ ਸਾਡੇ ਨਾਲ ਸਦੀਆਂ ਤੋਂ ਹੁੰਦਾ ਆਇਆ ਹੈ।।

ਸ੍ਰੀ ਚੁੰਬਰ ਨੇ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਜੀ ਦਾ ਤਾਂ ਕਹਿਣਾ ਹੀ ਕਿਆ। ਉਹਨਾਂ ਨੇ ਮੁੱਗੋਵਾਲੀਆ ਦੀ ਪੱਥਰ ਤੇ ਲਕੀਰ ਵਾਂਗ, ਮੂਲ ਨਿਵਾਸੀ ਸੋਚ ਨੂੰ ਲੈ ਕੇ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ ਮਿਸ਼ਨ ਫੁੱਲੇ-ਅੰਬੇਡਕਰ-ਸ਼ਾਹੂ ਜੀ ਮਹਾਰਾਜ ਦੇ ਸਿਧਾਂਤ ਨੂੰ ਲੈ ਕੇ ਦੇਸ਼ ਦੇ ਘਰ ਘਰ ਪਹੁੰਚਾ ਦਿੱਤਾ।

ਸ਼ਾਇਰ ਸ੍ਰੀ ਗੁਰਬਚਨ ਚੋਪੜਾ ਨੇ ਵੀ ਬਾਬਾ ਸਾਹਿਬ ਦੇ ਜਨਮ ਦਿਨ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ ਦਿੰਦਿਆਂ ਕਿਹਾ ਕਿ ਲੋਕਾਂ ਨੂੰ ਭਰਮ ਹੈ ਕਿ ਸਾਡੇ ਲਈ ਗਾਂਧੀ ਨੇ ਕੁਝ ਕੀਤਾ, ਨਹੀਂ। ਸਾਡੇ ਲਈ ਤਾਂ ਸਭ ਕੁਝ ਡਾ. ਅੰਬੇਦਕਰ ਨੇ ਹੀ ਕੀਤਾ। ਇਹਨਾਂ ਤੋਂ ਇਲਾਵਾ ਰਾਜ ਕੁਮਾਰ ਜੀ ਨੇ ਵੀ ਵਧਾਈਆਂ ਦਿੱਤੀਆਂ ਅਤੇ ਚੰਗੇ ਮਾਰਗ ਤੇ ਚੱਲਣ ਲਈ ਬੇਨਤੀ ਕੀਤੀ।

ਸ੍ਰੀ ਰਾਕੇਸ਼ ਚੰਦਰ ਜੀ ਨੇ ਬਾਬਾ ਸਾਹਿਬ ਪ੍ਰਤੀ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਜਦੋਂ ਕੋਈ ਸਭ ਲਈ ਸੰਘਰਸ਼ ਕਰਦਾ ਹੈ ਤਾਂ ਉਹ ਸਭ ਦਾ ਨੇਤਾ ਹੁੰਦਾ ਹੈ। ਅਸੀਂ ਡਾ. ਅੰਬੇਦਕਰ ਨੂੰ ਸਭ ਦਾ ਨੇਤਾ ਮੰਨਦੇ ਹਾਂ ਅਤੇ ਉਹਨਾਂ ਦੀ ਬਦੌਲਤ ਇੱਥੇ ਤੱਕ ਪਹੁੰਚ ਸਕੇ।

ਸ੍ਰੀ ਤਵਿੰਦਰ ਕਾਜ਼ਲਾ ਜੀ ਨੇ ਡਾ. ਅੰਬੇਦਕਰ ਤੇ ਮਦਰ ਡੇਅ ਤੇ ਵਧਾਈ ਦਿੰਦਿਆਂ ਕਿਹਾ ਕਿ ਡਾ. ਅੰਬੇਦਕਰ ਜੀ ਨੇ ਸਾਨੂੰ ਕਾਨੂੰਨ ਰਾਹੀਂ ਹੱਕ ਲੈ ਕੇ ਦਿੱਤੇ ਹਨ। ਅਸੀਂ ਉਹਨਾਂ ਨੂੰ ਭੁਲਾ ਨਹੀਂ ਸਕਦੇ। ਉਹਨਾਂ ਕਿਹਾ ਕਿ ਅਗਲੇ ਸਾਲ ਕਿੰਨਾ ਚੰਗਾ ਹੋਵੇ, ਜੇਕਰ ਡਾ. ਅੰਬੇਦਕਰ ਜੀ ਦਾ ਜਨਮ ਦਿਹਾੜਾ ਵੱਡੇ ਪੱਧਰ ਤੇ ਇਕ ਜਗ੍ਹਾ ਸਭ ਇਕੱਠੇ ਹੋ ਕੇ ਮਨਾਉਣ।

ਸ੍ਰੀ ਹੰਸ ਰਾਜ ਕਾਜਲਾ ਨੇ ਕਿਹਾ ਕਿ ਬਾਬਾ ਸਾਹਿਬ ਡਾ: ਅੰਬੇਦਕਰ ਜੀ ਨੇ ਸਾਨੂੰ ਜੋ ਕੁਝ ਦਿੱਤਾ, ਉਸ ਨੂੰ ਭੁਲਾ ਨਹੀਂ ਸਕਦੇ। ਮਦਰ ਡੇਅ ਤੇ ਬਾਬਾ ਸਾਹਿਬ ਦੇ ਜਨਮ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਡਾ. ਅੰਬੇਦਕਰ ਨੂੰ ਹਿੰਦੂ ਕੋਡ ਬਿਲ ਪਾਸ ਨਾ ਹੋਣ ਕਰਕੇ ਲੋਕ ਸਭਾ ਤੋਂ ਅਸਤੀਫਾ ਦੇ ਦਿੱਤਾ ਜੋ ਕਿ ਔਰਤ ਵਰਗ ਦੀ ਗੱਲ ਕਰਦਾ ਸੀ। ਅਸੀਂ ਬਾਬਾ ਸਾਹਿਬ ਦੇ ਕੀਤੇ ਪਰਉਪਕਾਰ ਕਦੇ ਭੁਲਾ ਨਹੀਂ ਸਕਦੇ।

ਸ਼ਾਇਰ ਸ: ਗੁਰਦੀਪ ਸਿੰਘ ਹੀਰਾ ਨੇ ਮਦਰ ਡੇਅ ਅਤੇ ਡਾ. ਅੰਬੇਦਕਰ ਸਬੰਧਤ ਰਚਨਾਵਾਂ ਪੜ੍ਹ ਕੇ ਸੰਗਤਾਂ ਦੀ ਜਾਣਕਾਰੀ ਵਿਚ ਹੋਰ ਵਾਧਾ ਕੀਤਾ।

ਇਸ ਉਪਰੰਤ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਪ੍ਰਿਤਪਾਲ ਸਿੰਘ ਜੀ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕਰਦਿਆਂ ਸਮੂਹ ਸੰਗਤਾਂ ਨੂੰ ਮਦਰਜ਼ ਡੇਅ ਅਤੇ ਡਾ. ਅੰਬੇਦਕਰ ਦੇ ਜਨਮ ਦਿਨ ਮਨਾਏ ਜਾਣ ਤੇ ਵਧਾਈਆਂ ਦਿੱਤੀਆਂ।

ਅੱਜ ਦੇ ਇਸ ਸਮਾਗਮ ਦੀ ਸਟੇਜ ਸੇਵਾ ਸ੍ਰੀਮਾਨ ਰਾਮ ਸੇਵਕ ਭਾਟੀਆ ਜੀ ਨੇ ਬਾਖੂਬੀ ਨਿਭਾਉਂਦਿਆਂ ਸਭ ਸੰਗਤਾਂ ਨੂੰ ਡਾ. ਅੰਬੇਦਕਰ ਦੇ ਜਨਮ ਦਿਨ ਅਤੇ ਮਦਰਜ਼ ਡੇਅ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਧਾਈਆਂ ਦਿੱਤੀਆਂ ਅਤੇ ਉਹਨਾਂ ਦਾ ਧੰਨਵਾਦ ਕੀਤਾ ਕਿ ਉਹਨਾਂ ਆਪਣਾ ਕੀਮਤੀ ਸਮਾਂ ਕੱਢ ਕੇ ਗੁਰੂ ਘਰ ਹਾਜ਼ਰੀਆਂ ਲਗਵਾਈਆਂ। ਗੁਰੂ ਘਰ ਦੀ ਕਮੇਟੀ ਦੇ ਪ੍ਰਧਾਨ ਵੱਲੋਂ ਵੀ ਸਭ ਨੂੰ ਬੇਨਤੀ ਕੀਤੀ ਗਈ ਕਿ ਇਸੇ ਤਰ੍ਹਾਂ ਇਕੱਠੇ ਹੋ ਕੇ ਏਕਤਾ ਦਾ ਸਬੂਤ ਦਿਓ ਜੀ ਤੇ ਵਾਹਿਗੁਰੂ ਸਭ ਨੂੰ ਖੁਸ਼ੀਆਂ ਖੇੜੇ ਬਖਸ਼ੇ।

# ਪੁਰਸਕਾਰਾਂ ਦੀ ਥਾਂ ਚੰਗੇ ਕੰਮ ਨੂੰ ਪਹਿਲ - ਕੰਗਨਾ ਰਣੌਤ



**ਸ਼ਾਂਤੀ ਸਵਰੂਪ ਤ੍ਰਿਪਾਠੀ**

ਫ਼ਿਲਮ 'ਕੁਈਨ' ਰਾਹੀਂ ਆਪਣੀ ਅਦਾਕਾਰੀ ਦਾ ਲੋਹਾ ਮੰਨਵਾ ਕੇ ਸਰਵੋਤਮ ਫ਼ਿਲਮ ਅਦਾਕਾਰਾ ਦਾ ਕੌਮੀ ਪੁਰਸਕਾਰ ਜਿੱਤਣ ਵਾਲੀ ਕੰਗਨਾ ਦੇ ਹੁਣ ਆਪਣੀਆਂ ਸ਼ਰਤਾਂ 'ਤੇ ਫ਼ਿਲਮਾਂ ਕਰਨ ਦੀਆਂ ਖ਼ਬਰਾਂ ਹਨ। ਹੋਵੇ ਵੀ ਕਿਉਂ ਨਾ, ਉਸ ਦੀ ਬਾਲੀਵੁੱਡ ਵਿੱਚ ਸੁਣੀ ਵੀ ਕਾਫ਼ੀ ਸਮੇਂ ਬਾਅਦ ਗਈ ਹੈ ਅਤੇ ਜਦੋਂ ਹੁਣ ਇਹ ਮੌਕਾ ਹੱਥ ਲੱਗਿਆ ਹੈ ਤਾਂ ਖੁੰਝਣ ਨਹੀਂ ਦੇਣਾ ਚਾਹੀਦਾ। ਯਾਦ ਰਹੇ ਕਿ ਫ਼ਿਲਮ ਕੁਈਨ ਵਿੱਚ ਕੰਗਨਾ ਦੀ ਅਦਾਕਾਰੀ ਦੀ ਤਾਰੀਫ਼ ਜਿੱਥੇ ਅਦਾਕਾਰਾ ਵਿੱਦਿਆ ਬਾਲਨ, ਪ੍ਰਿਅੰਕਾ ਚੋਪੜਾ ਅਤੇ ਦੀ-ਪਿਕਾ ਪਾਦੂਕੋਨ ਨੇ ਕੀਤੀ, ਉਥੈਂ ਬਾਲੀਵੁੱਡ ਦੇ ਮਿਸਟਰ ਪ੍ਰਫੈਕਟਨਿਸ਼ਟ ਮੰਨੇ ਜਾਣ ਵਾਲੇ ਅਦਾਕਾਰ ਆਮਿਰ ਖ਼ਾਨ ਅਤੇ ਬਿੱਗ ਬੀ ਵੀ ਪਿੱਛੇ ਨਹੀਂ ਹਟੇ। ਜਿੱਥੇ ਅਮਿਤਾਭ ਨੇ ਕੰਗਨਾ ਲਈ ਗੁਲਦਸਤੇ ਨਾਲ ਇੱਕ ਪ੍ਰਸ਼ੰਸਾ ਪੱਤਰ ਭੇਜਿਆ, ਉਥੇ ਪ੍ਰਿਅੰਕਾ ਨੇ ਮੇਰੀਕੌਮ ਲਈ ਸਰ-ਵੋਤਮ ਅਦਾਕਾਰ ਦਾ ਕੌਮੀ ਪੁਰਸਕਾਰ ਕੰਗਨਾ ਹੱਥੋਂ ਹਾਰ ਕੇ ਵੀ ਖ਼ੁਸ਼ੀ ਜਤਾਈ। ਐਨਾ ਹੀ ਨਹੀਂ, ਇੱਕ ਪੁਰਸਕਾਰ ਸਮਾਰੋਹ 'ਚ ਦੀਪਿਕਾ ਨੇ ਆਪਣਾ ਪੁਰਸਕਾਰ ਕੰਗਨਾ ਨੂੰ ਸਮਰਪਿਤ ਕਰ ਦਿੱਤਾ। ਕੰਗਨਾ ਲਈ ਇਸ ਤੋਂ ਵੱਧ ਖ਼ੁਸ਼ੀ ਦੀ ਗੱਲ ਕੀ ਹੋ ਸਕਦੀ ਹੈ। ਇਹ ਵੀ ਪਹਿਲੀ ਵਾਰ ਹੀ ਹੋਇਆ ਸੀ ਕਿ ਫ਼ਿਲਮ ਫੇਅਰ ਦੇ ਸਰਵੋਤਮ ਅਦਾਕਾਰਾ ਪੁਰਸਕਾਰ ਲਈ ਕੰਗਨਾ ਨਹੀਂ ਪਹੁੰਚ ਸਕੀ ਤਾਂ ਰਾਤ ਨੂੰ ਤਿੰਨ ਵਜੇ ਰੇਖਾ ਜੀ ਨੇ ਪੁਰਸਕਾਰ ਦੀ ਟਰਾਫੀ ਤੇ ਗੁਲਦਸਤਾ ਕੰਗਨਾ ਦੇ ਘਰ ਜਾ ਕੇ ਉਸ ਨੂੰ ਭੇਟ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਕੰਗਨਾ ਫ਼ਿਲਮ 'ਫੈਸ਼ਨ' ਲਈ ਸਰਵੋਤਮ ਸਹਾਇਕ ਅਦਾਕਾਰਾ ਦਾ ਕੌਮੀ ਪੁਰਸਕਾਰ ਜਿੱਤ ਚੁੱਕੀ ਹੈ। ਹੁਣ ਕੁਈਨ ਲਈ ਸਰਵੋਤਮ ਅਦਾਕਾਰਾ ਦਾ ਕੌਮੀ ਪੁਰਸਕਾਰ ਜਿੱਤਣ ਤੋਂ ਬਾਅਦ ਕੰਗਨਾ ਦਾ ਕਹਿਣਾ ਹੈ ਕਿ ਹੁਣ ਉਸ ਦੀ ਜ਼ਿੰਮੇਵਾਰੀ ਹੋਰ ਵਧ ਗਈ ਹੈ। ਉਸ ਮੁਤਾਬਕ ਕੁਈਨ ਉਸ ਦੇ ਕਰੀਅਰ ਲਈ ਮੀਲ ਪੱਥਰ ਸਾਬਤ ਹੋਈ ਹੈ ਅਤੇ ਇਸ ਤੋਂ ਬਾਅਦ ਉਸ ਕੋਲ ਧੜਾਧੜ ਨਾਰੀ ਪ੍ਰਧਾਨ ਫ਼ਿਲਮਾਂ ਦੀਆਂ ਪੇਸ਼ਕਸ਼ਾਂ ਆ ਰਹੀਆਂ ਹਨ। ਹਾਲਾਂਕਿ ਉਹ ਸ਼ੁਰੂ ਤੋਂ ਹੀ ਅਜਿਹੇ ਕਿਰਦਾਰ ਨਿਭਾਉਣ ਦੀ ਇੱਛੁਕ ਸੀ। ਖ਼ੁਦ ਪੁਰਸਕਾਰ ਲੈਣ ਲਈ ਨਾ ਜਾਣ ਬਾਰੇ ਕੰਗਨਾ ਦਾ ਕਹਿਣਾ ਹੈ ਕਿ ਮੈਨੂੰ ਪਹਿਲਾਂ ਵੀ 'ਗੈਂਗਸਟਰ' ਤੇ 'ਫੈਸ਼ਨ' ਫ਼ਿਲਮਾਂ ਲਈ ਕਈ ਪੁਰਸਕਾਰ ਮਿਲ ਚੁੱਕੇ ਹਨ। ਪਹਿਲਾਂ ਦੋ-ਤਿੰਨ ਪੁਰਸਕਾਰ ਹੁੰਦੇ ਸਨ, ਹੁਣ ਕਰੀਬ 20 ਪੁਰਸਕਾਰ ਦਿੱਤੇ ਜਾਂਦੇ ਹਨ। ਹਰ ਅਜਿਹੇ ਸਮਾਰੋਹ 'ਚ ਜਾਣ ਤੋਂ ਪਹਿਲਾਂ ਮੇਕਅੱਪ 'ਤੇ ਦੋ ਘੰਟੇ ਦਾ ਸਮਾਂ ਲੱਗਦਾ ਹੈ। ਫਿਰ ਸਮਾਗਮ ਵਾਲੀ ਜਗ੍ਹਾਂ ਪਹੁੰਚਣ 'ਤੇ ਦੋ ਘੰਟੇ ਲੱਗ ਜਾਂਦੇ ਹਨ। ਛੇ ਘੰਟੇ ਤੱਕ ਦਾ ਸਮਾਗਮ ਹੁੰਦਾ ਹੈ। ਕੁੱਲ ਮਿਲਾ ਕੇ 10 ਘੰਟੇ ਬਰਬਾਦ ਹੋ ਜਾਂਦੇ ਹਨ। ਮੈਂ ਇੰਨਾ ਸਮਾਂ ਬਰਬਾਦ ਨਹੀਂ ਕਰ ਸਕਦੀ। ਫਿਰ ਹਰ ਇੱਕ ਨੂੰ ਖ਼ੁਸ਼ ਕਰਨਾ ਵੀ ਜ਼ਰੂਰੀ ਹੁੰਦਾ ਹੈ। ਇਸ ਲਈ ਮੈਂ ਪੁਰਸਕਾਰ ਦੀ ਥਾਂ ਚੰਗੇ ਕੰਮ ਨੂੰ ਪਹਿਲ ਦਿੰਦੀ ਹਾਂ।

ਮੁਲਕ ਵਿੱਚ ਔਰਤ ਦੇ ਸਨਮਾਨ ਅਤੇ ਨਾਇਕਾਵਾਂ ਨੂੰ ਨਾਇਕ ਦੇ ਮੁਕਾਬਲੇ ਘੱਟ ਮਿਹਨਤਾਨੇ ਦੇ ਸਬੰਧ 'ਚ ਕੰਗਨਾ ਕਹਿੰਦੀ ਹੈ ਕਿ ਮੁਲਕ ਵਿੱਚ ਜੋ ਔਰਤ ਦੀ ਹਾਲਤ ਹੈ, ਉਸ ਤੋਂ ਬਾਲੀਵੁੱਡ ਵੀ ਅਭਿੱਜ ਨਹੀਂ ਹੈ। ਬਾਲੀਵੁੱਡ ਵੀ ਇਸੇ ਸਮਾਜ ਦਾ ਹਿੱਸਾ ਹੈ। ਬਾਲੀਵੁੱਡ 'ਚ ਮਰਦਾਂ ਦੇ ਮੁਕਾਬਲੇ ਔਰਤ ਕਰਮਚਾਰੀਆਂ ਨੂੰ 10 ਫ਼ੀਸਦੀ ਵੀ ਮਿਹਨਤਾਨਾ ਨਹੀਂ ਮਿਲਦਾ। ਫਿਰ ਚਾਹੇ ਉਹ ਲੇਖਕ ਹੋਵੇ, ਨਿਰਦੇਸ਼ਕ ਜਾਂ ਕਲਾਕਾਰ।

ਇਸ ਤਰ੍ਹਾਂ ਬਾਲੀਵੁੱਡ ਦੀ ਹਰ ਮਹਿਲਾ ਵੀ ਆਪਣਾ ਸਨਮਾਨ ਖੋਂਹਦੀ ਹੈ। ਉਨ੍ਹਾਂ ਨੂੰ ਵੀ ਉਨ੍ਹਾਂ ਦਾ ਹੱਕ ਮਿਲਣਾ ਚਾਹੀਦਾ ਹੈ। ਹਰ ਫ਼ਿਲਮ 'ਚ ਇੱਕ ਨਿਰਦੇਸ਼ਕ ਦੇ ਚਾਰ-ਪੰਜ ਸਹਾਇਕ ਹੁੰਦੇ ਹਨ। ਸਹਾਇਕ ਨਿਰਦੇਸ਼ਕਾਂ 'ਚ ਮੁੰਡੇ-ਕੁੜੀਆਂ ਦੋਵੇਂ ਹੁੰਦੇ ਹਨ, ਪਰ ਇੱਥੇ ਵੀ ਮੁੰਡਿਆਂ ਨੂੰ ਅੱਗੇ ਕਰ ਦਿੱਤਾ ਜਾਂਦਾ ਹੈ ਅਤੇ ਕੁੜੀਆਂ ਨੂੰ ਪਿੱਛੇ। ਇਸ ਨਜ਼ਰੀਏ ਤੋਂ ਵੇਖਿਆ ਜਾਵੇ ਤਾਂ ਬਾਲੀਵੁੱਡ ਵਿੱਚ ਵੀ ਕਈ ਥਾਈਂ ਔਰਤ ਸੋਸ਼ਣ ਦਾ ਸ਼ਿਕਾਰ ਹੁੰਦੀ ਹੈ।

ਕੰਗਨਾ ਦਾ ਮੰਨਣਾ ਹੈ ਕਿ ਹਾਲਾਤ 'ਚ ਸੁਧਾਰ ਲਈ ਮਰਦ ਤੋਂ ਕੋਈ ਉਮੀਦ ਨਹੀਂ ਕੀਤੀ ਜਾ ਸਕਦੀ। ਔਰਤਾਂ ਨੂੰ ਖ਼ੁਦ ਕੁਝ ਕਰਨਾ ਚਾਹੀਦਾ ਹੈ। ਸਭ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੇ ਹੱਕਾਂ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ। ਉਹ ਦੱਸਦੀ ਹੈ ਕਿ ਕੁਈਨ ਫ਼ਿਲਮ ਦਾ ਵਿਸ਼ਾ ਇਹੀ ਸੀ। ਕੁਈਨ ਦੀ ਰਾਣੀ ਵੀ ਪਹਿਲਾਂ ਖ਼ੁਦ ਦੀ ਇੱਜ਼ਤ ਨਹੀਂ ਕਰਦੀ ਹੈ। ਉਸ ਨੇ ਦੱਸਿਆ ਕਿ ਕੁਈਨ ਦੇਖਣ ਤੋਂ ਬਾਅਦ ਕੁਝ ਔਰਤਾਂ ਨੇ ਉਸ ਨੂੰ ਕਿਹਾ ਕਿ ਉਨ੍ਹਾਂ ਫ਼ਿਲਮ ਦੇਖਣ ਮਗਰੋਂ ਖ਼ੁਦ ਦਾ ਸਨਮਾਨ ਕਰਨ ਦੀ ਗੱਲ ਸਿੱਖੀ।

ਕੰਗਨਾ ਔਰਤ ਦੇ ਸੋਸ਼ਣ ਦੇ ਉਹ ਪੂਰੀ ਤਰ੍ਹਾਂ ਖ਼ਿਲਾਫ਼ ਹੈ। ਉਸ ਮੁਤਾਬਕ ਕਿਸੇ ਵੀ ਔਰਤ ਜਾਂ ਮੁਟਿਆਰ ਨਾਲ ਕਿਸੇ ਵੀ ਕੰਮ ਲਈ ਜ਼ਬਰਦਸਤੀ ਨਹੀਂ ਹੋਣੀ ਚਾਹੀਦੀ ਅਤੇ ਨਾ ਹੀ ਕੋਈ ਕੰਮ ਧੱਕੇ ਨਾਲ ਉਸ 'ਤੇ ਥੋਪਿਆ ਜਾਣਾ ਚਾਹੀਦਾ ਹੈ।

ਜਦੋਂ ਕੰਗਨਾ ਨੂੰ ਫ਼ਿਲਮ ਨਗਰੀ 'ਚ ਚੱਲ ਰਹੀ ਇਸ ਚਰਚਾ ਬਾਰੇ ਕਿ ਕਿ ਹੁਣ ਉਹ ਵੀ ਆਪਣੀਆਂ ਸ਼ਰਤਾਂ 'ਤੇ ਫ਼ਿਲਮਾਂ ਕਰਨ ਦੀ ਗੱਲ ਕਰ ਰਹੀ ਹੈ ਤਾਂ ਉਸ ਨੇ ਕਿਹਾ, ''ਹੁਣ ਲੋਕਾਂ ਨੂੰ ਮੇਰੇ ਹੁਨਰ ਦਾ ਪਤਾ ਲੱਗ ਗਿਆ ਹੈ। ਇਸ ਲਈ ਮੈਨੂੰ ਨਾਰੀ ਪ੍ਰਧਾਨ ਕਿਰਦਾਰਾਂ ਦੀ ਵਧੇਰੇ ਪੇਸ਼ਕਸ਼ ਹੋ ਰਹੀ ਹੈ। ਇੱਥੇ ਇਹ ਵੀ ਜ਼ਰੂਰੀ ਹੈ ਕਿ ਕੋਈ ਚੰਗੀ ਕਹਾਣੀ ਸਾਹਮਣੇ ਆਵੇ, ਜੋ ਕਿ ਕਲਾਕਾਰ ਦੇ ਵੱਸ ਦੀ ਗੱਲ ਨਹੀਂ।''

ਕੰਗਨਾ ਸਵਾਮੀ ਵਿਵੇਕਾਨੰਦ ਦੀ ਪੈਰੋਕਾਰ ਹੈ। ਕੁਝ ਸਮਾਂ ਪਹਿਲਾਂ ਰਾਮਕ੍ਰਿਸ਼ਨ ਮੱਠ ਵੱਲੋਂ ਮੁੰਬਈ ਤੋਂ 200 ਕਿਲੋਮੀਟਰ ਦੂਰ ਇੱਕ ਪਿੰਡ ਵਿੱਚ ਬੱਚਿਆਂ ਲਈ ਚਲਾਏ ਜਾ ਰਹੇ ਹਸਪਤਾਲ ਵਿੱਚ ਦਵਾਈਆਂ ਵਗੈਰਾ ਮੁਹੱਈਆ ਕਰਵਾਉਣ ਦਾ ਸਮਾਗਮ ਕਰਵਾਇਆ ਸੀ ਤਾਂ ਉਹ ਉੱਥੇ ਹਾਜ਼ਰ ਸੀ। ਉਸ ਨੇ ਕੁਝ ਦਾਨ ਵੀ ਦਿੱਤਾ, ਜਿਸ ਦਾ ਉਹ ਜ਼ਿਕਰ ਨਹੀਂ ਕਰਨਾ ਚਾਹੁੰਦੀ। ਸਵਾਮੀ ਵਿਵੇਕਾਨੰਦ ਦੇ ਜਨਮ ਦਿਨ ਮੌਕੇ ਵੀ ਉਹ ਮੌਜੂਦ ਸੀ।

ਕੰਗਨਾ 'ਤਨੂ ਵੈੱਡਜ਼ ਮਨੂ ਰਿਟਰਨਜ਼' ਨਾਲ ਇੱਕ ਵਾਰ ਫ਼ਿਰ ਦਰਸ਼ਕਾਂ ਦੀ ਕਚਹਿਰੀ 'ਚ ਆ ਰਹੀ ਹੈ। ਇਸ ਫ਼ਿਲਮ ਵਿਚ ਉਸ ਦੀ ਦੋਹਰੀ ਭੂਮਿਕਾ ਹੈ। ਹੁਣ ਦੇਖਣਾ ਹੈ ਕਿ ਕੁਈਨ ਵਾਂਗ ਇਸ ਫ਼ਿਲਮ ਰਾਹੀਂ ਵੀ ਉਹ ਆਪਣੇ ਪ੍ਰਸ਼ੰਸਕਾਂ ਦੇ ਦਿਲ ਜਿੱਤ ਪਾਉਂਦੀ ਹੈ ਜਾਂ ਨਹੀਂ। ਉਂਜ ਕੰਗਨਾ ਇਸ ਮਾਮਲੇ 'ਚ ਖ਼ੁਦ ਪੂਰੀ ਆਸਵੰਦ ਹੈ। ਇਸ ਤੋਂ ਇਲਾਵਾ ਉਹ ਨਿਖਿਲ ਅਡਵਾਨੀ ਦੇ ਨਿਰਦੇਸ਼ਨ ਪਹਿਲੀ ਵਾਰ ਇਮਰਾਨ ਖ਼ਾਨ ਨਾਲ ਫ਼ਿਲਮ 'ਕੱਟੀ-ਬੱਟੀ' ਕਰ ਰਹੀ ਹੈ। ਇਹ ਇਕ ਰੋਮਾਂਟਿਕ ਕਮੇਡੀ ਫ਼ਿਲਮ ਹੈ। ਇਸ ਵਿੱਚ ਕੰਗਨਾ ਨੇ ਪਾਇਲ ਦਾ ਕਿਰਦਾਰ ਨਿਭਾਇਆ ਹੈ ਅਤੇ ਉਨ੍ਹਾਂ ਦੇ ਪਤੀ ਦੇ ਰੂਪ 'ਚ ਇਮਰਾਨ ਖ਼ਾਨ ਨਜ਼ਰ ਆਉਣਗੇ।

ਕੰਗਨਾ ਦਾ ਦਾਅਵਾ ਹੈ ਕਿ ਇਹ ਹੋਰ ਬਾਲੀਵੁੱਡ ਪ੍ਰੇਮ ਕਹਾਣੀਆਂ ਨਾਲੋਂ ਬਹੁਤ ਹਟ ਕੇ ਹੈ ਕਿਉਂਕਿ ਇਸ ਵਿੱਚ ਸ਼ਹਿਰੀ ਮੁੰਡੇ-ਕੁੜੀਆਂ ਦੇ ਪਿਆਰ, ਲੜਾਈ, ਸਬੰਧਾਂ, ਸ਼ਹਿਰੀ ਪਤੀ-ਪਤਨੀ ਦੀਆਂ ਸਮੱਸਿਆਵਾਂ ਆਦਿ ਮੁੱਦੇ ਉਠਾਏ ਗਏ ਹਨ। ਹੁਣ ਦੇਖਣਾ ਹੈ ਕਿ 'ਕੁਈਨ' ਤੋਂ ਬਾਅਦ ਦਰਸ਼ਕਾਂ ਤੇ ਪ੍ਰਸ਼ੰਸਕਾਂ ਨੂੰ ਜੋ ਆਸਾਂ ਕੰਗਨਾ ਤੋਂ ਬੱਝੀਆਂ ਹਨ, ਉਹ ਉਨ੍ਹਾਂ 'ਤੇ ਪੂਰੀ ਉਤਰਦੀ ਹੈ ਜਾਂ ਨਹੀਂ।

---

# ਖ਼ੁਦ ਨੂੰ ਕਿਸਮਤ ਦੀ ਧਨੀ ਮੰਨਦੀ ਹੈ ਰਾਧਿਕਾ ਆਪਟੇ



ਏਕਤਾ ਕਪੂਰ ਦੁਆਰਾ ਬਣਾਈ ਗਈ ਫ਼ਿਲਮ 'ਸ਼ੋਰ ਇਨ ਦਿ ਸਿਟੀ' ਨਾਲ ਚਰਚਾ 'ਚ ਆਈ ਰਾਧਿਕਾ ਆਪਟੇ ਕੁਝ ਸਮੇਂ ਲਈ ਗਾਇਬ ਹੀ ਹੋ ਗਈ ਸੀ। ਇਨ੍ਹੀਂ ਦਿਨੀਂ ਉਹ ਇੱਕ ਵਾਰ ਫਿਰ ਚਰਚਾ 'ਚ ਹੈ। 'ਬਦਲਾਪੁਰ' ਤੋਂ ਬਾਅਦ ਹੁਣੇ ਹੁਣੇ ਉਸ ਦੀ ਫ਼ਿਲਮ 'ਹੰਟਰ' ਰਿਲੀਜ਼ ਹੋਈ ਹੈ। ਐਨਾ ਹੀ ਨਹੀਂ ਉਸ ਨੂੰ ਹਾਲੀਵੁੱਡ ਫ਼ਿਲਮ 'ਬਾਮਬੇਰੀਆ' ਲਈ ਵੀ ਸਾਈਨ ਕੀਤਾ ਗਿਆ ਹੈ, ਜਿਸ ਵਿੱਚ ਪਹਿਲਾਂ ਰਿਚਾ ਚੱਢਾ ਕੰਮ ਕਰ ਰਹੀ ਸੀ। ਬੀਤੇ ਦਿਨੀਂ ਰਾਧਿਕਾ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ। ਪੇਸ਼ ਹਨ ਉਸ ਨਾਲ ਹੋਈ ਗੱਲਬਾਤ ਦੇ ਮੁੱਖ ਅੰਸ਼:-

ਸ਼ਾਂਤੀ ਸਵਰੂਪ ਤ੍ਰਿਪਾਠੀ

* 'ਸ਼ੋਰ ਇਨ ਦਿ ਸਿਟੀ' ਵਿੱਚ ਤੁਹਾਡੀ ਅਦਾਕਾਰੀ ਨੂੰ ਕਾਫ਼ੀ ਸਰਾਹਿਆ ਗਿਆ ਸੀ, ਪਰ ਤੁਸੀਂ ਇਸ ਫ਼ਿਲਮ ਤੋਂ ਬਾਅਦ ਨਜ਼ਰ ਨਹੀਂ ਆਏ?

- ਇਹ ਸੱਚ ਹੈ ਕਿ 'ਸ਼ੋਰ ਇਨ ਦਿ ਸਿਟੀ' ਨਾਲ ਮੈਨੂੰ ਕਾਫ਼ੀ ਸ਼ੋਹਰਤ ਮਿਲੀ। ਲੋਕਾਂ ਨੇ ਮੇਰੇ ਕੰਮ ਦੀ ਤਾਰੀਫ਼ ਵੀ ਕੀਤੀ, ਪਰ ਇਹ ਫ਼ਿਲਮ ਪੂਰੀ ਹੁੰਦਿਆਂ ਹੀ ਮੈਂ ਡਾਂਸ ਦੀ ਸਿਖਲਾਈ ਲਈ ਲੰਡਨ ਚਲੀ ਗਈ ਸੀ। ਲੰਡਨ ਦੇ ਟ੍ਰੀਨਿਟੀ ਸਕੂਲ ਆਫ਼ ਡਾਂਸ ਤੋਂ ਮੈਂ ਦੋ ਸਾਲ ਡਾਂਸ ਦੀ ਸਿਖਲਾਈ ਲਈ। ਇਨ੍ਹਾਂ ਦੋ ਸਾਲਾਂ ਦੌਰਾਨ ਮੇਰੀ ਜ਼ਿੰਦਗੀ 'ਚ ਕਾਫ਼ੀ ਬਦਲਾਓ ਆਏ। ਮੈਨੂੰ ਜ਼ਿੰਦਗੀ ਦੇ ਮਾਅਨੇ ਸਮਝ ਲੱਗੇ। ਲੰਡਨ ਤੋਂ ਵਾਪਸ ਆ ਕੇ ਮੈਨੂੰ ਨਵੇਂ ਸਿਰੇ ਤੋਂ ਸ਼ੁਰੂਆਤ ਕਰਨੀ ਪਈ, ਪਰ ਹੁਣ ਮੈਨੂੰ ਖ਼ੁਸ਼ੀ ਹੈ ਕਿ ਮੇਰਾ ਕਰੀਅਰ ਮੁੜ ਲੀਹ 'ਤੇ ਪੈ ਚੁੱਕਿਆ ਹੈ। ਮੈਂ ਹਿੰਦੀ ਤੇ ਮਰਾਠੀ ਫ਼ਿਲਮਾਂ ਕਰਨ ਦੇ ਨਾਲ-ਨਾਲ ਦੱਖਣ ਭਾਰਤ ਦੀਆਂ ਖੇਤਰੀ ਫ਼ਿਲਮਾਂ ਵੀ ਕਰ ਰਹੀ ਹਾਂ।

* ਇਸ ਸਾਲ ਤੁਹਾਡੀਆਂ 'ਬਦਲਾਪੁਰ' ਤੇ 'ਹੰਟਰ' ਫ਼ਿਲਮਾਂ ਰਿਲੀਜ਼ ਹੋਈਆਂ। ਤੁਹਾਨੂੰ ਇਨ੍ਹਾਂ ਤੋਂ ਕੀ ਮਿਲਿਆ ਕਿਉਂਕਿ 'ਬਦਲਾਪੁਰ' ਦਾ ਸਾਰਾ ਕ੍ਰੈਡਿਟ ਤਾਂ ਵਰੁਣ ਦੀ ਝੋਲੀ ਪੈ ਗਿਆ?

- ਮੈਂ ਕਿਸੇ ਵੀ ਫ਼ਿਲਮ ਵਿੱਚ ਇਹ ਸੋਚ ਕੇ ਕੰਮ ਨਹੀਂ ਕਰਦੀ ਕਿ ਮੈਨੂੰ ਕੀ ਮਿਲੂ ਜਾਂ ਕੀ ਨਹੀਂ। ਮੈਨੂੰ ਜੇ ਸਕ੍ਰਿਪਟ ਤੇ ਕਿਰਦਾਰ ਪਸੰਦ ਆਉਂਦਾ ਹੈ ਤਾਂ ਮੈਂ ਫ਼ਿਲਮ ਕਰ ਲੈਂਦੀ ਹੈ। ਜੇ ਤੁਸੀਂ ਇਹ ਦੋਵੇਂ ਫ਼ਿਲਮਾਂ ਦੇਖੀਆਂ ਹਨ ਤਾਂ ਤੁਹਾਨੂੰ ਅਹਿਸਾਸ ਹੋਵੇਗਾ ਕਿ ਮੈਂ ਇਨ੍ਹਾਂ ਦੋਵਾਂ ਫ਼ਿਲਮਾਂ ਵਿੱਚ ਇੱਕ ਦੂਜੇ ਤੋਂ ਬਿਲਕੁਲ ਉਲਟ ਕਿਰਦਾਰ ਨਿਭਾਏ ਹਨ। 'ਹੰਟਰ' ਦੀ ਪ੍ਰਾਚੀ ਆਧੁਨਿਕ ਅਤੇ ਮਜ਼ਾਕੀਆ ਹੋਣ ਦੇ ਬਾਵਜੂਦ ਬਹੁਤ ਜਲਦੀ ਟੁੱਟ ਜਾਂਦੀ ਹੈ। 'ਬਦਲਾਪੁਰ' ਬਾਰੇ ਮੈਨੂੰ ਸੀ ਕਿ ਇਹ ਇੱਕ ਖ਼ਾਸ ਵਰਗ ਨੂੰ ਹੀ ਪਸੰਦ ਅਵੇਗੀ, ਪਰ ਇਸ ਨੇ ਬਾਕਸ ਆਫਿਸ 'ਤੇ ਚੰਗਾ ਵਪਾਰ ਕੀਤਾ ਹੈ।

* 'ਹੰਟਰ' ਦੀ ਚਰਚਾ ਤਾਂ ਇਸ ਦੇ ਦ੍ਰਿਸ਼ਾਂ ਨੂੰ ਲੈ ਕੇ ਹੀ ਹੁੰਦੀ ਰਹੀ?

- ਮੈਂ ਐਨਾ ਕਹਿ ਸਕਦੀ ਹਾਂ ਕਿ ਇਹ ਸੈਕਸ ਪ੍ਰਧਾਨ ਫ਼ਿਲਮ ਨਹੀਂ ਹੈ। ਇਹ ਦੋ ਲੋਕਾਂ ਦੀ ਅਸਲੀ ਪ੍ਰੇਮ ਕਹਾਣੀ ਹੈ। ਮੈਂ ਆਮ ਜ਼ਿੰਦਗੀ 'ਚ ਆਪਣੇ ਨੇੜੇ-ਤੇੜੇ ਅਜਿਹੇ ਬਹੁਤ ਪਾਤਰ ਦੇਖੇ ਹਨ।

* ਪਰ 'ਹੰਟਰ' ਤਾਂ ਇੱਕ ਕਾਮਵਾਸ਼ਨਾ 'ਚ ਗ੍ਰਸਤ ਨੌਜਵਾਨ ਦੀ ਕਹਾਣੀ ਹੈ। ਅਜਿਹੀ ਫ਼ਿਲਮ 'ਚ ਕੰਮ ਕਰਨਾ?

- ਸਾਡੇ ਮੁਲਕ 'ਚ ਹੀ ਸੈਕਸ ਨੂੰ ਹਊਆ ਬਣਾ ਕੇ ਰੱਖਿਆ ਹੋਇਆ ਹੈ। ਜਦੋਂਕਿ ਮੇਰੇ ਮੁਤਾਬਕ ਭੋਜਨ ਤੇ ਸੈਕਸ ਹਰ ਇਨਸਾਨ ਦੀਆਂ ਸੁਭਾਵਿਕ ਸਰੀਰਕ ਲੋੜਾਂ ਹਨ। ਸਾਡੇ ਮੁਲਕ 'ਚ ਇਸ ਬਾਰੇ ਖੁੱਲ੍ਹੇਆਮ ਚਰਚਾ ਨਹੀਂ ਹੁੰਦੀ, ਇਸ ਲਈ ਇਹ ਸਭ ਲਈ ਹਊਆ ਹੈ ਤਾਂ ਹੀ ਤਾਂ ਅਜਿਹੇ ਦ੍ਰਿਸ਼ਾਂ ਵਾਲੀ ਹਰ ਫ਼ਿਲਮ ਨੂੰ ਵਿਕਾਊ ਮਸਲਾ ਸਮਝਿਆ ਜਾਂਦਾ ਹੈ।

* ਤੁਹਾਨੂੰ ਕੈਮਰੇ ਸਾਹਮਣੇ ਅਜਿਹੇ ਨਜ਼ਦੀਕੀ ਦ੍ਰਿਸ਼ ਦੇਣ 'ਚ ਹਿਚਕਚਾਹਟ ਮਹਿਸੂਸ ਨਹੀਂ ਹੁੰਦੀ?

- ਹਿਚਕਚਾਹਟ ਕਾਹਦੀ! ਇੱਕ ਕਲਾਕਾਰ ਦੇ ਤੌਰ 'ਤੇ ਆਪਣੇ ਕਿਰਦਾਰ ਨਾਲ ਇਨਸਾਫ਼ ਕਰਨਾ ਮੇਰਾ ਕੰਮ ਹੈ, ਪਰ ਅਜਿਹੇ ਦ੍ਰਿਸ਼ਾਂ ਸਬੰਧੀ ਮੇਰਾ ਫ਼ੈਸਲਾ ਫ਼ਿਲਮ ਦੇ ਵਿਸ਼ੇ ਅਤੇ ਕਹਾਣੀ 'ਤੇ ਨਿਰਭਰ ਕਰਦਾ ਹੈ। ਜੇ ਫ਼ਿਲਮ ਦੀ ਕਹਾਣੀ ਇਹ ਮੰਗ ਕਰਦੀ ਹੈ ਤਾਂ ਮੈਨੂੰ ਅਜਿਹੇ ਦ੍ਰਿਸ਼ਾਂ ਤੋਂ ਕੋਈ ਪਰਹੇਜ਼ ਨਹੀਂ।

* ਹਰ ਕਲਾਕਾਰ ਇੱਕ ਭਾਸ਼ਾ ਦੇ ਫ਼ਿਲਮੀ ਖੇਤਰ 'ਚ ਸਫ਼ਲ ਹੋਣ ਤੋਂ ਬਾਅਦ ਹੋਰ ਭਾਸ਼ਾਵਾਂ ਦੀਆਂ ਫ਼ਿਲਮਾਂ ਦੇ ਖੇਤਰ 'ਚ ਪੈਰ ਧਰਦਾ ਹੈ, ਪਰ ਤੁਸੀਂ ਤਾਂ ਨਾਲ ਦੀ ਨਾਲ ਹੀ ਕਈ ਭਾਸ਼ਾਵਾਂ ਦੀਆਂ ਫ਼ਿਲਮਾਂ ਕਰ ਰਹੇ ਹੋ?

- ਮੈਂ ਵੀ ਬਾਲੀਵੁੱਡ ਵਿੱਚ ਹੀ ਰੁੱਝੀ ਰਹਿਣਾ ਚਾਹੁੰਦੀ ਸੀ, ਪਰ ਜਦੋਂ ਖੇਤਰੀ ਫ਼ਿਲਮਾਂ 'ਚ ਚੰਗੇ ਕਿਰਦਾਰਾਂ ਦੀ ਪੇਸ਼ਕਸ਼ ਹੋਈ ਤਾਂ ਮਨ੍ਹਾਂ ਨਹੀਂ ਕਰ ਸਕੀ। ਇਸ ਤੋਂ ਇਲਾਵਾ ਮੈਨੂੰ ਘੁੰਮਣਾ ਫਿਰਨਾ ਵੀ ਬਹੁਤ ਚੰਗਾ ਲੱਗਦਾ ਹੈ। ਮੇਰੇ ਅੰਦਰ ਹਰ ਖੇਤਰ ਦੇ ਖਾਣ-ਪੀਣ, ਰਹਿਣ-ਸਹਿਣ ਤੇ ਸੱਭਿਆਚਾਰ ਨੂੰ ਜਾਣਨ ਦੀ ਉਤਸੁਕਤਾ ਹੈ। ਇਸੇ ਕਾਰਨ ਮੈਂ ਹਿੰਦੀ, ਮਰਾਠੀ, ਬੰਗਲਾ, ਤੇਲਗੂ ਤੇ ਮ-ਲਿਆਲਮ ਭਾਸ਼ਾਵਾਂ 'ਚ ਫ਼ਿਲਮਾਂ ਕਰ ਚੁੱਕੀ ਹਾਂ। ਉਂਜ, ਮੈਨੂੰ ਹਿੰਦੀ ਤੇ ਮਰਾਠੀ ਫ਼ਿਲਮਾਂ 'ਚ ਕੰਮ ਕਰਕੇ ਆਨੰਦ ਆਉਂਦਾ ਹੈ ਅਤੇ ਇਨ੍ਹਾਂ ਭਾਸ਼ਾਵਾਂ 'ਚ ਮੈਨੂੰ ਕਾਫ਼ੀ ਮੁਹਾਰਤ ਵੀ ਹੈ।

* ਮਰਾਠੀ ਫ਼ਿਲਮ 'ਲੈਅ ਭਾਰੀ' ਵਿੱਚ ਤੁਸੀਂ ਰਿਤੇਸ਼ ਦੇਸ਼ਮੁਖ ਨਾਲ ਮੁੱਖ ਕਿਰਦਾਰ ਨਿਭਾਇਆ ਸੀ ਜਦੋਂਕਿ 'ਬਦਲਾਪੁਰ' 'ਚ ਅਜਿਹਾ ਨਹੀਂ ਰਿਹਾ। ਅੱਗੇ ਕੀ ਇਰਾਦਾ ਹੈ?

- ਮੈਨੂੰ ਸੋਲੋ ਜਾਂ ਮਾਲਟੀਸਟਾਰ ਫ਼ਿਲਮ ਨਾਲ ਕੋਈ ਫ਼ਰਕ ਨਹੀਂ ਪੈਂਦਾ, ਬਸ ਮੇਰਾ ਕਿਰਦਾਰ ਰੌਚਕ ਹੋਣਾ ਚਾਹੀਦਾ ਹੈ। ਉਂਜ 'ਮਾਉਂਟੇਨ ਮੈਨ' ਅਤੇ 'ਕੌਣ ਕਿਤਨੇ ਪਾਨੀ ਮੇਂ' 'ਚ ਮੈਂ ਮੁੱਖ ਹੀਰੋਇਨ ਹਾਂ। 'ਬਾਮਬੇਰੀਆ' ਵਿੱਚ ਵੀ ਮੇਰੀ ਮੁੱਖ ਭੂਮਿਕਾ ਹੈ।

* ਤੁਸੀਂ ਅਨਰਾਗ ਬਾਸੂ ਦਾ ਬੰਗਲਾ ਲੜੀਵਾਰ 'ਚਾਖੋਰ ਬਾਲੀ' ਵੀ ਕਰ ਰਹੇ ਹੋ। ਕੀ ਤੁਹਾਨੂੰ ਪਤਾ ਹੈ ਕਿ ਸਾਲ 2003 'ਚ ਆਈ ਇਸੇ ਨਾਮ ਵਾਲੀ ਫ਼ਿਲਮ 'ਚ ਐਸ਼ਵਰਿਆ ਰਾਏ ਬੱਚਨ ਨੇ ਮੁੱਖ ਕਿਰਦਾਰ ਨਿਭਾਇਆ ਸੀ?

- ਮੈਨੂੰ ਪਤਾ ਹੈ ਕਿ ਐਸ਼ਵਰਿਆ ਰਾਏ ਬੱਚਨ ਦੀ ਅਦਾਕਾਰੀ ਵਾਲੀ ਇਹ ਫ਼ਿਲਮ ਬਾਕਸ ਆਫਿਸ 'ਤੇ ਸਫ਼ਲਤਾ ਹਾਸਲ ਕਰਨ ਦੇ ਨਾਲ ਨਾਲ ਕੌਮੀ ਪੁਰਸਕਾਰ ਵੀ ਜਿੱਤ ਚੁੱਕੀ ਹੈ, ਪਰ ਮੈਂ ਇਹ ਫ਼ਿਲਮ ਨਹੀਂ ਦੇਖੀ। ਮੈਂ ਨਵੇਂ ਸਿਰੇ ਤੋਂ ਇਹ ਕਿਰਦਾਰ ਨਿਭਾਉਣਾ ਚਾਹੁੰਦੀ ਹਾਂ ਅਤੇ ਫ਼ਿਲਮਾਂ ਦੇਖ ਕੇ ਪ੍ਰਭਾਵਿਤ ਨਹੀਂ ਹੋਣਾ ਚਾਹੁੰਦੀ।

* ਕੀ ਹੁਣ ਥੀਏਟਰ ਨੂੰ ਅਲਵਿਦਾ ਕਹਿ ਦਿੱਤਾ ਹੈ।

- ਜੀ ਨਹੀਂ, ਥੀਏਟਰ ਮੇਰਾ ਪਹਿਲਾ ਪਿਆਰ ਹੈ। ਮੈਂ ਥੀਏਟਰ ਕਦੇ ਨਹੀਂ ਛੱਡਾਂਗੀ।

ਫ਼ਿਲਹਾਲ ਇੱਕ ਮਰਾਠੀ ਨਾਟਕ 'ਓਣੇ ਪੂਰੇ ਏਕ ਸ਼ਹਿਰ' ਕਰ ਰਹੀ ਹਾਂ ਜੋ ਕਿ ਗਰੀਸ਼ ਕਰਨਾਂਡ ਦੇ ਇੱਕ ਨਾਟਕ ਦਾ ਮਰਾਠੀ ਰੂਪ ਹੈ।

* ਇਨ੍ਹੀਂ ਦਿਨੀਂ ਕੁਝ ਕਲਾਕਾਰ ਅਦਾਕਾਰੀ ਤੋਂ ਇਲਾਵਾ ਹੋਰ ਖੇਤਰਾਂ 'ਚ ਵੀ ਹੱਥ ਅਜ਼ਮਾ ਰਹੇ ਹਨ। ਤੁਹਾਡੀ ਕੋਈ ਯੋਜਨਾ ਹੈ?

- ਮੈਂ ਖ਼ੁਦ ਨੂੰ ਬਹੁਪੱਖੀ ਕਲਾਕਾਰ ਹੋਣ ਦੇ ਨਾਲ ਨਾਲ ਕਿਸਮਤ ਦੀ ਧਨੀ ਵੀ ਮੰਨਦੀ ਹਾਂ। ਇਸੇ ਕਾਰਨ ਮੈਂ ਵੀ ਕਈ ਹੋਰ ਖੇਤਰਾਂ 'ਚ ਹੱਥ ਅਜ਼ਮਾ ਰਹੀ ਹਾਂ, ਪਰ ਫ਼ਿਲਹਾਲ ਇਸ ਬਾਰੇ ਗੱਲ ਨਹੀਂ ਕਰਨਾ ਚਾਹੁੰਦੀ। ਕੰਮ ਸਿਰੇ ਚੜ੍ਹ ਜਾਵੇ ਤਾਂ ਦੱਸਾਂਗੀ।

* ਬਾਲੀਵੁੱਡ ਤੋਂ ਕੀ ਉਮੀਦਾਂ ਹਨ?

- ਮੈਂ ਬਾਲੀਵੁੱਡ ਦੇ ਪ੍ਰਸਿੱਧ ਕਲਾਕਾਰਾਂ ਨਾਲ ਕੰਮ ਕਰਦੇ ਹੋਏ ਬਹੁਤ ਕੁਝ ਸਿੱਖਣਾ ਚਾਹੁੰਦੀ ਹਾਂ। ਉਂਜ ਮੈਨੂੰ ਅਦਾਕਾਰੀ ਨਾਲੋਂ ਫ਼ਿਲਮ ਨਿਰਮਾਣ 'ਚ ਜ਼ਿਆਦਾ ਦਿਲਚਸਪੀ ਹੈ। ਮੇਰੇ ਮੁਤਾਬਕ ਫ਼ਿਲਮ ਇੰਡਸਟਰੀ ਇੱਕ ਵਪਾਰਕ ਇੰਡਸਟਰੀ ਹੈ। ਇੱਥੇ ਲੋਕ ਸਟਾਰਡਮ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਚਾਹੁੰਦੇ ਹਨ, ਪਰ ਮੈਂ ਮਿਹਨਤ ਕਰਕੇ ਕੁਝ ਸਿੱਖਣ ਤੇ ਬਣਨ ਆਈ ਹਾਂ। ਜੇ ਕੁਝ ਹੋਰ ਵੀ ਮਿਲ ਜਾਊਗਾ ਤਾਂ ਉਹ ਵੀ ਠੀਕ ਹੈ।

* ਤੁਹਾਡੀਆਂ ਆਉਣ ਵਾਲੀਆਂ ਫ਼ਿਲਮਾਂ?

- ਕੇਤਨ ਮਹਿਤਾ ਦੀ 'ਮਾਊਂਟੇਨ ਮੇਨ' ਵਿੱਚ ਦਸ਼ਰਥ ਮਾਂਝੀ (ਨਵਾਜ਼ੂਦੀਨ ਸੱਦੀਕੀ) ਦੀ ਪਤਨੀ ਫਾਲਗੁਨੀ ਦਾ ਕਿਰਦਾਰ ਨਿਭਾਇਆ ਹੈ। ਨਿਰਦੇਸ਼ਕ ਨੀਲਾ ਸਾਧਵ ਪਾਂਡਾ ਦੀ ਵਿਅੰਗ ਭਰਪੂਰ ਫ਼ਿਲਮ 'ਕੌਣ ਕਿਤਨੇ ਪਾਣੀ ਮੇਂ' ਵਿੱਚ ਇੱਕ ਉੜੀਸਾ ਦੀ ਸਮਾਜ ਸੇਵਿਕਾ ਦਾ ਕਿਰਦਾਰ ਨਿਭਾਇਆ ਹੈ। ਇਸ ਫ਼ਿਲਮ ਵਿੱਚ ਕੁਨਾਲ ਕਪੂਰ ਮੇਰੇ ਨਾਇਕ ਹਨ।

ਲੀਨਾ ਯਾਦਵ ਦੀ ਫ਼ਿਲਮ ਇੱਕ ਫ਼ਿਲਮ ਵਿੱਚ ਗੁਜਰਾਤ ਦੇ ਇੱਕ ਪਿੰਡ ਦੀ ਮੁਟਿਆਰ ਦੇ ਕਿਰਦਾਰ 'ਚ ਨਜ਼ਰ ਆਵਾਂਗੀ। ਇਸ ਤੋਂ ਇਲਾਵਾ ਮਹੇਸ਼ ਭੱਟ ਤੇ ਮੁਕੇਸ਼ ਭੱਟ ਭਾਵ 'ਫਾਕਸ ਸਟਾਰ' ਨਿਰਮਿਤ ਅਤੇ ਵਿਕਰਮ ਭੱਟ ਦੇ ਨਿਰਦੇਸ਼ਨ ਵਾਲੀ ਫ਼ਿਲਮ 'ਮਿਸਟਰ ਐਕਸ' 'ਚ ਇਮਰਾਨ ਹਾਸ਼ਮੀ ਨਾਲ ਕੰਮ ਕੀਤਾ ਹੈ।

ਰੋਹਿਤ ਬਤਰਾ ਦੀ ਫ਼ਿਲਮ 'ਦਿ ਫੀਲਡ' ਵੀ ਕਰ ਰਹੀ ਹਾਂ। ਹਾਲੀਵੁੱਡ ਫ਼ਿਲਮ 'ਬਾਮਬੇਰੀਆ' 'ਚ ਮੇਰਾ ਬਹੁਤ ਹੀ ਵੱਖਰਾ ਕਿਰਦਾਰ ਹੈ।

## ਬੁੱਧ ਪੂਰਨਿਮਾ ਦਿਵਸ ਨੂੰ ਸਮਰਪਿਤ

# 'ਬੁੱਧ ਧਰਮ 'ਚ ਸਮਾਜਿਕ-ਬਰਾਬਰੀ ਦਾ ਸੰਕਲਪ'



ਪ੍ਰੋ: ਐਚ.ਐਲ.ਕਪੂਰ
01- 916- 587-4002

ਗੌਤਮ ਬੁੱਧ ਦਾ ਜਨਮ 563 ਬੀ. ਸੀ. ਤੇ ਮੌਤ 483 ਬੀ. ਸੀ. ਨੂੰ 80 ਸਾਲ ਦਾ ਜੀਵਨ ਜਿਊਂ ਕੇ ਹੋਈ। ਉਹ ਬੁੱਧ ਧਰਮ ਦੇ ਸੰਸਥਾਪਕ ਸਨ। ਛਾਕਿਆ ਨਰੇਸ਼ ਸੁਦੋਧਨ ਦੇ ਘਰ ਜਨਮੇ ਸਿਧਾਰਥ ਵਿਆਹ ਤੋਂ ਬਾਅਦ ਆਪਣੇ ਨਵਜੰਮੇ ਬੱਚੇ ਪੁੱਤਰ ਰਾਹੁਲ ਤੇ ਪਤਨੀ ਯਸ਼ੋਧਰਾ ਨੂੰ ਤਿਆਗ ਕੇ, ਸੰਸਾਰ ਨੂੰ ਜਨਮ, ਮਰਨ ਤੇ ਦੁੱਖਾਂ ਤੋਂ ਛੁਟਕਾਰਾ ਪਾਉਣ ਦੇ ਮਾਰਗ ਦੀ ਤਲਾਸ਼ ਲਈ, ਰਾਤ ਨੂੰ ਆਪਣਾ ਰਾਜ-ਪਾਠ ਛੱਡ ਕੇ ਜੰਗਲਾਂ 'ਚ ਚਲੇ ਗਏ। ਕਈ ਸਾਲਾਂ ਦੀ ਬੜੀ ਕਠਿਨ ਤਪੱਸਿਆ ਕਰਨ ਉਪਰੰਤ ਬੋਧ ਗਯਾ (ਬਿਹਾਰ) 'ਚ ਇਕ ਬੋਧੀ ਦਰਖ਼ਤ ਦੇ ਥੱਲੇ, ਉਹਨਾਂ ਨੂੰ ਆਪਣੇ ਉਕਤ ਉਦੇਸ਼ ਦੀ ਪ੍ਰਾਪਤੀ ਹੋਈ ਤੇ ਉਹ ਸਿਧਾਰਥ ਤੋਂ 'ਬੁੱਧ' ਬਣ ਗਏ।

ਗੌਤਮ ਬੁੱਧ ਜੀ ਦਾ ਜਨਮ ਛੱਕ ਗਣਰਾਜ ਦੀ ਤੱਤਕਾਲ ਰਾਜਧਾਨੀ ਕਪਲਵਸਤੂ ਦੇ ਨਜ਼ਦੀਕ ਲੁੰਬਨੀ (ਨੇਪਾਲ) 'ਚ ਹੋਇਆ। ਲੁੰਬਨੀ ਜੰਗਲ, ਨੇਪਾਲ ਦੇ ਤਰਾਈ ਖੇਤਰ 'ਚ ਕਪਲਵਸਤੂ ਤੇ ਦੇਵਦਹਿ ਦੇ ਵਿਚਕਾਰ, ਨੌਤਨਵਾਂ ਸਟੇਸ਼ਨ ਤੋਂ 8 ਮੀਲ ਦੂਰ ਪੱਛਮ 'ਚ ਰੁਕਮਨਦੇਈ ਨਾਮਕ ਸਥਾਨ ਦੇ ਕੋਲ ਸਥਿਤ ਹੈ। ਕਪਲਵਸਤੂ ਦੀ ਮਹਾਰਾਣੀ ਮਹਾਂਮਾਇਆ ਦੇਵੀ ਦੇ, ਆਪਣੇ ਨੈਹਰ ਦੇਵਦਹਿ ਜਾਂਦੇ ਸਮੇਂ, ਰਸਤੇ 'ਚ ਪ੍ਰਸੂਤੀ ਪੀੜਾ ਹੋਈ ਤੇ ਉਥੇ ਹੀ, ਉਹਨਾਂ ਨੇ ਬਾਲਕ ਗੌਤਮ ਨੂੰ ਜਨਮ ਦਿੱਤਾ। ਬੱਚੇ ਦਾ ਜਨਮ ਸਿਧਾਰਥ ਰੱਖਿਆ ਗਿਆ। 'ਗੌਤਮ' ਗੋਤਰ 'ਚ ਜਨਮ ਲੈਣ ਕਾਰਨ, ਉਹਨਾਂ ਨੂੰ ਗੌਤਮ ਦੇ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ। ਛੱਕਾਂ ਦੇ ਰਾਜਾ ਸੁਦੋਧਨ ਉਹਨਾਂ ਦੇ ਪਿਤਾ ਜੀ ਸਨ। ਇਕ ਪ੍ਰਚੱਲਿਤ ਕਥਾ ਦੇ ਅਨੁਸਾਰ ਸਿਧਾਰਥ ਦੀ ਮਾਤਾ ਮਾਇਆਦੇਵੀ ਜਿਹੜੀ ਕਿ ਕੋਲੀ ਵੰਸ਼ ਦੀ ਸੀ, ਦਾ ਉਹਨਾਂ ਦੇ ਜਨਮ ਦੇ ਸੱਤ ਦਿਨ ਬਾਅਦ ਦੇਹਾਂਤ ਹੋ ਗਿਆ। ਉਹਨਾਂ ਦਾ ਪਾਲਣ-ਪੋਸ਼ਣ ਉਹਨਾਂ ਦੀ ਮਾਸੀ ਤੇ ਰਾਜਾ ਸੁਦੋਧਨ ਦੀ ਦੂਸਰੀ ਰਾਣੀ ਮਹਾਂ ਪਰਜਾਪਤੀ ਨੇ ਕੀਤਾ। ਬੱਚੇ ਦਾ ਨਾਮ ਸਿਧਾਰਥ ਰੱਖਿਆ ਗਿਆ, ਜਿਸ ਦਾ ਅਰਥ ਹੈ- 'ਉਹ ਜੋ ਸਿੱਧੀ ਪ੍ਰਾਪਤ ਲਈ ਜਨਮਿਆ ਹੋਵੇ।' ਜਨਮ ਸਮਾਰੋਹ 'ਤੇ ਇਕੱਤਰ ਹੋਏ ਸਾਧੂ-ਸੰਤਾਂ ਨੇ ਇਸ ਬਾਲਕ ਪ੍ਰਤੀ, ਇਹ ਜੋਤਿਸ਼ ਲਗਾਇਆ ਕਿ ਇਹ ਬਾਲਕ ਜਾਂ ਤਾਂ ਇਕ ਮਹਾਨ ਰਾਜਾ ਜਾਂ ਇਕ ਮਹਾਨ ਲੋਕ-ਮਾਰਗ ਦਰਸ਼ਕ, ਸਾਧੂ ਸੰਤ ਬਣੇਗਾ। ਰਾਜਾ ਸੁਦੋਧਨ ਨੇ ਪੰਜਵੇਂ ਦਿਨ ਇਕ ਨਾਮਕਰਨ ਸਮਾਰੋਹ ਕੀਤਾ ਤੇ ਅੱਠ ਬ੍ਰਾਹਮਣ ਵਿਦਵਾਨਾਂ ਨੂੰ ਇਸ ਬਾਲਕ ਦਾ ਭਵਿੱਖ ਜਾਣਨ ਲਈ ਸੱਦਿਆ। ਸਭ ਵਿਦਵਾਨਾਂ ਨੇ ਫਿਰ ਉਹੀ ਭਵਿੱਖਬਾਣੀ ਕੀਤੀ ਕਿ ਇਹ ਬਾਲਕ ਜਾਂ ਤਾਂ ਇਕ ਮਹਾਨ ਰਾਜਾ ਜਾਂ ਇਕ ਮਹਾਨ ਪਵਿੱਤਰ ਇਨਸਾਨ ਬਣੇਗਾ। ਦੱਖਣੀ ਮੱਧ ਨੇਪਾਲ 'ਚ ਸਥਿਤ ਲੁੰਬਨੀ ਦੇ ਇਸ ਸਥਾਨ ਤੇ ਮਹਾਰਾਜਾ ਅਸ਼ੋਕ ਨੇ ਤੀਜੀ ਸਦੀ (ਬੀ. ਸੀ.) ਵਿਚ ਬੁੱਧ ਜੈਅੰਤੀ 'ਤੇ ਉਹਨਾਂ ਦੀ ਯਾਦ 'ਚ ਇਕ ਸਤੰਭ ਬਣਾਇਆ। ਗੌਤਮ ਬੁੱਧ ਦਾ ਜਨਮ ਦਿਨ ਜ਼ਿਆਦਾ ਤੌਰ ਤੇ ਏਸ਼ੀਆ ਦੇ ਕਈ ਦੇਸ਼ਾਂ ਵਿਚ ਮਨਾਇਆ ਜਾਂਦਾ ਹੈ। ਸਿਧਾਰਥ ਦਾ ਮਨ ਬਚਪਨ ਤੋਂ ਹੀ ਬੜਾ ਕਰੁਣਾਮਈ ਤੇ ਦਇਆ ਦ੍ਰਿਸ਼ਟੀ ਵਾਲਾ ਸੀ। ਇਸ ਦਾ ਸਾਨੂੰ ਉਹਨਾਂ ਦੇ ਆਰੰਭਿਕ ਜੀਵਨ ਦੀਆਂ ਕਈ ਘਟਨਾਵਾਂ ਤੋਂ ਹੀ ਪਤਾ ਲੱਗ ਜਾਂਦਾ ਹੈ। ਘੋੜਿਆਂ ਦੀ ਦੌੜ 'ਚ ਜਦੋਂ ਘੋੜੇ ਦੌੜਦੇ ਉਹਨਾਂ ਦੇ ਮੂੰਹ 'ਚੋਂ ਝੱਗ ਨਿਕਲਣ ਲੱਗਦੀ ਤਾਂ ਸਿਧਾਰਥ ਉਹਨਾਂ ਨੂੰ ਥੱਕਿਆ ਜਾਣ ਕੇ, ਉਹਨਾਂ ਨੂੰ ਉਥੇ ਹੀ ਰੋਕ ਦਿੰਦਾ ਤੇ ਆਪਣੀ ਜਿੱਤੀ ਹੋਈ ਬਾਜ਼ੀ ਉੱਥੇ ਹੀ ਹਾਰ ਜਾਂਦਾ। ਖੇਡਾਂ 'ਚ ਹਾਰ ਜਾਣਾ ਵੀ ਉਹਨਾਂ ਨੂੰ ਬਹੁਤ ਪਸੰਦ ਸੀ ਕਿਉਂਕਿ ਕਿਸੇ ਨੂੰ ਹਰਾਉਣਾ ਤੇ ਕਿਸੇ ਨੂੰ ਦੁਖੀ ਦੇਖਣਾ ਉਹਨਾਂ ਨੂੰ ਬੜੀ ਤਕਲੀਫ਼ ਦਿੰਦਾ ਸੀ। ਸਿਧਾਰਥ ਦੇ ਚਚੇਰੇ ਭਰਾ ਨੇ ਇਕ ਵਾਰ ਇਕ ਹੰਸ ਨੂੰ ਤੀਰ ਨਾਲ ਜ਼ਖ਼ਮੀ ਕਰ ਦਿੱਤਾ ਤੇ ਸਿਧਾਰਥ ਨੇ ਉਸ ਜ਼ਖ਼ਮੀ ਹੰਸ ਦੇ ਪ੍ਰਾਣਾਂ ਦੀ ਖ਼ੁਦ ਰੱਖਿਆ ਕੀਤੀ।

ਸਿਧਾਰਥ ਨੇ ਆਪਣੇ ਗੁਰੂ ਵਿਸ਼ਵਾਮਿੱਤਰ ਤੋਂ ਵੇਦ ਤੇ ਉਪਨਿਸ਼ਦਾਂ ਦੀ ਸਿੱਖਿਆ ਦੇ ਨਾਲ-ਨਾਲ ਯੁੱਧ ਕਲਾ ਦੀ ਸਿੱਖਿਆ ਵੀ ਲਈ। ਇਸ ਤੋਂ ਇਲਾਵਾ ਕੁਸ਼ਤੀ ਕਰਨ, ਘੋੜ ਦੌੜ, ਤੀਰ ਅੰਦਾਜ਼ੀ ਤੇ ਰੱਥ ਰੱਕਣ 'ਚ ਵੀ ਉਹ ਬੜੇ ਨਿਪੁੰਨ ਸਨ। ਸੋਲਾਂ ਸਾਲਾਂ ਦੀ ਉਮਰ 'ਚ ਸਿਧਾਰਥ ਦਾ ਛੱਕ ਕੰਨਿਆ 'ਯਸ਼ੋਧਰਾ' ਨਾਲ ਵਿਆਹ ਹੋ ਗਿਆ। ਆਪਣੇ ਪਿਤਾ ਜੀ ਦੁਆਰਾ ਇਕ ਬਹੁਤ ਹੀ ਆਲੀਸ਼ਾਨ ਬਣਾਏ ਗਏ ਮਹੱਲ 'ਚ ਉਹ ਆਪਣੀ ਪਤਨੀ ਨਾਲ ਰਹਿਣ ਲੱਗ ਪਏ। ਇਸ ਮਹੱਲ 'ਚ ਉਹਨਾਂ ਨੂੰ ਦੁਨੀਆਂ ਭਰ ਦੇ ਸੁੱਖ ਆਰਾਮ ਪ੍ਰਾਪਤ ਸਨ ਤੇ ਇੱਥੇ ਹੀ ਉਹਨਾਂ ਦੇ ਘਰ ਪੁੱਤਰ ਰਾਹੁਲ ਨੇ ਜਨਮ ਲਿਆ।

ਰਾਜਾ ਸੁਦੋਧਨ ਨੇ ਸਿਧਾਰਥ ਦੇ ਐਸ਼ੋ-ਆਰਾਮ ਦਾ ਬੜੀ ਵੱਡੀ ਪੱਧਰ 'ਤੇ ਮਹੱਲਾਂ 'ਚ ਹੀ ਪ੍ਰਬੰਧ ਕਰ ਦਿੱਤਾ। ਤਿੰਨਾਂ ਰੁੱਤਾਂ ਦੇ ਅਨੁਸਾਰ ਤਿੰਨ ਮਹੱਲ ਬਣਾ ਦਿੱਤੇ। ਉਥੇ ਨੱਚਣ ਗਾਉਣ ਦੀ ਤੇ ਹੋਰ ਕਈ ਪ੍ਰਕਾਰ ਦਾ ਮਨੋਰੰਜਨ ਕਰਨ ਲਈ ਸਮੱਗਰੀ ਦਾ ਪ੍ਰਬੰਧ ਵੀ ਕਰ ਦਿੱਤਾ ਪ੍ਰੰਤੂ ਇਹ ਸਭ ਚੀਜ਼ਾਂ ਸਿਧਾਰਥ ਨੂੰ ਸੰਸਾਰ ਨਾਲ ਬੰਨ੍ਹ ਕੇ ਨਾ ਰੱਖ ਸਕੀਆਂ। ਬਸੰਤ ਰੁੱਤ ਦੇ ਦਿਨਾਂ 'ਚ ਸਿਧਾਰਥ ਇਕ ਦਿਨ ਬਗੀਚੇ ਦੀ ਸੈਰ ਕਰਨ ਲਈ ਨਿਕਲੇ। ਉਹਨਾਂ ਨੂੰ ਸੜਕ ਤੇ ਇਕ ਬੁੱਢਾ ਆਦਮੀ ਦਿੱਸਿਆ। ਉਸਦੇ ਦੰਦ ਟੁੱਟ ਚੁੱਕੇ ਸਨ, ਵਾਲ ਸਫੈਦ ਹੋ ਗਏ ਸਨ ਤੇ ਸਰੀਰ ਝੁੱਕ ਗਿਆ ਹੋਇਆ ਸੀ। ਉਹ ਹੱਥ 'ਚ ਲਾਠੀ ਫੜ ਕੇ ਹੌਲੀ-ਹੌਲੀ ਕੰਬਦਾ ਹੋਇਆ, ਉਹ ਸੜਕ ਤੇ ਚੱਲ ਰਿਹਾ ਸੀ। ਦੂਸਰੀ ਵਾਰ ਜਦੋਂ ਉਹ ਫਿਰ ਸੈਰ ਕਰਨ ਲਈ ਬਗੀਚੇ 'ਚ ਨਿਕਲੇ ਤਾਂ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਇਕ ਰੋਗੀ ਆ ਗਿਆ। ਉਸ ਦੀ ਸਾਹ ਬੜੀ ਤੇਜ਼ੀ ਨਾਲ ਚੱਲ ਰਹੀ ਸੀ ਤੇ ਉਸ ਦੇ ਮੋਢੇ 'ਤੇ ਸਰੀਰ ਬੜਾ ਢਿੱਲਾ-ਢਿੱਲਾ ਜਿਹਾ ਲੱਗ ਰਿਹਾ ਸੀ ਤੇ ਉਹ ਕਿਸੇ ਦੂਸਰੇ ਆਦਮੀ ਦੇ ਸਹਾਰੇ ਨਾਲ ਚੱਲ ਰਿਹਾ ਸੀ। ਤੀਸਰੀ ਵਾਰ ਉਸ ਨੇ ਇਕ ਅਰਥੀ ਤੇ ਮੁਰਦੇ ਨੂੰ ਸੰਸਕਾਰ ਲਈ ਲਿਜਾਂਦੇ ਦੇਖਿਆ ਤੇ ਉਸ ਨੂੰ ਲੋਕ ਆਪਣੇ ਮੋਢਿਆਂ 'ਤੇ ਉਠਾਅ ਕੇ ਲਿਜਾ ਰਹੇ ਸਨ ਤੇ ਕਈ ਆਪਣੇ ਵਾਲ ਖਿਲਾਰ ਕੇ ਉਹਨਾਂ ਨੂੰ ਖਿੱਚ ਰਹੇ ਸਨ। ਇਹਨਾਂ ਸਾਰੀਆਂ ਘਟਨਾਵਾਂ ਤੇ ਦ੍ਰਿਸ਼ਾਂ ਨੇ ਸਿਧਾਰਥ ਨੂੰ ਬੜੀਆਂ ਡੂੰਘੀਆਂ ਸੋਚਾਂ ਵਿਚ ਪਾ ਦਿੱਤਾ। ਉਸ ਨੇ ਸੋਚਿਆ ਕਿ ਇਹ ਜਵਾਨੀ ਐਵੇਂ ਥੋੜ੍ਹੇ ਦਿਨਾਂ ਦੀ ਹੈ ਜੋ ਜਲਦੀ ਹੀ ਸੁੱਕ ਤੇ ਮੁੱਕ ਜਾਣੀ ਹੈ। ਅਜਿਹੀ ਜ਼ਿੰਦਗੀ ਨੂੰ ਕੀ ਕਰਨਾ ਹੈ। ਇਹ ਬੁਢਾਪਾ ਬਿਮਾਰੀ ਤੇ ਮੌਤ ਕੀ ਇਸੇ ਤਰ੍ਹਾਂ ਹੀ ਜੀਵਨ 'ਚ ਆਉਂਦੀ ਰਹੇਗੀ? ਚੌਥੀ ਵਾਰ ਸਿਧਾਰਥ ਜਦੋਂ ਬਗੀਚੇ 'ਚ ਸੈਰ ਕਰਨ ਲਈ ਗਿਆ ਤਾਂ ਉਹਨਾਂ ਨੂੰ ਇਕ ਸੰਨਿਆਸੀ ਦਿਖਾਈ ਦਿੱਤਾ ਜਿਹੜਾ ਕਿ ਸੰਸਾਰ ਦੀਆਂ ਸਾਰੀਆਂ ਚਿੰਤਾਵਾਂ ਤੇ ਕਾਮਨਾਵਾਂ ਤੋਂ ਮੁਕਤ ਤੇ ਪ੍ਰਸੰਨਚਿੱਤ ਲੱਗਦਾ ਸੀ, ਨੇ ਸਿਧਾਰਥ ਨੂੰ ਪ੍ਰਭਾਵਿਤ ਕੀਤਾ।

ਸੁੰਦਰ ਪਤਨੀ ਯਸ਼ੋਧਰਾ, ਦੁੱਧ ਮੂੰਹੇ ਬੱਚੇ ਰਾਹੁਲ ਤੇ ਕਪਲਵਸਤੂ ਵਰਗੇ ਰਾਜ ਦਾ ਮੋਹ ਤੱਜ ਕੇ ਸਿਧਾਰਥ ਤਪੱਸਿਆ ਕਰਨ ਲਈ ਘਰੋਂ ਨਿਕਲ ਪਿਆ। ਉਹ ਰਾਜ ਗ੍ਰਹਿ ਪਹੁੰਚ ਗਿਆ। ਉਥੇ ਉਸ ਨੇ ਭਿਕਸ਼ਾ ਮੰਗਣੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਉਹ ਘੁੰਮਦਾ-ਘੁੰਮਦਾ ਅਲਾਰ ਕਲਾਮ ਤੇ ਉਦਰਕ ਰਾਮ ਪੁੱਤਰ ਦੇ ਪਾਸ ਪਹੁੰਚ ਗਿਆ। ਉਥੋਂ ਉਹਨਾਂ ਨੇ ਯੋਗ ਸਾਧਨਾ ਸਿੱਖੀ। ਸਮਾਧੀ ਲਗਾਉਣੀ ਸਿੱਖੀ, ਪਰ ਇੱਥੇ ਵੀ ਉਹਨਾਂ ਦੀ ਤਸੱਲੀ ਨਹੀਂ ਹੋਈ। ਫਿਰ ਉਹ ਉਰਵੇਲਾ ਪਹੁੰਚਿਆ ਤੇ ਉਥੇ ਉਹ ਤਰ੍ਹਾਂ-ਤਰ੍ਹਾਂ ਦੀ ਤਪੱਸਿਆ ਕਰਨ ਲੱਗ ਪਿਆ। ਪਹਿਲਾਂ ਉਸ ਨੇ ਕੇਵਲ ਤਿਲ-ਚਾਵਲ ਖਾ ਕੇ ਤਪੱਸਿਆ ਸ਼ੁਰੂ ਕੀਤੀ ਤੇ ਬਾਅਦ 'ਚ ਕੋਈ ਭੋਜਨ ਖਾਣਾ ਤਿਆਗ ਦਿੱਤਾ। ਸਰੀਰ ਸੁੱਕ ਕੇ ਤੀਲੇ ਵਾਂਗ ਹੋ ਗਿਆ। ਇਸ ਤਰ੍ਹਾਂ ਛੇ ਸਾਲ ਤਪੱਸਿਆ ਕਰਦਿਆਂ ਬੀਤ ਗਏ ਤੇ ਉਹਨਾਂ ਦੀ ਤਪੱਸਿਆ ਸਫਲ ਨਹੀਂ ਹੋਈ।



ਸ਼ਾਂਤੀ ਲਈ ਉਹਨਾਂ ਦਾ ਮੱਧਿਆ ਮਾਰਗ- ਇਕ ਦਿਨ ਕੁਝ ਇਸਤਰੀਆਂ ਕਿਸੇ ਨਗਰ ਤੋਂ ਵਾਪਸ ਆਉਂਦੀਆਂ ਹੋਈਆਂ ਉਧਰ ਦੀ ਲੰਘੀਆਂ, ਜਿੱਥੇ ਉਹ ਤਪੱਸਿਆ ਕਰ ਰਿਹਾ ਸੀ। ਉਹਨਾਂ ਇਸਤਰੀਆਂ ਦਾ ਇਕ ਗੀਤ ਉਹਨਾਂ ਦੇ ਕੰਨਾਂ 'ਚ ਪਿਆ- 'ਵੀਣਾ ਦੀਆਂ ਤਾਰਾਂ ਨੂੰ ਢਿੱਲਾ ਮੱਤ ਛੱਡੋ। ਢਿੱਲਾ ਛੱਡ ਦੇਣ ਨਾਲ ਉਹਨਾਂ 'ਚੋਂ ਸੁਰੀਲਾ ਸੁਰ ਨਹੀਂ ਨਿਕਲੇਗਾ। ਤਾਰਾਂ ਨੂੰ ਇਤਨਾ ਕੱਸੋ ਵੀ ਨਾਂ ਕਿ ਉਹ ਟੁੱਟ ਜਾਣ।'' ਇਹ ਗੱਲ ਸਿਧਾਰਥ ਨੂੰ ਬੜੀ ਚੰਗੀ ਲੱਗੀ। ਉਹ ਮੰਨ ਗਿਆ ਕਿ ਨਿਯਮਿਤ ਭੋਜਨ ਲੈਣ ਨਾਲ ਹੀ 'ਯੋਗ ਸਾਧਨਾ' ਸਹੀ ਸਿੱਧ ਹੁੰਦੀ ਹੈ। ਕਿਸੇ ਵੀ ਗੱਲ ਦੀ ਅੱਤ ਚੰਗੀ ਨਹੀਂ ਹੁੰਦੀ। ਕਿਸੇ ਵੀ ਪ੍ਰਾਪਤੀ ਲਈ ਮੱਧਿਆ ਮਾਰਗ ਹੀ ਠੀਕ ਹੁੰਦਾ ਹੈ।

ਵਿਸਾਖੀ ਪੂਰਨਿਮਾ ਵਾਲੇ ਦਿਨ ਸਿਧਾਰਥ ਵੱਟ ਦੇ ਦਰਖ਼ਤ ਥੱਲੇ ਧਿਆਨ ਸਮਾਧੀ 'ਚ ਬੈਠੇ ਸਨ। ਨੇੜੇ ਦੇ ਇਕ ਪਿੰਡ 'ਚ ਇਕ ਇਸਤਰੀ ਜਿਸ ਦਾ ਨਾਮ ਸੁਜਾਤਾ ਸੀ, ਦੇ ਘਰ ਇਕ ਪੁੱਤਰ ਨੇ ਜਨਮ ਲਿਆ। ਉਸ ਨੇ ਆਪਣੇ ਪੁੱਤਰ ਲਈ ਇਕ 'ਵੱਟ ਦਰਖ਼ਤ' ਦੀ ਮਨੌਤ ਮੰਗੀ ਸੀ। ਉਹ ਆਪਣੀ ਮਨੌਤ ਪੂਰੀ ਕਰਨ ਲਈ ਸੋਨੇ ਦੇ ਥਾਲ 'ਚ ਗਾਂ ਦੇ ਦੁੱਧ ਦੀ ਖੀਰ ਲੈ ਕੇ ਆਈ। ਸਿਧਾਰਥ ਉਥੇ ਬੈਠਾ ਧਿਆਨ ਕਰ ਰਿਹਾ ਸੀ, ਉਸ ਇਸਤਰੀ ਨੂੰ ਲੱਗਾ ਕਿ ਦਰਖ਼ਤ ਦੇਵਤਾ ਦੀ ਮਾਨੋਂ ਪੂਜਾ ਲੈਣ ਲਈ ਆਪਣਾ ਸਰੀਰ ਧਰ ਕੇ ਬੈਠਾ ਹੈ। ਸੁਜਾਤਾ ਨੇ ਬੜੇ ਆਦਰ ਸਤਿਕਾਰ ਨਾਲ ਸਿਧਾਰਥ ਨੂੰ ਖੀਰ ਭੇਂਟ ਕੀਤੀ ਤੇ ਕਿਹਾ- ''ਜਿਸ ਤਰ੍ਹਾਂ ਮੇਰੀ ਮਨੋਕਾਮਨਾ ਪੂਰੀ ਹੋਈ ਹੈ, ਉਸੇ ਤਰ੍ਹਾਂ ਹੀ ਤੁਹਾਡੀ ਵੀ ਮਨੋਕਾਮਨਾ ਪੂਰੀ ਹੋਵੇ।'' ਉਸ ਰਾਤ ਨੂੰ ਧਿਆਨ ਲਗਾਉਣ ਨਾਲ ਸਿਧਾਰਥ ਦੀ ਸਾਧਨਾ ਸਫਲ ਹੋਈ। ਉਸਨੂੰ 'ਸੱਚਾ ਬੋਧ' ਪ੍ਰਾਪਤ ਹੋਇਆ। ਉਸੇ ਦਿਨ ਤੋਂ ਹੀ ਸਿਧਾਰਥ 'ਬੁੱਧ' ਬਣ ਗਏ। ਜਿਹੜੇ ਪਿੱਪਲ ਦੇ ਦਰਖ਼ਤ ਥੱਲੇ ਸਿਧਾਰਥ ਨੂੰ ਬੋਧ (ਗਿਆਨ) ਪ੍ਰਾਪਤ ਹੋਇਆ, ਉਸੇ ਹੀ ਦਿਨ ਤੋਂ ਉਸ ਦਰਖ਼ਤ ਨੂੰ 'ਬੁੱਧ ਦਾ ਦਰਖ਼ਤ' ਕਿਹਾ ਜਾਣ ਲੱਗਾ ਅਤੇ ਗਯਾ ਦੇ ਨੇੜੇ, ਉਹ ਜਗ੍ਹਾ 'ਬੋਧ ਗਯਾ' ਹੈ।

ਸਿਧਾਰਥ 80 ਸਾਲ ਦੀ ਉਮਰ ਤੱਕ ਆਪਣੇ ਧਰਮ ਦਾ ਪ੍ਰਚਾਰ ਸੰਸਕ੍ਰਿਤ ਭਾਸ਼ਾ ਦੀ ਥਾਂ, ਉਸ ਸਮੇਂ ਦੀ ਬੜੀ ਸਰਲ ਤੇ ਸਪਸ਼ਟ ਲੋਕ ਭਾਸ਼ਾ ਪਾਲੀ 'ਚ ਪ੍ਰਚਾਰ ਕਰਦੇ ਰਹੇ। ਉਹਨਾਂ ਦੇ ਸਰਲ ਤੇ ਸਪਸ਼ਟ ਧਰਮ ਦੀ ਪ੍ਰਸਿੱਧੀ ਬੜੀ ਤੇਜ਼ੀ ਨਾਲ ਫੈਲਣ ਲੱਗੀ।

ਤਕਰੀਬਨ ਚਾਰ ਹਫਤੇ ਤੱਕ ਬੋਧ ਦਰਖ਼ਤ ਦੇ ਥੱਲੇ ਰਹਿਣ ਉਪਰੰਤ ਤੇ ਆਪਣੇ ਧਰਮ ਦੇ ਸਰੂਪ ਦਾ ਚਿੰਤਨ ਕਰਨ ਉਪਰੰਤ 'ਬੁੱਧ ਧਰਮ' ਦਾ ਪ੍ਰਚਾਰ ਕਰਨ ਲਈ ਨਿਕਲ ਪਏ। ਅੱਠਵੇਂ ਦਿਨ ਦੀ ਪੂਰਨਿਮਾ ਨੂੰ, ਉਹ ਕਾਸ਼ੀ ਦੇ ਕੋਲ ਮਰਿਗਦਾਵ (ਵਰਤਮਾਨ ਨਾਮ ਸਾਰਨਾਥ) ਪਹੁੰਚ ਗਏ। ਉਥੇ ਹੀ ਉਹਨਾਂ ਨੇ ਸਭ ਤੋਂ ਪਹਿਲਾਂ ਆਪਣੇ ਧਰਮ ਦਾ ਉਪਦੇਸ਼ ਦਿੱਤਾ ਤੇ ਆਪਣੇ ਪਹਿਲੇ ਪੰਜ ਮਿੱਤਰਾਂ ਨੂੰ ਆਪਣੇ ਚੇਲੇ/ ਭਿਕਸ਼ੂ ਬਣਾਇਆ ਤੇ ਫਿਰ ਉਹਨਾਂ ਨੂੰ ਆਪਣੇ ਧਰਮ ਦਾ ਬਾਹਰ ਪ੍ਰਚਾਰ ਕਰਨ ਲਈ ਭੇਜ ਦਿੱਤਾ। ਉਸ ਸਮੇਂ ਦੀ ਬੜੀ ਸਰਲ ਲੋਕ-ਬੋਲੀ ਪਾਲੀ 'ਚ ਉਹਨਾਂ ਨੇ ਆਪਣੀ ਸਾਰੀ ਉਮਰ ਪ੍ਰਚਾਰ ਕੀਤਾ ਤੇ ਇਹੀ ਬੋਲੀ ਉਹਨਾਂ ਦੇ ਧਰਮ ਦਾ ਫੈਲਾਅ ਕਰਨ 'ਚ ਬੜੀ ਸਹਾਇਕ ਸਿੱਧ ਹੋਈ।

'ਪਾਲ ਸਿਧਾਂਤ' ਦੇ ਮਹਾਂਪਰ ਨਿਰਵਾਣ ਸੂਤਰ ਦੇ ਅਨੁਸਾਰ 70 ਸਾਲ ਦੀ ਉਮਰ 'ਚ ਬੁੱਧ ਨੇ ਐਲਾਨ ਕੀਤਾ ਕਿ ਉਹ ਜਲਦੀ ਹੀ ਪਰਨਿਰਵਾਣ ਲਈ ਰਵਾਨਾ ਹੋਣਗੇ। ਬੁੱਧ ਨੇ ਆਪਣਾ ਆਖਰੀ ਭੋਜਨ, ਜਿਸ ਨੂੰ ਉਹਨਾਂ ਨੇ ਕੁੰਡਾ ਨਾਮਕ ਇਕ ਲੁਹਾਰ ਤੋਂ ਇਕ ਭੇਂਟ ਦੇ ਰੂਪ ਵਿਚ ਪ੍ਰਾਪਤ ਕੀਤਾ ਸੀ, ਦੇ ਖਾਣ ਨਾਲ ਉਹ ਗੰਭੀਰ ਰੂਪ 'ਚ ਬਿਮਾਰ ਹੋ ਗਏ। ਬੁੱਧ ਨੇ ਆਪਣੇ ਇਕ ਪ੍ਰਮੁੱਖ ਚੇਲੇ ਆਨੰਦ ਨੂੰ ਕਿਹਾ ਕਿ ਕੁੰਡਾ ਨੂੰ ਸਮਝਾਉਣ ਕਿ ਉਸ ਨੇ ਕੋਈ ਗਲਤੀ ਨਹੀਂ ਕੀਤੀ ਤੇ ਉਸ ਨੇ, ਉਸਨੂੰ ਕਿਹਾ ਕਿ ਉਸ ਦੇ ਭੋਜਨ 'ਚ ਕੋਈ ਨੁਕਸ ਨਹੀਂ ਸੀ, ਸਗੋਂ ਬਹੁਤ ਵਧੀਆ ਸੀ।

**ਬੁੱਧ ਦੇ ਉਪਦੇਸ਼ਾਂ ਅਨੁਸਾਰ:-** ਮਹਾਤਮਾ ਬੁੱਧ ਨੇ ਲੋਕਾਂ ਨੂੰ 'ਮੱਧਿਆ ਮਾਰਗ' ਦਾ ਉਪਦੇਸ਼ ਦਿੱਤਾ, ਉਹਨਾਂ ਨੇ ਦੁੱਖ, ਉਹਨਾਂ ਦੇ ਕਾਰਨ ਅਤੇ ਉਹਨਾਂ ਦੇ ਨਿਰਵਾਣ ਲਈ ਅਸ਼ਟਾਂਗ ਮਾਰਗ ਸਮਝਾਇਆ। ਉਹਨਾਂ ਨੇ ਅਹਿੰਸਾ ਤੇ ਬਹੁਤ ਜ਼ੋਰ ਦਿੱਤਾ। ਉਹਨਾਂ ਨੇ ਯੱਗ ਤੇ ਪਸ਼ੂ ਬਲੀ ਦੀ ਘੋਰ ਨਿੰਦਿਆ ਕੀਤੀ। ਬੁੱਧ ਦੇ ਉਪਦੇਸ਼ ਦਾ ਸਾਰ ਨਿਮਨ ਲਿਖਤ ਅਨੁਸਾਰ ਹੈ:

**ਬੁੱਧ ਅਨੁਸਾਰ ਧਰਮ ਹੈ:-** ਜੀਵਨ ਦੀ ਪਵਿੱਤਰਤਾ ਬਣਾਈ ਰੱਖਣਾ, ਜੀਵਨ 'ਚ ਪੂਰਨਤਾ ਪ੍ਰਾਪਤ ਕਰਨਾ, ਨਿਰਵਾਣ ਪ੍ਰਾਪਤ ਕਰਨਾ, ਤ੍ਰਿਸ਼ਨਾ ਦਾ ਤਿਆਗ ਕਰਨਾ, ਇਹ ਮੰਨਣਾ ਕਿ ਸਭ ਸੰਸਕਾਰ ਅਨਿਤਯ ਹਨ, ਕਰਮ ਨੂੰ ਮਾਨਵ ਦੇ ਨੈਤਿਕ ਸਥਾਨ ਦਾ ਆਧਾਰ ਮੰਨਣਾ।

**ਬੁੱਧ ਅਨੁਸਾਰ ਅਧਰਮ ਹਨ:** ਰੱਬ 'ਚ ਵਿਸ਼ਵਾਸ ਕਰਨਾ, ਅਧਰਮ ਹੈ, ਆਤਮਾ 'ਚ ਵਿਸ਼ਵਾਸ ਕਰਨਾ, ਕਲਪਨਾ ਆਧਾਰਿਤ ਵਿਸ਼ਵਾਸ ਕਰਨਾ ਤੇ ਧਰਮ ਦੀਆਂ ਪੁਸਤਕਾਂ ਦਾ ਪਾਠ ਕਰਨਾ ਵੀ ਅਧਰਮ ਹੈ।

**ਬੁੱਧ ਅਨੁਸਾਰ ਸ਼ੁੱਧ ਧਰਮ ਕੀ ਹੈ?-** ਜਿਹੜਾ ਧਰਮ ਪੱਕੇ ਇਰਾਦੇ 'ਚ ਵਾਧਾ ਕਰੇ, ਜਿਹੜਾ ਧਰਮ ਸਭ ਲਈ ਗਿਆਨ ਦੇ ਦੁਆਰ ਖੋਲ੍ਹੇ, ਜਿਹੜਾ ਧਰਮ ਇਹ ਦੱਸੇ ਕਿ ਕੇਵਲ ਵਿਦਵਾਨ ਹੋਣਾ ਹੀ ਕਾਫੀ ਨਹੀਂ ਹੈ, ਜਿਹੜਾ ਧਰਮ ਮਿੱਤਰਤਾ 'ਚ ਵਾਧਾ ਕਰੇ, ਜਿਹੜਾ ਧਰਮ ਸ਼ਾਲੀਨਤਾ 'ਚ ਵਾਧਾ ਕਰੇ, ਜਿਹੜਾ ਧਰਮ ਸ਼ਾਲੀਨਤਾ ਤੇ ਪੱਕੇ ਇਰਾਕੇ ਦੇ ਨਾਲ ਕਰੁਣਾ ਦਾ ਹੋਣਾ ਨਾ ਦੱਸੇ, ਜਿਹੜਾ ਧਰਮ ਇਹ ਦੱਸੇ ਕਿ ਕਰੁਣਾ ਨਾਲ ਭੀ ਅਧਿਕ ਮਿੱਤਰਤਾ ਦੀ ਜ਼ਰੂਰਤ ਹੈ, ਜਦੋਂ ਉਹ ਸਾਰੇ ਪ੍ਰਕਾਰ ਦੇ ਸਮਾਜਿਕ ਭੇਦ ਭਾਵਾਂ ਨੂੰ ਮਿਟਾਅ ਦੇਵੇ, ਜਦੋਂ ਉਹ ਆਦਮੀ ਤੇ ਆਦਮੀ 'ਚ ਸਾਰੀਆਂ ਦੀਵਾਰਾਂ ਗਿਰਾ ਦੇਵੇ, ਜਦੋਂ ਉਹ ਇਹ ਕਰੇ ਕਿ ਆਦਮੀ ਦਾ ਮੁਲਾਂਕਣ ਜਨਮ ਤੋਂ ਨਹੀਂ, ਕਰਮ ਨਾਲ ਕੀਤਾ ਜਾਵੇ ਤੇ ਜਦੋਂ ਉਹ ਮਨੁੱਖ-ਮਨੁੱਖ 'ਚ ਸਮਾਨਤਾ ਦੇ ਭਾਵ 'ਚ ਵਾਧਾ ਕਰੇ।

ਬੁੱਧ ਧਰਮ ਦੀਆਂ ਸਿੱਖਿਆਵਾਂ ਨੂੰ 'ਬੁੱਧਵਾਦ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਉਹ ਕਹਿੰਦੇ ਹਨ ਕਿ ਦੁਨੀਆਂ ਦੁੱਖਾਂ ਦਾ ਘਰ ਹੈ। ਇਹ ਉਹ ਦੁੱਖ ਹਨ ਜੋ ਇਨਸਾਨ ਆਪਣੇ ਅੰਦਰੋਂ ਮਹਿਸੂਸ ਕਰਦਾ ਹੈ ਤੇ ਇਹਨਾਂ ਤੋਂ ਛੁਟਕਾਰਾ ਪਾਉਣ ਲਈ, ਮਨੁੱਖ ਨੂੰ ਆਪਣੀਆਂ ਖਾਹਿਸ਼ਾਂ ਤੇ ਕਾਬੂ ਪਾ ਕੇ ਰੱਖਣਾ ਚਾਹੀਦਾ ਹੈ। ਇਹਨਾਂ ਖਾਹਿਸ਼ਾਂ ਤੇ ਕਾਬੂ ਪਾਉਣ ਲਈ ਮਨੁੱਖ ਨੂੰ ਚੰਗਿਆਈਆਂ ਨੂੰ ਅਪਣਾਉਣਾ ਚਾਹੀਦਾ ਹੈ ਤੇ ਬੁਰਾਈਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਚੰਗਿਆਈਆਂ ਨੂੰ ਸਾਨੂੰ ਆਪਣੇ ਮਨ 'ਚ ਬਿਠਾਅ ਲੈਣਾ ਚਾਹੀਦਾ ਹੈ। ਇਸ ਨਾਲ ਸਾਡੇ ਅੰਦਰਲੇ ਤੇ ਬਾਹਰਲੇ ਸਾਰੇ ਦੁੱਖ ਖ਼ਤਮ ਹੋ ਜਾਣਗੇ ਤੇ ਸਾਨੂੰ ਗਿਆਨ ਦੀ ਪ੍ਰਾਪਤੀ ਹੋ ਜਾਵੇਗੀ।

ਸਾਨੂੰ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ ਤੇ ਸਾਨੂੰ ਆਪਣੇ ਅੰਦਰ ਸੰਤੁਲਨ ਬਣਾ ਕੇ ਰੱਖਣਾ ਚਾਹੀਦਾ ਹੈ। ਇਸ ਤੋਂ ਸਾਨੂੰ ਦੂਰ ਨਹੀਂ ਭੱਜਣਾ ਚਾਹੀਦਾ। ਸਾਨੂੰ ਅੰਤਰ ਧਿਆਨ ਹੋ ਕੇ ਆਪਣੀਆਂ ਬੁਰਾਈਆਂ ਨੂੰ ਦੂਰ ਕਰਨ ਲਈ ਤੇ ਚੰਗਿਆਈਆਂ ਅਪਣਾਉਣ ਲਈ ਸੋਚਣਾ ਚਾਹੀਦਾ ਹੈ। ਉਹ ਯੋਗ ਆਸਣ ਦੁਆਰਾ ਹੀ, ਚੌਂਕੜੀ ਮਾਰ ਕੇ ਯੋਗ ਸਾਧਨਾ ਕਰਨ ਨਾਲ, ਅਸੀਂ ਅੰਤਰ-ਧਿਆਨ ਦੀ ਅਵਸਥਾ 'ਚ ਆ ਸਕਦੇ ਹਾਂ। ਕੁਝ ਬੋਧੀ ਲੋਕ ਭਜਨ ਗਾ ਕੇ, ਚੱਲਦੇ ਹੋਏ ਵੀ ਅੰਤਰ-ਧਿਆਨ ਦੀ ਵਿਧੀ ਅਪਣਾਉਂਦੇ ਹਨ। ਕਈ ਵਾਰ ਬੋਧੀ ਲੋਕ ਇਸ ਨੂੰ ਆਪਣੇ ਮਨ ਦੀ ਹਾਲਤ ਜਾਨਣ ਲਈ ਵੀ ਅਜਿਹਾ ਕਰਦੇ ਹਨ। ਕਈ ਵਾਰ ਉਹ ਅਜਿਹਾ ਸੰਸਾਰ ਨੂੰ ਜਾਨਣ ਲਈ ਵੀ ਕਰਦੇ ਹਨ ਤੇ ਕਈ ਵਾਰ ਉਹ ਆਤਮਕ ਸ਼ਾਂਤੀ ਪ੍ਰਾਪਤ ਕਰਨ ਲਈ ਵੀ ਇਸ ਤਰ੍ਹਾਂ ਕਰਦੇ ਹਨ।

ਬੁੱਧ ਧਰਮ 'ਰੱਬ ਦੀ ਹੋਂਦ ਹੈ ਜਾਂ ਨਹੀਂ', ਇਸ 'ਚ ਵਿਸ਼ਵਾਸ ਨਹੀਂ ਕਰਦੇ। ਉਹ ਆਪਣੇ ਉਪਾਸ਼ਕਾਂ ਨੂੰ ਇਹੀ ਸਿੱਖਿਆ ਦਿੰਦੇ ਹਨ ਕਿ ਰੱਬ ਵੱਲ ਮੱਤ ਦੇਖੋ ਤੇ ਇਸ ਨੂੰ ਦੇਖਣ ਵੱਲ ਜਾਂ ਅਪਣਾਉਣ 'ਚ ਆਪਣਾ ਸਮਾਂ ਬਰਬਾਦ ਮਤ ਕਰੋ। ਇਸ ਵੱਲ ਦੇਖਣ ਨਾਲ ਤੁਸੀਂ ਗਿਆਨਵਾਨ ਨਹੀਂ ਹੋ ਸਕਦੇ ਤੇ ਤੁਹਾਡੇ ਅੰਦਰ ਚਾਨਣ ਨਹੀਂ ਹੋ ਸਕਦਾ। ਇਹ ਕਹਿਣਾ ਕਿ ਰੱਬ ਸਾਰੇ ਸੰਸਾਰ ਤੇ ਕਾਬੂ ਰੱਖਦਾ ਹੈ ਤੇ ਸਭ ਜੀਵਾਂ ਦੀ ਮਦਦ ਕਰਦਾ ਹੈ, ਇਸ ਗੱਲ ਵੱਲ ਧਿਆਨ ਦੇਣ 'ਤੇ ਵਿਸ਼ਵਾਸ ਕਰਨ ਦੀ ਲੋੜ ਨਹੀਂ ਹੈ। ਮਨੁੱਖ ਆਪਣੇ ਕਸ਼ਟਾਂ ਤੋਂ ਛੁਟਕਾਰਾ ਤਾਂ ਹੀ ਪਾ ਸਕਦਾ ਹੈ ਜੇਕਰ ਉਹ ਅੰਤਰ-ਧਿਆਨ ਹੋ ਕੇ ਗਿਆਨਵਾਨ ਹੋਵੇ।

ਬੁੱਧ ਧਰਮ ਇਹ ਵੀ ਕਹਿੰਦਾ ਹੈ ਕਿ ਜੋ ਚੀਜ਼ ਸਾਨੂੰ ਸਥਾਈ ਨਜ਼ਰ ਆਉਂਦੀ ਹੈ, ਉਹ ਵੀ ਨਾਸ਼ਵਾਨ ਹੈ। ਜੋ ਪੁਰਸ਼ ਸਾਨੂੰ ਮਹਾਨ ਨਜ਼ਰ ਆਉਂਦਾ ਹੈ, ਉਸ ਦਾ ਵੀ ਪਤਨ ਹੁੰਦਾ ਹੈ। ਜਿੱਥੇ ਸੰਜੋਗ ਹੈ, ਉਥੇ ਵਿਨਾਸ਼ ਵੀ ਹੈ। ਇਸ ਸੰਸਾਰ 'ਚ ਜਿੱਥੇ ਜਨਮ ਹੈ, ਉਥੇ ਉਸਦੇ ਨਾਲ ਮਰਨ ਵੀ ਹੈ। ਅਜਿਹੇ ਯਥਾਰਥ ਨੂੰ ਜਾਣਨ ਲਈ ਤੇ ਆਪਣੇ ਕਸ਼ਟਾਂ ਦੇ ਨਿਵਾਰਣ ਲਈ ਮਹਾਤਮਾ ਬੁੱਧ ਜੀ ਨੇ ਬੁੱਧ ਧਰਮ ਦੀ ਸਥਾਪਨਾ ਕੀਤੀ ਜੋ ਅੱਜ ਸੰਸਾਰ ਦੇ ਪ੍ਰਮੁੱਖ ਧਰਮਾਂ 'ਚੋਂ ਇਕ ਹੈ।

ਬੁੱਧ ਧਰਮ ਦੀਆਂ ਸਿੱਖਿਆਵਾਂ ਦਾ ਵਰਣਨ, ਉਹਨਾਂ ਦੀਆਂ ਪ੍ਰਮੁੱਖ ਤਿੰਨ ਰਚਨਾਵਾਂ 'ਚ, ਜਿਹਨਾਂ ਨੂੰ 'ਪਿਟਕ' ਭਾਵ ਗ੍ਰੰਥ ਕਿਹਾ ਜਾਂਦਾ ਹੈ, ਜਿਹਨਾਂ ਦੇ ਨਾਮ ਇਸ ਪ੍ਰਕਾਰ ਹਨ- (1) ਵਿਨੇ ਪਿੱਟਕ, (2) ਸੁੱਤ ਪਿਟਕ, (3) ਅਭਿਧੰਮਪਿਟਕ। ਇਹ ਪਾਲੀ ਭਾਸ਼ਾ 'ਚ ਲਿਖੇ ਗਏ ਹਨ। ਹਿੰਦੂ ਧਰਮ 'ਚ ਜਿਸ ਤਰ੍ਹਾਂ ਵੇਦਾਂ ਦਾ ਉੱਚ ਸਥਾਨ ਹੈ, ਠੀਕ ਉਸੇ ਤਰ੍ਹਾਂ ਹੀ ਬੁੱਧ ਧਰਮ 'ਚ ਵੀ ਇਹਨਾਂ ਪਿੱਟਕਾਂ ਦਾ ਉੱਚ ਸਥਾਨ ਹੈ।

ਬੁੱਧ ਧਰਮ ਦੇ ਉਪਦੇਸ਼ ਅੱਜ ਵੀ ਦੇਸ਼ ਵਿਦੇਸ਼ 'ਚ ਜਨਮਾਨਸ ਦਾ ਮਾਰਗ ਦਰਸ਼ਨ ਕਰ ਰਹੇ ਹਨ। ਭਗਵਾਨ ਬੁੱਧ ਪ੍ਰਾਣੀ ਹਿੰਸਾ ਦੇ ਸਖ਼ਤ ਵਿਰੋਧੀ ਸਨ। ਉਹਨਾਂ ਦਾ ਕਹਿਣਾ ਸੀ- ''ਜਿਸ ਤਰ੍ਹਾਂ ਮੈਂ ਹਾਂ, ਉਸੇ ਤਰ੍ਹਾਂ ਹੀ ਦੂਸਰੇ ਹਨ, ਜਿਸ ਤਰ੍ਹਾਂ ਦੂਸਰੇ ਹਨ, ਉਸੇ ਤਰ੍ਹਾਂ ਹੀ ਮੈਂ ਹਾਂ। ਇਸ ਤਰ੍ਹਾਂ ਸਾਨੂੰ ਸਭ ਨੂੰ ਇਕ ਸਮਾਨ ਸਮਝ ਕੇ ਕਿਸੇ ਨੂੰ ਵੀ ਮਾਰਨ ਦਾ ਅਧਿਕਾਰ ਨਹੀਂ ਹੈ ਤੇ ਨਾ ਹੀ ਸਾਨੂੰ ਕਿਸੇ ਨੂੰ ਮਾਰਨ ਦੀ ਪ੍ਰੇਰਨਾ ਦੇਣੀ ਚਾਹੀਦੀ ਹੈ।''

ਸਮੁੱਚੇ ਤੌਰ ਤੇ ਉਹਨਾਂ ਦੇ ਉਪਦੇਸ਼ਾਂ ਨੂੰ ਇਸ ਤਰ੍ਹਾਂ ਵੀ ਆਖਿਆ ਜਾ ਸਕਦਾ ਹੈ ਕਿ ''ਅਸੀਂ ਜੋ ਕੁਝ ਵੀ ਹਾਂ, ਉਸ ਬਾਰੇ ਅਸੀਂ ਅੱਜ ਤੱਕ ਕੀ ਸੋਚਿਆ ਹੈ। ਇਸ ਗੱਲ ਦਾ ਨਤੀਜਾ ਕੀ ਹੈ? ਜੇਕਰ ਕੋਈ ਆਦਮੀ ਬੁਰੀ ਸੋਚ ਨਾਲ ਬੋਲਦਾ ਹੈ ਜਾਂ ਕੰਮ ਕਰਦਾ ਹੈ ਤਾਂ ਉਸ ਨੂੰ ਕਸ਼ਟ ਹੀ ਮਿਲਦਾ ਹੈ। ਅਗਰ ਕੋਈ ਵਿਅਕਤੀ ਸ਼ੁੱਧ ਵਿਚਾਰਾਂ ਨਾਲ ਬੋਲਦਾ ਜਾਂ ਕੰਮ ਕਰਦਾ ਹੈ ਤਾਂ ਪ੍ਰਛਾਈ ਦੀ ਤਰ੍ਹਾਂ ਹੀ ਪ੍ਰਸੰਨਤਾ, ਉਸ ਵਿਅਕਤੀ ਦਾ ਪਿੱਛਾ ਨਹੀਂ ਛੱਡਦੀ।

ਬੁੱਧ ਧਰਮ ਸਭ ਜਾਤੀਆਂ ਅਤੇ ਪੰਥਾਂ ਦੇ ਲਈ ਖੁੱਲ੍ਹਾ ਹੈ। ਇਸ 'ਚ ਹਰ ਆਦਮੀ ਦਾ ਸਵਾਗਤ ਹੈ। ਬ੍ਰਾਹਮਣ ਹੋਵੇ ਜਾਂ ਚੰਡਾਲ, ਪਾਪੀ ਹੋਵੇ ਜਾਂ ਕੋਈ ਪੂਜਨੀਯ ਆਤਮਾ, ਗ੍ਰਹਿਸਥੀ ਹੋਵੇ ਜਾਂ ਬ੍ਰਹਮਚਾਰੀ ਸਭ ਲਈ ਦਰਵਾਜ਼ੇ ਖੁੱਲ੍ਹੇ ਹਨ। ਇਹ ਧਰਮ 'ਚ ਜਾਤ-ਪਾਤ, ਉੱਚ ਨੀਚ ਦਾ ਕੋਈ ਭੇਦਭਾਵ ਨਹੀਂ ਹੈ। ਸਭ ਦਾ ਸਮਾਜਿਕ ਰੁਤਬਾ ਬਰਾਬਰ ਹੈ। ਇਸ ਤਰ੍ਹਾਂ ਦੇ ਪ੍ਰਚਾਰ ਨਾਲ ਬੁੱਧ ਧਰਮ 'ਚ ਭਿਕਸ਼ੂਆਂ ਦੀ ਗਿਣਤੀ ਵਧਣ ਲੱਗੀ। ਵੱਡੇ-ਵੱਡੇ ਰਾਜੇ ਮਹਾਰਾਜੇ ਵੀ ਉਹਨਾਂ ਦੇ ਚੇਲੇ ਬਣਨ ਲੱਗ ਪਏ। ਸੁਦੋਧਨ ਤੇ ਰਾਹੁਲ ਨੇ ਵੀ ਬੁੱਧ ਧਰਮ ਦੀ ਦੀਕਸ਼ਾ ਲਈ। ਭਿਕਸ਼ੂਆਂ ਦੀ ਗਿਣਤੀ ਬਹੁਤ ਵਧਣ ਨਾਲ ਬੁੱਧ ਧਰਮ ਦੀ ਸਥਾਪਨਾ ਕੀਤੀ ਗਈ। ਬਾਅਦ ਵਿਚ ਲੋਕਾਂ ਦੇ ਕਹਿਣ 'ਤੇ ਬੁੱਧ ਨੇ ਇਸਤਰੀਆਂ ਨੂੰ ਵੀ ਸੰਘ ਵਿਚ ਲੈ ਲੈਣ ਦੀ ਮਨਜ਼ੂਰੀ ਦੇ ਦਿੱਤੀ, ਪਰ ਇਸ ਨੂੰ ਉਹਨਾਂ ਨੇ ਬਹੁਤ ਚੰਗਾ ਨਹੀਂ ਮੰਨਿਆ। ਭਗਵਾਨ ਬੁੱਧ ਨੇ 'ਬਹੁਜਨ-ਹਿੱਤਾਂ', ਲੋਕ ਕਲਿਆਣ ਲਈ ਆਪਣੇ ਧਰਮ ਦੇ ਦੇਸ਼-ਵਿਦੇਸ਼ 'ਚ ਪ੍ਰਚਾਰ ਕਰਨ ਲਈ, ਆਪਣੇ ਭਿਕਸ਼ੂਆਂ ਨੂੰ ਇੱਧਰ-ਉੱਧਰ ਭੇਜਿਆ। ਅਸ਼ੋਕ ਆਦਿ ਵਰਗੇ ਸਮਰਾਟ ਨੇ ਵੀ ਬੁੱਧ ਧਰਮ ਦਾ ਵਿਦੇਸ਼ਾਂ 'ਚ ਪ੍ਰਚਾਰ ਕਰਨ ਲਈ ਆਪਣੀ ਅਹਿਮ ਭੂਮਿਕਾ ਨਿਭਾਈ। ਮੋਰੀਆ ਕਾਲ ਤੱਕ ਆਉਂਦੇ-ਆਉਂਦੇ ਬੁੱਧ ਧਰਮ ਭਾਰਤ 'ਚੋਂ ਨਿਕਲ ਕੇ ਚੀਨ, ਜਾਪਾਨ, ਕੋਰੀਆ, ਮੰਗੋਲੀਆ, ਬਰਮਾ, ਥਾਈਲੈਂਡ, ਸ੍ਰੀਲੰਕਾ ਆਦਿ ਦੇਸ਼ਾਂ 'ਚ ਫੈਲ ਚੁੱਕਿਆ ਸੀ। ਇਹਨਾਂ ਦੇਸ਼ਾਂ 'ਚ ਬੁੱਧ ਧਰਮ ਬਹੁ-ਸੰਖਿਆ 'ਚ ਹੈ।

ਗੌਤਮ ਬੁੱਧ ਦੂਸਰਿਆਂ ਧਰਮਾਂ ਦੀ ਨਜ਼ਰ 'ਚ:- ਗੌਤਮ ਬੁੱਧ ਦੂਸਰਿਆਂ ਧਰਮਾਂ 'ਚ ਨਵੀਂ ਜਾਂ ਈਸ਼ਵਰੀ ਦੂਤ ਦੇ ਰੂਪ 'ਚ ਵਰਣਿਤ ਕੀਤਾ ਜਾਂਦਾ ਹੈ।

ਹਿੰਦੂ ਧਰਮ- ਆਰੰਭ 'ਚ ਬੁੱਧ ਤੇ ਉਹਨਾਂ ਦੇ ਧਰਮ ਨੂੰ ਹਿੰਦੂ ਧਰਮ ਨੇ ਸਵੀਕਾਰ ਨਹੀਂ ਕੀਤਾ ਪਰ ਬਾਅਦ ਵਿਚ ਹਿੰਦੂ ਧਰਮ ਨੇ ਬੁੱਧ ਨੂੰ ਵਿਸ਼ਨੂੰ ਦੇ ਅਵਤਾਰਾਂ 'ਚ ਸ਼ਾਮਲ ਕਰ ਲਿਆ। ਕੁਝ ਪੁਰਾਣਾਂ 'ਚ ਇਸ ਤਰ੍ਹਾਂ ਕਿਹਾ ਗਿਆ ਹੈ ਕਿ ਭਗਵਾਨ ਵਿਸ਼ਨੂੰ ਨੇ ਬੁੱਧ ਅਵਤਾਰ ਨੂੰ ਇਸ ਲਈ ਲਿਆ ਸੀ, ਜਿਸ ਨਾਲ ਉਹ 'ਝੂਠੇ ਉਪਦੇਸ਼' ਫੈਲਾਅ ਕੇ 'ਅਸੁਰੋਂ' ਨੂੰ ਸੱਚੇ ਵੈਦਿਕ ਧਰਮ ਤੋਂ ਦੂਰ ਰੱਖ ਸਕੇ, ਜਿਸ ਨਾਲ ਦੇਵਤਾ ਉਹਨਾਂ

# 'ਬੁੱਧ ਧਰਮ 'ਚ ਸਮਾਜਿਕ-ਬਰਾਬਰੀ ਦਾ ਸੰਕਲਪ'

'ਤੇ ਜਿੱਤ ਪ੍ਰਾਪਤ ਕਰ ਸਕੇ। ਇਸ ਦਾ ਮਤਲਬ ਇਹ ਹੈ ਕਿ ਬੁੱਧ ਤਾਂ 'ਦੇਵਤਾ' ਹੈ, ਲੇਕਿਨ ਉਹਨਾਂ ਦੇ ਉਪਦੇਸ਼ ਝੂਠੇ ਤੇ ਢੌਂਗ ਹਨ। ਇਹ ਬੁੱਧਾ ਦੇ ਵਿਸ਼ਵਾਸ ਤੋਂ ਇਕਦਮ ਉਲਟ ਹੈ। ਬੋਧੀ ਲੋਕ ਗੌਤਮ ਬੁੱਧ ਨੂੰ ਕੋਈ ਅਵਤਾਰ ਜਾਂ ਦੇਵਤਾ ਨਹੀਂ ਮੰਨਦੇ, ਲੇਕਿਨ ਉਹਨਾਂ ਦੇ ਉਪਦੇਸ਼ਾਂ ਨੂੰ ਸੱਚ ਤੇ ਸਾਰਥਕ ਮੰਨਦੇ ਹਨ। ਕੁਝ ਹਿੰਦੂ ਲੇਖਕਾਂ ਤੇ ਵਿਦਵਾਨਾਂ ਜਿਸ ਤਰ੍ਹਾਂ 'ਜੈਦੇਵ' ਨੇ ਬਾਅਦ 'ਚ ਇਹ ਵੀ ਕਿਹਾ ਕਿ ਬੁੱਧ ਵਿਸ਼ਨੂੰ ਦੇ ਅਵਤਾਰ ਤਾਂ ਹਨ, ਲੇਕਿਨ ਵਿਸ਼ਨੂੰ ਨੇ ਇਹ ਅਵਤਾਰ ਝੂਠ ਦਾ ਪ੍ਰਚਾਰ ਕਰਨ ਲਈ ਨਹੀਂ, ਬਲਕਿ ਅੰਧਾ-ਧੁੰਦ ਕਰਮਕਾਂਡ ਤੇ ਵੈਦਿਕ ਪਸ਼ੂਬਲੀ ਰੋਕਣ ਲਈ ਕੀਤਾ ਹੈ। ਗੌਤਮ ਬੁੱਧ ਚਾਹੇ ਵਿਸ਼ਨੂੰ ਜੀ ਦੇ ਅਵਤਾਰ ਹੋਣ ਜਾਂ ਨਹੀਂ ਲੇਕਿਨ ਇਹ ਪੂਜਣ ਦੇ ਯੋਗ ਤਾਂ ਹਨ ਹੀ।

ਸਭ ਵਿਦਵਾਨਾਂ ਤੇ ਚਿੰਤਕਾਂ ਦੇ ਆਪਣੇ-ਆਪਣੇ ਮੱਤ ਰਹੇ ਹਨ ਪਰ ਅੰਤ 'ਚ ਤੱਥਾਂ ਦੀ ਸਚਾਈ ਦਾ ਗਿਆਨ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਸਭ 'ਚ ਗੌਤਮ ਬੁੱਧ ਨੂੰ ਇਕ ਮਹਾਨ ਪੱਥ ਪ੍ਰਦਰਸ਼ਕ ਦੇ ਰੂਪ ਵਿਚ ਸਥਾਨ ਦਿੱਤਾ ਗਿਆ ਹੈ ਤੇ ਉਹ ਮਾਨਵ ਕਲਿਆਣ ਦੀਆਂ ਭਾਵਨਾਵਾਂ ਨੂੰ ਬਿਆਨ ਕਰਦੇ ਰਹੇ ਹਨ ਤਾਂ ਹੀ ਤਾਂ ਉਹਨਾਂ ਦੇ ਆਪਣੇ ਚੇਲਿਆਂ ਨੂੰ ਆਪਣੇ ਅੰਤਿਮ ਕਥਨ 'ਚ ਇਹੀ ਕਹੇ ਸਨ ਕਿ 'ਆਪਣੇ ਦੀਪਕ, ਆਪ ਖੁਦ ਬਣੋ।' ਹਿੰਦੂ ਗ੍ਰੰਥਾਂ ਦਾ ਕਹਿਣਾ ਹੈ ਕਿ "ਬੁੱਧ ਭਗਵਾਨ ਵਿਸ਼ਨੂੰ ਦੇ ਦਸਵੇਂ ਅਵਤਾਰ ਹਨ, ਜੋ ਧਰਤੀ 'ਤੇ ਆਏ।"

ਇਸਲਾਮ ਧਰਮ- ਮਿਰਜ਼ਾ ਤਾਹਿਰ ਅਹਿਮਦ ਨੇ ਆਪਣੀ ਕਿਤਾਬ "ਐਨ ਐਲੀਮੈਂਟਰੀ ਸਟੱਡੀ ਆਫ ਇਸਲਾਮ" ਵਿਚ ਕਿਹਾ ਹੈ ਕਿ ਕੁਰਾਨ ਦੀ ਧੂਲ ਦਾ ਫਲ ਨਾਮਕ ਹਸਤੀ, ਬੁੱਧ ਹੋ ਸਕਦਾ ਹੈ। ਅਹਿਮਦੀਆਜ਼ ਦੁਆਰਾ ਬੁੱਧ ਇਕ 'ਨਵੀ' ਦੇ ਰੂਪ 'ਚ ਮੰਨਿਆ ਜਾਂਦਾ ਹੈ।

ਅੱਜ ਦੇ ਵਿਗਿਆਨਕ ਯੁੱਗ 'ਚ ਬੁੱਧ ਧਰਮ ਦੀ ਸਾਰਥਿਕਤਾ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿਉਂਕਿ ਇਸ ਧਰਮ 'ਚ ਊਚ-ਨੀਚ, ਜਾਤ-ਪਾਤ ਆਦਿ ਦਾ ਕੋਈ ਬੋਲਬਾਲਾ ਨਹੀਂ ਹੈ, ਸਗੋਂ ਇਹ ਇਕ ਜਾਤ-ਪਾਤ ਰਹਿਤ ਸਮਾਜ ਹੈ। ਇਸ 'ਚ ਸਮਾਜਿਕ ਬਰਾਬਰੀ ਦਾ ਰੁਤਬਾ ਹਰ ਇਨਸਾਨ ਲਈ ਹੈ। ਇਹ ਧਰਮ ਮਾਨਵਵਾਦ ਦੀ ਗੱਲ ਕਰਦਾ ਹੈ ਤੇ 'ਆਪੇ ਬਣੇ ਰੱਬ' ਅਖਵਾਉਣ ਵਾਲੇ ਬੰਦਿਆਂ ਦਾ ਵਿਰੋਧ ਕਰਦਾ ਹੈ। ਇਸ 'ਚ ਕਿਸੇ ਵੀ ਮਾਨਵ ਨੂੰ ਕਿਸੇ ਜਾਤੀ-ਸੂਚਕ ਸ਼ਬਦ ਨਾਲ ਨਹੀਂ ਪੁਕਾਰਿਆ ਜਾਂਦਾ ਸਗੋਂ ਹਰ ਇਨਸਾਨ 'ਬੋਧੀ' ਅਖਵਾਉਂਦਾ ਹੈ।

ਇਸੇ ਲਈ ਹੀ ਤਾਂ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੇ ਇਸ ਧਰਮ 'ਚ ਇਹ ਚੰਗਿਆਈ ਦੇਖ ਕੇ ਬੁੱਧ ਧਰਮ ਅਪਣਾਇਆ ਸੀ। ਇਸੇ ਕਰਕੇ ਹੀ ਇਹ ਧਰਮ ਦੁਨੀਆਂ ਦੇ ਵੱਡੇ ਧਰਮਾਂ 'ਚ ਸ਼ਾਮਲ ਹੈ। ਜਿਹਨਾਂ ਧਰਮਾਂ 'ਚ ਮਾਨਵ ਲਈ ਸਮਾਜਿਕ-ਬਰਾਬਰੀ ਦਾ ਰੁਤਬਾ ਨਹੀਂ ਹੈ, ਊਚ-ਨੀਚ, ਜਾਤ-ਪਾਤ ਆਦਿ ਦਾ ਬੋਲਬਾਲਾ ਹੈ, ਅੱਜ ਉਹਨਾਂ ਧਰਮਾਂ ਦੇ ਉਪਾਸ਼ਕਾਂ ਦੀ ਗਿਣਤੀ ਘੱਟ ਰਹੀ ਹੈ ਤੇ ਸੰਸਾਰ ਪੱਧਰ ਤੇ ਉਹ ਬਹੁਤ ਛੋਟੇ ਧਰਮ ਅਖਵਾਉਂਦੇ ਹਨ। ਇਸ ਲਈ ਇਹਨਾਂ ਧਰਮਾਂ ਨੂੰ ਬੁੱਧ ਧਰਮ ਤੋਂ ਸੇਧ ਲੈ ਕੇ ਮਾਨਵਵਾਦ ਦਾ ਸਿਧਾਂਤ ਅਪਣਾਉਣ ਦੀ ਲੋੜ ਹੈ ਤਾਂ ਜੋ ਹਰ ਮਾਨਵ ਨੂੰ ਊਚ-ਨੀਚ, ਜਾਤ-ਪਾਤ ਆਦਿ ਨੂੰ ਖਤਮ ਕਰਕੇ, ਸਮਾਜਿਕ ਬਰਾਬਰੀ ਦਾ ਰੁਤਬਾ ਦੇ ਕੇ, ਮਾਨਵਵਾਦ ਨੂੰ ਜੀ ਆਇਆਂ ਕਹਿਣ ਦੀ ਲੋੜ ਹੈ।


## ਪੁਸਤਕ ਰਵਿਊ

**ਕਿਤਾਬ ਦਾ ਨਾਂ : ਦ ਸੈਕੰਡ ਸੈਕਸ**

**ਪੰਨੇ: 512**

**ਪ੍ਰਕਾਸ਼ਕ: ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ**

ਫਰਾਂਸ ਦੀ ਪ੍ਰਸਿੱਧ ਲੇਖਿਕਾ 'ਸੀਮੋਨ ਦ ਬੋਅਵਾਰ' ਦੀ ਲਿਖੀ ਸੰਸਾਰ ਪ੍ਰਸਿੱਧ ਪੁਸਤਕ 'ਦ ਸੈਕੰਡ ਸੈਕਸ' ਦਾ ਪੰਜਾਬੀ ਅਨੁਵਾਦ ਹੋਣਾ ਬਹੁਤ ਜਰੂਰੀ ਸੀ ਕਿਉਂਕਿ ਇੱਕੋ-ਇੱਕ ਦੁਨੀਆਂ ਦੀ ਅਜਿਹੀ ਕਿਤਾਬ ਹੈ ਜਿਹੜੇ ਔਰਤ ਦੇ ਹਰ ਪਹਿਲੂ 'ਤੇ ਗੱਲ ਕਰਦੀ ਹੈ। ਜਦੋਂ ਅਸੀਂ ਇਸ ਕਿਤਾਬ ਸੰਗ ਜੁੜਦੇ ਹਾਂ ਤਾਂ ਇਹ ਗੱਲ ਸਪੱਸ਼ਟ ਵੀ ਹੋ ਜਾਂਦੀ ਹੈ। ਇਸ ਕਿਤਾਬ ਨਾਲ ਜਦੋਂ ਔਰਤ ਜੁੜੇਗੀ ਤਾਂ ਉਸ ਨੂੰ ਇਸ ਤਰ੍ਹਾਂ ਲੱਗੇਗਾ ਕਿ ਇਹ ਤਾਂ ਮੇਰੀ ਕਹਾਣੀ ਹੈ। ਮੈਂ ਵੀ ਅਜਿਹਾ ਹੀ ਸੋਚਦਾ ਸੀ, ਇਸ ਨੇ ਤਾਂ ਮੇਰੇ ਮਨ ਦੀ ਗੱਲ ਬੁੱਝ ਲਈ ਹੈ।"




ਜਦੋਂ ਇਹ ਕਿਤਾਬ ਦੁਨੀਆਂ ਦੇ ਸਾਹਮਣੇ ਆਈ ਤਾਂ ਮਰਦ ਪ੍ਰਧਾਨ ਸਮਾਜ ਇਕਦਮ ਹਿੱਲ ਗਿਆ। ਇਸ ਕਿਤਾਬ ਵਿਚਲੀ ਗੱਲਬਾਤ ਇਸ ਤਰ੍ਹਾਂ ਲੱਗਦੀ ਹੈ ਜਿਵੇਂ ਇਹ ਹਰ ਔਰਤ ਦੀ ਕਹਾਣੀ ਹੋਵੇ। ਉਹ ਔਰਤ ਭਾਵੇਂ ਕਿਸੇ ਵੀ ਧਰਾਤਲ 'ਚ ਵਿਚਰ ਰਹੀ ਹੋਵੇ। ਇਹ ਕਿਤਾਬ ਪੜ੍ਹਦਿਆ ਇਹ ਗੱਲ ਵੀ ਉਭਰਦੀ ਹੈ ਕਿ ਦੁਨੀਆਂ ਭਰ 'ਚ ਔਰਤ ਦੀ ਸੰਵੇਦਨਾ ਉਸ ਦਾ ਸੁਭਾਅ ਇੱਕੋ-ਜਿਹਾ ਹੈ। ਉਸ ਦਾ ਇਤਿਹਾਸ ਨਹੀਂ, ਪਹਿਚਾਣ ਨਹੀਂ, ਲੇਕਿਨ ਇਹ ਕਿਤਾਬ ਜਿੱਥੇ ਔਰਤ ਦੇ ਇਤਿਹਾਸ ਦੀ ਗੱਲ ਕਰਦੀ ਹੈ ਉਥੇ ਔਰਤ ਨੂੰ ਇੱਕ ਪਹਿਚਾਣ ਵੀ ਦਿੰਦੀ ਹੈ।

ਜਸਵੀਰ ਕੌਰ ਨੇ 'ਦ ਸੈਕੰਡ ਸੈਕਸ' ਜਿਹੀ ਜਟਿਲ ਕਿਤਾਬ ਦਾ ਪੰਜਾਬੀ ਅਨੁਵਾਦ ਕਰਨ ਦਾ ਹੌਸਲਾ ਕਰਦਿਆਂ ਇਸ ਪੁਸਤਕ ਨੂੰ ਹਰ ਪਾਠਕ ਨਾਲ ਜੋੜਣ ਲਈ ਸਰਲ ਤੇ ਪੜ੍ਹੀ ਜਾਣ ਵਾਲੀ ਬਣਾਉਣ ਲਈ ਆਪਣੀ ਅਨੁਵਾਦ ਕਲਾ ਦਾ ਭਰਭੂਰ ਇਸਤੇਮਾਲ ਹੈ। ਹਰ ਪੰਜਾਬੀ ਨੂੰ ਇਹ ਪੁਸਤਕ ਜਰੂਰ ਪੜ੍ਹਨੀ ਚਾਹੀਦੀ ਹੈ, ਇਹ ਪੁਸਤਕ ਤੁਸੀਂ ਵੈੱਬਸਾਈਟ www.thepunjabi.com ਤੋਂ ਵੀ ਖਰੀਦ ਸਕਦੇ ਹੋ।

**-ਡਾ. ਕਰਾਂਤੀ ਪਾਲ,**
**ਏ . ਐਮ. ਯੂ. ਅਲੀਗੜ੍ਹ (ਭਾਰਤ)**

# ਗੈਰ ਸਿੱਖ ਵਿਦਵਾਨਾਂ ਦੇ ਸਿੱਖੀ ਵਾਰੇ ਵਿਚਾਰ ਆਪ ਵੀ ਪੜ੍ਹੋ ਅਤੇ ਹੋਰਾਂ ਨੂੰ ਵੀ ਪੜ੍ਹਾਓ

**ਪਰਮਜੀਤ ਸਿੰਘ ਸੇਖੋਂ (ਦਾਖਾ) ਪ੍ਰਧਾਨ ਦਲ ਖਾਲਸਾ ਅਲਾਇੰਸ।**
**ਕੋਆਰਡੀਨੇਟਰ ਅਮੈਰਕਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ। ਫਾਊਂਡਰ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ**



ਸਾਰੇ ਧਰਮ ਗ੍ਰੰਥ ਪੜ੍ਹੇ ਹਨ ਪਰ ਮਨ ਅਤੇ ਦਿਮਾਗ਼ ਨੂੰ ਜੋ ਸ਼ਾਂਤੀ ਸਿੱਖਾਂ ਦੇ ਗ੍ਰੰਥ ਨੂੰ ਪੜ੍ਹ ਕੇ ਮਿਲੀ ਹੈ, ਉਹ ਹੋਰ ਕਿਸੇ ਗ੍ਰੰਥ 'ਚੋਂ ਨਹੀਂ ਸੀ ਮਿਲੀ।
- ਪਰਲ ਐਸ. ਬੱਕ

ਸਿੱਖੀ ਦਾ ਸੰਦੇਸ਼ ਦੁਨੀਆਂ ਤੀਕ ਨਾ ਪੁੱਜਣ ਦੇ ਕਸੂਰਵਾਰ ਸਿੱਖ ਹੀ ਹਨ, ਹੋਰ ਕੋਈ ਨਹੀਂ।... ਸਿੱਖੀ ਕੋਈ ਸਿੱਖਾਂ ਦੀ ਮਲਕੀਅਤ ਨਹੀਂ ਸਗੋਂ ਇਹ ਤਾਂ ਸਾਰੀ ਮਨੁੱਖਤਾ ਦੀ ਬਿਹਤਰੀ ਲਈ ਹੋਂਦ ਵਿਚ ਆਈ ਸੀ।
- ਬਰਟਰੈਂਡ ਰਸਲ

ਮੈਂ ਤਾਂ ਸਾਰੀ ਉਮਰ ਮਿੱਟੀ ਹੀ ਛਾਣਦਾ ਰਿਹਾ। ਸੱਚ ਤਾਂ ਬਾਬੇ ਨਾਨਕ ਦੇ ਘਰ ਵਿਚ ਹੀ ਹੈ। ਕਲਿਆਣ ਪ੍ਰਾਪਤੀ ਲਈ ਮੈਨੂੰ ਕਿਸੇ ਸਿੱਖ ਦੇ ਘਰ ਵਿਚ ਇਕ ਹੋਰ ਜਨਮ ਲੈਣਾ ਪਵੇਗਾ।
- ਬਾਬਾ ਨਿਤਿਆਨੰਦ

ਮਨੁੱਖਤਾ ਦਾ ਭਵਿੱਖ ਧੁੰਦਲਾ ਹੈ ਪਰ ਇਸ ਸਮੇਂ ਦੀ ਧਾਰਮਕ ਚਰਚਾ ਵਿਚ ਸਿੱਖ ਧਰਮ ਤੇ ਉਸ ਦੇ ਗ੍ਰੰਥ ਵਿਚ, ਦੁਨੀਆਂ ਲਈ ਬਹੁਤ ਕੁੱਝ ਹੈ।
- ਇਤਿਹਾਸਕਾਰ ਆਰਨਲਡ ਟਾਇਨਬੀ

# ਸਿੱਖ ਨਸਲਕੁਸੀ ਅਤੇ ਮੁਸਲਿਮ ਕਤਲੇਆਮ ਦੇ ਪੀੜਤਾਂ ਨੂੰ ਲੰਮੇ ਸਮੇਂ ਬਾਅਦ ਵੀ ਨਹੀ ਮਿਲਿਆ ਇਨਸਾਫ: ਜਸਟਿਸ ਹੋਸਬੇਟ ਸੂਰੇਸ਼

ਅਹਿਮਦਾਬਾਦ- ਮਨੁੱਖੀ ਹੱਕਾਂ ਦੇ ਕਾਰਕੂਨ ਅਤੇ ਵਕੀਲ ਮੁਕਲ ਸਿਨਹਾ ਦੀ ਪਹਿਲੀ ਬਰਸੀ 'ਤੇ ਅਯੋਜਿਤ ਕੰਨਵੈਨਸ਼ਨ ਵਿੱਚ ਬੋਲੁਦਿਆਂ ਬੰਬੇ ਹਾਈ ਕੋਰਟ ਦੇ ਸਾਬਕਾ ਜਸਟਿਸ ਹੋਸਬੇਟ ਸੂਰੇਸ਼ ਨੇ ਕਿਹਾ ਕਿ ਭਾਰਤੀ ਨਿਆ ਪ੍ਰਣਾਲੀ ਫਿਰਕੂ ਕਤਲੇਆਮਾਂ ਵਿੱਚ ਪੀੜਤ ਧਿਰਾਂ ਨੂੰ ਇਨਸਾਫ ਦੇਣ ਵਿੱਚ ਅਸਫਲ ਰਹੀ ਹੈ।

ਉਨ੍ਹਾਂ ਗੁਜਰਾਤ ਮੁਸਲਿਮ ਕਤਲੇਆਮ ਅਤੇ ਸਿੱਖ ਨਸਲਕੁਸ਼ੀ ਦਾ ਵਰਨਣ ਕਰਦਿਆਂ ਭਾਰਤੀ ਨਿਆ ਪ੍ਰਣਾਲੀ ਦੀ ਕਰੜੀ ਆਲੋਚਨਾ ਕੀਤੀ। ਉਨ੍ਹਾਂ ਨੇ ਤਾਮਿਲਨਾਡੂ ਦੀ ਸਾਬਕਾ ਮੁੱਖ ਮੰਤਰੀ ਜੈਲਿਲਤਾ ਨੂੰ ਹਾਈਕੋਰਟ ਵੱਲੋਂ ਆਮਦਨ ਦੇ ਸਾਧਨਾ ਤੋਂ ਵੱਧ ਜਾਇਦਾਦ ਦੇ ਕੇਸ ਵਿੱਚੋਂ ਬਰੀ ਕਰਨ 'ਤੇ ਵੀ ਸ਼ੰਕਾ ਜ਼ਾਹਿਰ ਕੀਤੀ।

ਭਾਰਤੀ ਨਿਆਇਕ ਵਿਵਸਥਾ ਦੀ ਕਰੜੀ ਆਲੋਚਨਾ ਕਰਦਿਆਂ ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਿੱਖ ਕੌਮ ਵਿਰੁੱਧ ਕੀਤੇ ਗਏ ਸਿੱਖ ਨਸਲਕੁਸ਼ੀ ਦੇ ਮਾਮਲੇ ਵਿੱਚ ਇਨਸਾਫ ਅਜੇ ਵੀ ਪੀੜਤਾਂ ਦੀ ਪਹੁੰਚ ਤੋਂ ਬਾਹਰ ਹੈ। ਉਨ੍ਹਾਂ ਨੇ ਗੁਜਰਾਤ ਵਿੱਚ ਹੋਏ ਸਾਲ 2002 ਵਿੱਚ ਮੁਸਲਮਾਨਾਂ ਦੇ ਕਤਲੇਆਮ ਬਾਰੇ ਗੱਲ ਕਰਦਿਆਂ ਕਿਹਾ ਕਿ ਇਸ ਕੇਸ ਵਿੱਚ ਵੀ ਨਿਆ ਨਹੀਂ ਮਿਲਿਆ।ਇਸ ਦੇਸ਼ ਦੀ ਇਹੀ ਸਮੱਸਿਆ ਹੈ, ਕਿ ਫਿਰਕੂ ਕਤਲੇਆਮਾਂ ਵਿੱਚ ਇਨਸਾਫ ਦੇਣ ਲਈ ਅਕਸਰ ਹੀ ਦੇਰ ਕਰ ਦਿੱਤੀ ਜਾਂਦੀ ਹੈ। ਉਨ੍ਹਾਂ ਨੇ ਅੱਗੇ ਬੋਲਦਿਆਂ ਕਿਹਾ ਕਿ ਸਾਲ 1984 ਵਿੱਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ, ਜਿਸ ਵਿੱਚ 31 ਸਾਲ ਬੀਤ ਜਾਣ 'ਤੇ ਵੀ ਅੱਜ ਤੱਕ ਇਨਸਾਫ ਨਹੀਂ ਮਿਲਿਆ।ਇਹ ਸਭ ਇਸ ਦੇਸ਼ ਵਿੱਚ ਵਾਪਰ ਰਿਹਾ ਹੈ। ਉਨ੍ਹਾਂ ਨੇ ਪਿੱਛੇ ਜਿਹੇ ਆਧਰਾਂ ਪ੍ਰਦੇਸ਼ ਵਿੱਚ ਪੁਲਿਸ ਵੱਲੋਂ ਮਾਰੇ ਗਏ 20 ਵਿਅਕਤੀਆਂ ਨੂੰ ਝੂਠੇ ਪੁਲਿਸ ਮੁਕਾਬਲੇ ਵਿੱਚ ਮਾਰਨ ਦਾ ਸ਼ੱਕ ਜ਼ਾਹਿਰ ਕੀਤਾ। ਆਂਧਰਾ ਪ੍ਰਦੇਸ਼ ਦੀ ਪੁਲਿਸ ਵੱਲੋਂ ਚਿੱਤੂਰ ਜਿਲੇ ਵਿੱਚ 20 ਮਜਦੂਰਾਂ ਨੂੰ ਜੰਗਲ ਵਿੱਚ ਲਿਜਾ ਕੇ ਮਾਰ ਦਿੱਤਾ ਸੀ।ਉਨ੍ਹਾਂ ਕਿਹਾ ਕਿ ਉਹ ਲੋਕਾਂ ਦੇ ਇੱਕ ਵਫਦ ਨਾਲ ਉੱਥੇ ਗਿਆ ਸੀ। ਉਨ੍ਹਾਂ ਨੇ ਕਿਹਾ ਕਿ ਅਸੀਂ ਸਾਰੇ ਮਾਮਲੇ ਦੀ ਜਾਂਚ ਕਰਕੇ , ਸਾਰੇ ਸਬੂਤ ਇਕੱਠੇ ਕੀਤੇ ਅਤੇ ਇੱਕ ਰਿਪੋਰਟ ਬਣਾਈ। ਅਸੀਂ ਉਨ੍ਹਾਂ ਲੋਕਾਂ ਦੇ ਨਾਮ ਦੱਸੇ ਜਿੰਨ੍ਹਾਂ ਨੇ ਇਸ 20 ਬੇਕਸੂਰ ਲੋਕਾਂ ਦੇ ਕਤਲੇਆਮ ਦਾ ਹੁਕਮ ਦਿੱਤਾ ਸੀ, ਪਰ ਅਜੇ ਤੱਕ ਉਨ੍ਹਾਂ 'ਤੇ ਕੋਈ ਕਾਰਵਾਈ ਨਹੀਂ ਹੋਈ।

# ਡਾਕਟਰ ਅੰਬੇਡਕਰ ਤੇ ਸ਼ਹੀਦ ਭਗਤ ਸਿੰਘ ਦੀ ਚੇਤਨਾ ਕਰਕੇ ਦੇਸ਼ ਵਿਚ ਸੰਘਰਸ਼ ਉੱਠ ਰਹੇ ਹਨ-ਐਡਵੋਕੇਟ ਵਿਰਦੀ

ਖੋਥੜਾਂ (ਸ਼ਹੀਦ ਭਗਤ ਸਿੰਘ ਨਗਰ) ਅੱਜ ਇੱਥੇ ਡਾਕਟਰ ਅੰਡੇਬਕਰ ਜੀ ਦਾ ਜਨਮ ਉਤਸਵ ਗ੍ਰਾਮ ਪੰਚਾਇਤ ਅਤੇ ਡਾ. ਭੀਮ ਰਾਓ ਅੰਡੇਬਕਰ ਵੈਲਫ਼ੇਅਰ ਸੁਸਾਇਟੀ ਅਤੇ ਸਮੂਹ ਇਲਾਕਾ ਨਿਵਾਸੀਆ ਵਲੋਂ ਸ਼ਰਧਾ-ਪੂਰਵਕ ਮਨਾਇਆ ਗਿਆ। ਇਸ ਮੌਕੇ ਉਘੇ ਲੇਖਕ ਤੇ ਚਿੰਤਕ ਡਾ. ਐਸ ਐਲ ਵਿਰਦੀ ਐਡਵੋਕੇਟ ਨੇ ਆਪਣੀ ਇਕ ਘੰਟਾ ਤਕਰੀਰ 'ਚ ਕਿਹਾ ਕਿ ਡਾ. ਅੰਬੇਡਕਰ ਕਹਿੰਦੇ, "ਤੁਸੀ ਸਾਡੇ ਮਾਲਕ ਬਣੇ ਰਹੋ, ਇਸ 'ਚ ਤੁਹਾਡਾ ਤਾਂ ਹਿਤ ਹੋ ਸਕਦਾ ਹੈ, ਪਰ ਅਸੀਂ ਤੁਹਾਡੇ ਗ਼ੁਲਾਮ ਬਣੇ ਰਹੀਏ, ਇਸ ਵਿਚ ਸਾਨੂੰ ਕੀ ਲਾਭ?" ਸ਼ਹੀਦ ਭਗਤ ਸਿੰਘ ਕਿਹਾ, "ਦਲਿਤੋ ਉੱਠੋ! ਆਪਣੀ ਤਾਕਤ ਪਛਾਣੋ। ਸੰਗਠਤ ਹੋ ਜਾਓ। ਅਸਲ ਵਿਚ ਤੁਹਾਡੇ ਆਪਣੇ ਯਤਨਾਂ ਬਿਨਾਂ ਤੁਹਾਨੂੰ ਕੁਝ ਵੀ ਨਹੀਂ ਮਿਲਣਾ। ਅਜ਼ਾਦੀ ਦੀ ਖਾਤਰ, ਅਜ਼ਾਦੀ ਚਾਹੁਣ ਵਾਲਿਆਂ ਨੂੰ ਯਤਨ ਕਰਨਾ ਚਾਹੀਦਾ ਹੈ। ਮਨੁੱਖ ਦਾ ਇਹ ਸੁਭਾਅ ਬਣ ਗਿਆ ਹੈ ਕਿ ਉਹ ਆਪਣੇ ਲਈ ਤਾਂ ਹੱਕ ਮੰਗਣਾ ਚਾਹੁੰਦਾ ਹੈ, ਪਰ ਜਿਨ੍ਹਾਂ ਉੱਤੇ ਉਹਦਾ ਆਪਣਾ ਦਬਦਬਾ ਹੋਵੇ, ਉਨ੍ਹਾਂ ਨੂੰ ਪੈਰਾਂ ਹੇਠਾਂ ਹੀ ਰੱਖਣਾ ਚਾਹੁੰਦਾ ਹੈ। ਭਰਾਵੋ! ਲਾਤੋਂ ਕੇ ਭੂਤ ਬਾਤੋਂ ਸੇ ਨਹੀਂ ਮਾਨਤੇ। ਸੰਗਠਤ ਹੋ ਕੇ ਆਪਣੇ ਪੈਰਾਂ 'ਤੇ ਖੜੇ ਹੋ ਕੇ ਸਾਰੇ ਸਮਾਜ ਨੂੰ ਲਲਕਾਰੋ। ਦੇਖੋ, ਫਿਰ ਕੌਣ ਤੁਹਾਡੇ ਹੱਕ ਨਾ ਦੇਣ ਦੀ ਜੁਅਰਤ ਕਰਦਾ ਹੈ। ਤੁਸੀਂ ਦੂਜੇ ਲੋਕਾਂ ਦੀ ਖ਼ੁਰਾਕ ਨਾ ਬਣੋ। ਦੂਜਿਆਂ ਦੇ ਮੂੰਹ ਵੱਲ ਨਾ ਤੱਕਦੇ ਰਹੋ। ਭਰਾਵੋ! ਤੁਸੀਂ ਹੀ ਅਸਲੀ ਮਜ਼ਦੂਰ ਹੋ। ਮਜ਼ਦੂਰੋ ਸੰਗਠਿਤ ਹੋ ਜਾਓ। ਤੁਹਾਡਾ ਕੋਈ ਨੁਕਸਾਨ ਨਹੀਂ ਹੋਵੇਗਾ, ਸਿਰਫ ਤੁਹਾਡੀਆ ਗੁਲਾਮੀ ਦੀਆਂ ਜ਼ੰਜੀਰਾਂ ਹੀ ਟੁੱਟਣਗੀਆਂ। ਉਠੋ ਅਤੇ ਮੌਜ਼ੂਦਾ ਨਿਜ਼ਾਮ ਦੇ ਵਿਰੁੱਧ ਬਗਾਵਤ ਖੜੀ ਕਰ ਦਿਓ। ਇੱਕਾ-ਦੁੱਕਾ ਸੁਧਾਰਾਂ ਨਾਲ ਕੁਝ ਨਹੀਂ ਬਣਨਾ। ਸਮਾਜਕ ਇਨਕਲਾਬ ਪੈਦਾ ਕਰ ਦਿਓ ਅਤੇ ਰਾਜਨੀਤਿਕ ਤੇ ਆਰਥਿਕ ਇਨਕਲਾਬ ਲਈ ਕਮਰਕੱਸੇ ਕਰੋ। ਤੁਸੀਂ ਹੀ ਤਾਂ ਦੇਸ਼ ਦਾ ਆਧਾਰ ਹੋ, ਅਸਲੀ ਤਾਕਤ ਹੋ। ਉੱਠੋ! ਸੁੱਤੇ ਹੋਏ ਸ਼ੇਰੋ, ਉੱਠੋ! ਵਿਦਰੋਹੀਓ, ਵਿਦਰੋਹ ਕਰ ਦਿਓ!" ਬੱਸ! ਇਹੋ ਗੱਲ ਡਾਕਟਰ ਅੰਬੇਡਕਰ ਕਹਿੰਦੇ ਹਨ। ਡਾਕਟਰ ਅੰਬੇਡਕਰ ਤੇ ਸ਼ਹੀਦ ਭਗਤ ਸਿੰਘ ਦੀ ਇਸੇ ਚੇਤਨਾ ਤਹਿਤ ਦਲਿਤਾਂ ਵਿੱਚ ਸਿਰ ਉੱਚਾ ਕਰਕੇ ਜੀਉਣ ਦੀ ਤਾਂਘ ਪੈਦਾ ਹੋ ਰਹੀ ਹੈ। ਜਿਉਂ ਜਿਉਂ ਜਾਤ ਪਾਤ ਤੇ ਸ਼ੋਸ਼ਣ ਤੋਂ ਪੀੜਤ ਲੋਕ ਆਪਣੇ ਅਧਿਕਾਰਾਂ ਪ੍ਰਤੀ ਅੱਗੇ ਵੱਧਦੇ ਹਨ, ਤਿਉਂ ਤਿਉਂ ਇਹ ਜੰਗ ਤੇਜ ਹੋ ਰਹੀ। ਮਰਾਠਵਾੜਾ, ਮੰਡਲ, ਤੱਲ੍ਹਣ, ਮਿਰਚਪੁਰ ਅਤੇ ਵਿਆਨਾ, ਦਾਂਤੇਵਾਲਾ ਵਰਗੇ ਕਾਂਡ ਸਾਹਮਣੇ ਪ੍ਰਤੱਖ ਪ੍ਰਮਾਣ ਹਨ। ਹੁਣ ਹਕੀਕੀ ਇਨਕਲਾਬੀਆਂ ਦੀ ਜੁੱਮੇਵਾਰੀ ਬਣਦੀ ਹੈ ਕਿ ਉਹ ਜਾਤੀ ਯੁੱਧ ਨੂੰ ਜਮਾਤੀ ਯੁੱਧ ਵੱਲ੍ਹ ਸੇਧਤ ਕਰਨ ਤਾਂ ਜੋ ਕਿ ਗੁਰੂ ਰਵਿਦਾਸ ਜੀ ਦਾ ਬੇਗ਼ਮਪੁਰਾ, ਬਾਬਾ ਸਾਹਿਬ ਤੇ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦਾ ਸਮਾਨਤਾ ਵਾਲਾ ਰਾਜ ਤੇ ਸਮਾਜ ਸਿਰਜਿਆ ਜਾ ਸਕੇ। ਇਹ ਵਿਚਾਰ ਅੱਜ ਇੱਥੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆ ਐਡਵੋਕੇਟ ਵਿਰਦੀ ਨੇ ਕਹੇ।



ਇਸ ਮੌਕੇ ਐਡਵੋਕੇਟ ਵਿਰਦੀ ਨੇ ਵੱਖ ਵੱਖ ਸਕੂਲਾਂ ਦੇ ਟੌਪ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ, ਕਿਤਾਬਾਂ-ਕਾਪੀਆਂ ਤੇ ਸਰਟੀਫਾਕੇਟ ਦੇ ਕੇ ਸਨਮਾਨਤ ਕੀਤਾ। ਮਾਸਟਰ ਗਿਆਨ ਚੰਦ, ਮਾ. ਸਾਧੂ ਰਾਮ, ਅਵਤਾਰ ਚੰਦ ਖੋਥੜਾਂ, ਮ. ਸੁਰਿੰਦਰ ਸਿਘ, ਸੋਹਨ ਸਹਿਜਲ, ਸੰਤ ਆਤਮਾ ਰਾਮ ਅੱਪਰਾ, ਉੱਘੇ ਸਮਾਜ ਸੇਵਕ ਆਰ ਐਲ ਜੱਸੀ, ਅਸ਼ੋਕ ਭਾਟੀਆ ਆਦਿ ਨੇ ਵੀ ਵਿਚਾਰ ਪੇਸ਼ ਕੀਤੇ। ਮਾਸਟਰ ਲਸ਼ਕਰ ਸਿੰਘ ਨੇ ਸਟੇਜ ਸਕੱਤਰ ਦੀ ਜੁਮੇਵਾਰੀ ਬਾ-ਖ਼ੂਬੀ ਨਿਭਾਈ। ਸਰਪੰਚ ਗ੍ਰਾਮ ਪੰਚਾਇਤ ਅਤੇ ਡਾ. ਭੀਮ ਰਾਓ ਅੰਡੇਬਕਰ ਵੈਲਫ਼ੇਅਰ ਸੁਸਾਇਟੀ ਦੇ ਆਗੂਆਂ ਨੇ ਸਭ ਦਾ ਧੰਨਵਾਦ ਕੀਤਾ।

# ਦੋਗਾਣਾ ਗਾਇਕੀ ਦੀ ਪਛਾਣ ਮੁਹੰਮਦ ਸਦੀਕ ਤੇ ਰਣਜੀਤ ਕੌਰ

ਗੁਰਭਿੰਦਰ ਸਿੰਘ ਗੁਰੀ

ਪੰਜਾਬੀ ਗਾਇਕ ਮੁਹੰਮਦ ਸਦੀਕ ਤੇ ਰਣਜੀਤ ਕੌਰ ਨੂੰ ਭਲਾ ਕੌਣ ਨਹੀਂ ਜਾਣਦਾ। ਸਦੀ ਦੇ 50 ਸਾਲ ਤੋਂ ਉਪਰ ਸਦੀਕ ਨੇ ਮਾਂ-ਬੋਲੀ ਦੀ ਸੇਵਾ ਕਰਦਿਆਂ ਲਾ ਦਿੱਤੇ। ਸਦੀਕ ਤੇ ਰਣਜੀਤ ਕੌਰ ਦੀ ਜੋੜੀ ਨੇ ਸੈਂਕੜੇ ਹੀ ਕੈਸਟਾਂ ਪੰਜਾਬੀ ਸਰੋਤਿਆਂ ਦੀ ਝੋਲੀ ਪਾਈਆਂ ਅਤੇ ਤਕਰੀਬਨ ਸਾਰੀਆਂ ਹੀ ਹਿੱਟ ਰਹੀਆਂ। ਪੰਜਾਬ ਦੇ ਜਿਸ ਕੋਨੇ ਵੀ ਸਦੀਕ ਦਾ ਅਖਾੜਾ ਲੱਗਦਾ, ਲੋਕ ਕਈ-ਕਈ ਦਿਨ ਪਹਿਲਾਂ ਹੀ ਆਪਣਾ ਕੰਮ ਧੰਦਾ ਨਿਬੇੜ ਕੇ ਵਿਹਲੇ ਹੋ ਸਦੀਕ ਤੇ ਰਣਜੀਤ ਕੌਰ ਦੇ ਆਉਣ ਦੀ ਉਡੀਕ ਕਰਦੇ। ਇਸ ਜੋੜੀ ਦੀ ਚੜ੍ਹਤ ਨਿਰਾਲੀ ਸੀ। ਇਹਨਾਂ ਨੇ ਲੱਗਭੱਗ 36 ਸਾਲ ਇਕੱਠਿਆਂ ਗਾਇਆ। ਫਿਰ ਇਸ ਜੋੜੀ ਨੂੰ ਅਜਿਹੀ ਨਜ਼ਰ ਲੱਗੀ ਕਿ ਅਚਾਨਕ ਗਲਾ ਖਰਾਬ ਹੋਣ ਕਾਰਨ ਰਣਜੀਤ ਕੌਰ ਦੀ ਆਵਾਜ਼ ਬੈਠ ਗਈ। ਇਸ ਕਾਰਨ ਇਹਨਾਂ ਦਾ ਨਾਂ ਗਿੰਨੀਜ਼ ਬੁੱਕ ਵਿਚ ਦਰਜ ਹੋਣ ਤੋਂ ਉਕ ਗਿਆ। ਰਣਜੀਤ ਕੌਰ ਨੂੰ ਗਾਉਣਾ ਬੰਦ ਕਰਨਾ ਪਿਆ। ਸਦੀਕ ਵੀ ਰਣਜੀਤ ਕੌਰ ਦੇ ਨਾ ਗਾਉਣ ਦੇ ਸਦਮੇ ਕਾਰਨ ਉਦਾਸ ਜਿਹਾ ਹੋ ਗਿਆ ਪਰ ਫਿਰ ਉਸ ਨੇ ਆਪਣੀ ਸਹਿ ਕਲਾਕਾਰਾ ਸੁਖਪ੍ਰੀਤ ਨਾਲ ਗਾਉਣਾ ਸ਼ੁਰੂ ਕੀਤਾ। ਪੰਜਾਬੀ ਸਰੋਤਿਆਂ ਨੇ ਸਦੀਕ ਤੇ ਸੁਖਪ੍ਰੀਤ ਦੀ ਜੋੜੀ ਨੂੰ ਵੀ ਅਪਣਾ ਲਿਆ।

ਸਦੀਕ ਦਾ ਬਚਪਨ ਸੰਗਰੂਰ ਜ਼ਿਲ੍ਹੇ ਦੇ ਮਾਲੇਰਕੋਟਲਾ ਨੇੜਲੇ ਆਪਣੀ ਮਾਂ ਦੇ ਨਾਨਕੇ ਪਿੰਡ ਕੁੱਪ ਵਿਚ ਬੀਤਿਆ। ਪ੍ਰਾਇਮਰੀ ਤੱਕ ਦੀ ਪੜ੍ਹਾਈ ਵੀ ਉਸ ਨੇ ਇਸ ਪਿੰਡ ਵਿਚ ਕੀਤੀ। ਉਸ ਸਮੇਂ ਗੁਰਦੁਆਰਾ ਸਾਹਿਬ ਵਿਚ ਸਕੂਲ ਚਲਦਾ ਸੀ। ਅਗਲੇਰੀ ਪੜ੍ਹਾਈ ਉਸ ਨੇ ਸਰਕਾਰੀ ਹਾਈ ਸਕੂਲ ਅਕਬਰ ਛੰਨਾਂ ਵਿਖੇ ਕੀਤੀ ਜਿੱਥੇ ਸਦੀਕ ਸਕੂਲ ਦੀਆਂ ਬਾਲ ਸਭਾਵਾਂ ਵਿਚ ਗੀਤ ਵੀ ਗਾਉਂਦਾ ਸੀ ਅਤੇ ਅਧਿਆਪਕ ਉਸ ਨੂੰ ਹੱਲਾਸ਼ੇਰੀ ਦਿੰਦੇ ਸਨ।

ਸਦੀਕ ਦਾ ਜਨਮ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰਾਮਪੁਰ ਨੇੜੇ ਦੁਰਾਹਾ ਵਿਖੇ ਸੰਨ 1942 ਵਿਚ ਮਾਤਾ ਪ੍ਰਸਿੰਨੀ ਦੀ ਕੁੱਖੋਂ ਪਿਤਾ ਵਲੈਤ ਅਲੀ ਦੇ ਘਰ ਹੋਇਆ। ਸਦੀਕ ਦੀ ਉਮਰ ਅਜੇ 5 ਕੁ ਸਾਲ ਦੀ ਸੀ ਕਿ ਜਦੋਂ ਭਾਰਤ-ਪਾਕਿ ਵੰਡ ਹੋਈ। ਸਦੀਕ ਦਾ ਪਰਿਵਾਰ ਪਾਕਿਸਤਾਨ ਜਾਣ ਲਈ ਮਾਲੇਰਕੋਟਲਾ ਰੇਲਵੇ ਸਟੇਸ਼ਨ 'ਤੇ ਆ ਗਿਆ, ਜਿੱਥੋਂ ਰੇਲ ਗੱਡੀ ਰਾਹੀਂ ਪਹਿਲਾਂ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਫਿਰ ਉਥੋਂ ਲਾਹੌਰ ਜਾਣਾ ਸੀ। ਕੁਝ ਸਮਾਂ ਦੇਰੀ ਨਾਲ ਪਹੁੰਚਣ ਕਾਰਨ ਰੇਲ ਗੱਡੀ ਲੰਘ ਚੁੱਕੀ ਸੀ। ਉਸ ਵਕਤ ਇਕ ਗੱਡੀ ਹੀ ਚਲਦੀ ਸੀ ਅਤੇ ਦੂਜੀ ਗੱਡੀ ਅਗਲੇ ਦਿਨ ਆਉਣ ਕਾਰਨ ਪਰਿਵਾਰ, ਕੁਝ ਸਿਆਣੇ ਮੋਹਤਬਰ ਬੰਦਿਆਂ ਦੀ ਰਾਇ ਮੰਨਦਿਆਂ ਸਦੀਕ ਦੀ ਮਾਂ ਦੇ ਨਾਨਕੇ ਪਿੰਡ ਕੁੱਪ ਆ ਗਿਆ। ਫਿਰ ਪੰਜਾਬ ਦੇ ਹਾਲਾਤ ਸੁਖਾਵੇਂ ਹੁੰਦੇ ਗਏ ਤੇ ਪਰਿਵਾਰ ਕੁੱਪ ਵਿਖੇ ਹੀ ਵੱਸ ਗਿਆ। ਬਾਬੂ ਬ੍ਰਿਸ਼ਭਾਨ ਕੁੱਪ ਪਿੰਡ ਆਏ ਅਤੇ ਸਦੀਕ ਨੇ ਸਟੇਜ 'ਤੇ ਮੁਹੰਮਦ ਰਫ਼ੀ ਦਾ ਗੀਤ 'ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ' ਗਾਇਆ। ਗੀਤ ਸੁਣ ਕੇ ਮੁੱਖ ਮੰਤਰੀ ਇੰਨੇ ਖੁਸ਼ ਹੋਏ ਕਿ ਸਦੀਕ ਨੂੰ ਆਪਣੀ ਬੁੱਕਲ ਵਿਚ ਲੈਂਦਿਆਂ ਸੌ ਰੁਪਏ ਦਾ ਨਕਦ ਇਨਾਮ ਦਿੱਤਾ ਅਤੇ ਗਾਉਣ ਦੀ ਲਗਨ ਵੇਖਦਿਆਂ ਸੰਗੀਤ ਦੀ ਬਕਾਇਦਾ ਸਿੱਖਿਆ ਲਈ ਸਦੀਕ ਨੂੰ ਉਸਤਾਦ ਜਨਾਬ ਬਾਕਿਰ ਹੁਸੈਨ ਕੋਲ ਭੇਜ ਦਿੱਤਾ। ਸਦੀਕ ਕੁੱਪ ਤੋਂ ਮਲੇਰਕੋਟਲਾ ਸੰਗੀਤ ਦਾ ਗਿਆਨ ਲੈਣ ਲਈ ਹਰ ਰੋਜ਼ ਦੋ-ਢਾਈ ਵਜੇ ਸਵੇਰੇ ਚਾਲੇ ਪਾ ਦਿੰਦਾ ਸੀ। ਕਹਿਰ ਦੀ ਸਰਦੀ-ਗਰਮੀ ਸਹਾਰਦਾ ਹੋਇਆ ਉਹ ਮਲੇਰਕੋਟਲੇ ਨੂੰ ਸਾਈਕਲ 'ਤੇ ਜਾਂਦਾ ਸੀ। ਉਦੋਂ ਕੀਤੀ ਸਖ਼ਤ ਮਿਹਨਤ ਤੇ ਲਗਨ ਦਾ ਫਲ, ਸਭ ਦੇ ਸਾਹਮਣੇ ਹੈ। ਸਦੀਕ ਦੀ ਗਾਇਕੀ ਦਾ ਦਮ ਦੇਖਦਿਆਂ ਐਲ. ਪੀ. ਰਿਕਾਰਡ ਕੰਪਨੀ ਨੇ ਸੰਨ 1962 ਵਿਚ ਪਹਿਲੀ ਵਾਰ ਸਦੀਕ ਨੂੰ ਨਰਿੰਦਰ ਬੀਬਾ, ਸੁਰਿੰਦਰ ਕੌਰ ਤੇ ਸਵਰਨ ਲਤਾ ਨਾਲ ਰਿਕਾਰਡ ਕੀਤਾ। ਦੇਵ ਥਰੀਕਿਆਂ ਵਾਲੇ ਦੀ ਕਲਮ ਤੋਂ ਉਕਰੇ ਉਸ ਗੀਤ ਦੇ ਬੋਲ ਸਨ: 'ਆਹ ਲੈ ਲੌਂਗ ਨੀਂ ਬਿਸ਼ਨੀਏ ਤੇਰਾ, ਨਰਮੇ 'ਚੋਂ ਸਾਨੂੰ ਲੱਭਿਆ'।



ਉਸ ਤੋਂ ਬਾਅਦ ਸਦੀਕ ਦੀ ਪੰਜਾਬੀ ਸੰਗੀਤ ਜਗਤ ਅੰਦਰ ਪੂਰੀ ਚੜ੍ਹਤ ਹੋ ਗਈ। ਸਦੀਕ ਦੀ ਪ੍ਰਸਿੱਧੀ ਨੂੰ ਵੇਖਦਿਆਂ ਸੰਗੀਤ ਕੰਪਨੀਆਂ ਵਾਲੇ ਸਦੀਕ ਨੂੰ ਰਿਕਾਰਡ ਕਰਨ ਲਈ ਉਸ ਦੇ ਘਰ ਗੇੜੇ ਮਾਰਨ ਲੱਗ ਪਏ। ਸੰਨ 1967 ਦੀ ਗੱਲ ਹੈ, ਜਦੋਂ ਰਣਜੀਤ ਕੌਰ ਦਾ ਪਿਤਾ ਆਪਣੀ ਧੀ ਦੇ ਗਾਉਣ ਦੇ ਸ਼ੌਂਕ ਕਾਰਨ ਸਦੀਕ ਨੂੰ ਆ ਮਿਲਿਆ ਅਤੇ ਰਣਜੀਤ ਕੌਰ ਦੀ ਸਦੀਕ ਨਾਲ ਗਾਉਣ ਲਈ ਗੱਲਬਾਤ ਤੈਅ ਹੋ ਗਈ। ਸਦੀਕ ਤੇ ਰਣਜੀਤ ਕੌਰ ਦਾ ਪਹਿਲਾ ਗੀਤ 'ਮੈਨੂੰ ਚਾਂਦੀ ਦੀਆਂ ਝਾਂਜਰਾਂ ਘੜਵਾ ਦੇ ਹਾਣੀਆ' ਸੁਪਰਹਿੱਟ ਰਿਹਾ। ਰਣਜੀਤ ਕੌਰ ਵੀ ਪਹਿਲਾਂ ਇਕ ਗੀਤ ਰਿਕਾਰਡ ਕਰਵਾ ਚੁੱਕੀ ਸੀ। ਗੀਤ ਦੇ ਬੋਲ ਸਨ 'ਮਾਹੀ ਵੇ ਮਾਹੀ ਮੈਨੂੰ ਭੰਗ ਚੜ੍ਹ ਗਈ'। ਇਸ ਗੀਤ ਨੇ ਵਾਹਵਾ ਪ੍ਰਸਿੱਧੀ ਖੱਟੀ।

ਸਦੀਕ ਤੇ ਰਣਜੀਤ ਕੌਰ ਦੀ ਜੋੜੀ ਨੇ 1967 ਤੋਂ ਲੈ ਕੇ 2001 ਤੱਕ 36 ਸਾਲ ਇਕੱਠਿਆਂ ਗਾਇਆ। ਉਹਨਾਂ ਨੇ ਵਧੇਰੇ ਗੀਤ ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ ਦੇ ਲਿਖੇ ਹੀ ਗਾਏ। ਸਦੀਕ ਤੇ ਰਣਜੀਤ ਕੌਰ ਦੀ ਜੋੜੀ ਨੇ ਜੋ 36 ਸਾਲ ਗਾਇਆ, ਉਸ ਨੂੰ ਕੋਈ ਵੀ ਵਿਸਾਰ ਨਹੀਂ ਸਕਦਾ। ਜੇ ਇਹ ਜੋੜੀ 40 ਸਾਲ ਇਕੱਠੇ ਗਾਉਂਦੀ ਰਹਿੰਦੀ ਤਾਂ ਗਿੰਨੀਜ਼ ਬੁੱਕ 'ਚ ਇਨ੍ਹਾਂ ਦਾ ਨਾਂ ਦਰਜ ਹੋ ਜਾਣਾ ਸੀ।

ਸਦੀਕ ਧਾਰਮਿਕ ਡਰਾਮਾ ਮੰਡਲੀਆਂ ਵਿਚ ਵੀ ਕੰਮ ਕਰਦਾ ਰਿਹਾ ਹੈ। ਸਦੀਕ ਨੇ ਆਪਣੀ ਪ੍ਰਸਿੱਧੀ ਦਾ ਖ਼ੂਬ ਆਨੰਦ ਮਾਣਦਿਆਂ ਅਨੇਕਾਂ ਹੀ ਪੰਜਾਬੀ ਫਿਲਮਾਂ ਵਿਚ ਵਰਿੰਦਰ ਨਾਲ ਕੰਮ ਕੀਤਾ। ਉਸ ਦੀ ਪਹਿਲੀ ਫਿਲਮ ਸੰਨ 1977-78 ਵਿਚ ਆਈ 'ਸੈਦਾ ਜੋਗਣ' ਸੀ, ਜੋ ਬੇਹੱਦ ਸਫਲ ਰਹੀ। ਫਿਰ ਅਗਲੀ ਫਿਲਮ 'ਰਾਣੋ' ਆਈ ਤੇ ਇਹ ਵੀ ਸੁਪਰਹਿੱਟ ਰਹੀ। ਸਦੀਕ ਨੇ 'ਪੁੱਤ ਜੱਟਾਂ ਦੇ', 'ਪਟੋਲਾ', 'ਜਿਊਣਾ ਮੌੜ', 'ਜ਼ਖਮੀ', 'ਲਾਲੀ', 'ਤਬਾਹੀ', 'ਸਰਪੰਚ', 'ਪੁੱਤ ਸਰਦਾਰਾਂ ਦੇ' ਸਮੇਤ ਕਈ ਫਿਲਮਾਂ ਵਿਚ ਕੰਮ ਕੀਤਾ ਅਤੇ ਪਿੱਠਵਰਤੀ ਗਾਇਕ ਤੇ ਖਲਨਾਇਕ ਦੀ ਭੂਮਿਕਾ ਬਾਖੂਬੀ ਨਿਭਾਈ।

ਸਦੀਕ ਨੇ ਐਮ. ਐਲ. ਏ. ਬਣਨ ਤੋਂ ਬਾਅਦ ਵੀ ਪੈਰ ਨਹੀਂ ਛੱਡੇ। ਉਸ ਦਾ ਗਾਉਣਾ-ਵਜਾਉਣਾ ਪਹਿਲਾਂ ਵਾਂਗ ਜਾਰੀ ਹੈ। ਅਖਾੜਿਆਂ ਵਿਚ ਤੂੰਬੀ ਹੁਣ ਵੀ ਖ਼ੂਬ ਵਜਾਉਂਦਾ ਹੈ। ਸ਼ਾਲਾ, ਸਦੀਕ ਇਸੇ ਤਰ੍ਹਾਂ ਪੰਜਾਬੀ ਲੋਕ ਸੰਗੀਤ ਤੇ ਸਭਿਆਚਾਰ ਦੀ ਸੇਵਾ ਕਰਦਾ ਰਹੇ।

# ਕਿਸਾਨ ਖ਼ੁਦਕੁਸ਼ੀਆਂ ਨੇ ਰੋਲ ਕੇ ਰੱਖ ਦਿੱਤੇ ਪੰਜਾਬ ਦੇ ਪਿੰਡ

ਸੰਗਰੂਰ- ਉਹ ਦਿਨ ਚੜ੍ਹਦਿਆਂ ਹੀ ਉਦਾਸੇ ਮਨ ਨਾਲ ਘਰ ਦੀ ਰਸੋਈ ਵਿੱਚ ਵੜਦਾ ਹੈ ਤੇ ਛੇਤੀ-ਛੇਤੀ ਹੱਥ ਚਲਾਉਣ ਦੀ ਕੋਸ਼ਿਸ਼ ਕਰਦਾ ਹੈ। ਉਸ ਨੇ ਆਪਣੇ ਨਿਰਾਸ਼ਾ ਮਾਰੇ ਪਿਉ, ਛੋਟੇ ਭਰਾ, ਬੁੱਢੇ ਦਾਦੇ ਅਤੇ ਆਪਣੇ ਲਈ ਰੋਟੀ ਜੋ ਪਕਾਉਣੀ ਹੈ। ਫਿਰ ਖ਼ੁਦ ਤਿਆਰ ਹੋਣਾ ਹੈ, ਤਾਂ ਕਿ ਵੇਲੇ ਸਿਰ ਸਕੂਲ ਪੁੱਜ ਸਕੇ। ਘਰ ਵਿੱਚ ਕੋਈ ਔਰਤ ਨਾ ਹੋਣ ਕਾਰਨ ਗਿਆਰ੍ਹਵੀਂ ਜਮਾਤ ਵਿੱਚ ਪੜ੍ਹਦਾ ਗੁਰਵਿੰਦਰ ਖ਼ੁਦ ਇਹ ਕੰਮ ਕਰਨ ਲਈ ਮਜਬੂਰ ਹੈ, ਜਿਸ ਦਾ ਘਰ ਦੇ ਬਾਕੀ ਜੀਅ ਵੀ ਥੋੜ੍ਹਾ-ਬਹੁਤ ਹੱਥ ਵਟਾਉਂਦੇ ਹਨ।

ਜ਼ਿਲ੍ਹੇ ਦੇ ਪਿੰਡ ਛਾਜਲੀ ਦੇ ਇਕ ਕਿਸਾਨ ਪਰਿਵਾਰ ਦੀ ਇਹ ਮਾੜੀ ਹਾਲਤ ਦੋ ਮਹੀਨੇ ਪਹਿਲਾਂ ਨਹੀਂ ਸੀ। ਉਦੋਂ ਗੁਰਵਿੰਦਰ ਵੀ ਆਪਣੇ ਹੋਰਨਾਂ ਦੋਸਤਾਂ ਵਾਂਗ ਹੀ ਹੱਸਦਾ-ਖੇਡਦਾ ਸੀ, ਜਿਸ ਨੂੰ ਆਪਣੇ ਪਰਿਵਾਰ ਨੂੰ ਦਰਪੇਸ਼ ਮਾਲੀ ਮੁਸ਼ਕਲਾਂ ਦਾ ਇਲਮ ਤੱਕ ਨਹੀਂ ਸੀ। ਪਰਿਵਾਰ ਉਤੇ ਬਿਪਤਾ ਉਦੋਂ ਆਣ ਪਈ ਜਦੋਂ ਬੀਤੀ 11 ਮਾਰਚ ਨੂੰ ਉਸ ਦੀ ਮਾਤਾ ਦਰਸ਼ਨ ਕੌਰ ਨੇ ਸਲਫ਼ਾਸ ਦੀਆਂ ਗੋਲੀਆਂ ਖਾ ਕੇ ਜਾਨ ਦੇ ਦਿੱਤੀ। ਗੁਰਵਿੰਦਰ ਦੇ ਦਾਦਾ ਨਾਜਰ ਸਿੰਘ ਮੁਤਾਬਕ ਉਨ੍ਹਾਂ ਦੀ ਨੂੰਹ ਦੇ ਇਸ ਸਿਰੇ ਦੇ ਕਦਮ ਦਾ ਫ਼ੌਰੀ ਕਾਰਨ ਬੇਮੌਸਮੀ ਬਾਰਸ਼ਾਂ ਨਾਲ ਹੋਈ ਫ਼ਸਲ ਦੀ ਬਰਬਾਦੀ ਹੀ ਸੀ। ਉਹ ਕਹਿੰਦੇ ਹਨ, ''ਸਾਡੇ ਕੋਲ ਬੱਸ ਦੋ ਏਕੜ ਜ਼ਮੀਨ ਹੈ ਅਤੇ ਅਸੀਂ ਘਰ ਦਾ ਗੁਜ਼ਾਰਾ ਚਲਾਉਣ ਲਈ ਹੋਰ ਅੱਠ ਏਕੜ ਜ਼ਮੀਨ ਠੇਕੇ 'ਤੇ ਲਈ ਸੀ। ਪਰ ਮੌਸਮ ਦੀ ਕਰੋਪੀ ਨੇ ਸਾਰੀ ਫ਼ਸਲ ਤਬਾਹ ਕਰ ਦਿੱਤੀ, ਜਿਸ ਕਾਰਨ ਮੇਰੇ ਪੁੱਤ ਤੇ ਨੂੰਹ ਅੱਗੇ ਠੇਕੇ ਦੀ ਰਕਮ ਚੁਕਾਉਣ ਦਾ ਵੱਡਾ ਸਵਾਲ ਖੜ੍ਹਾ ਹੋ ਗਿਆ।'' ਉਨ੍ਹਾਂ ਦਾ ਪੁੱਤਰ ਹਰਪਾਲ ਸਿੰਘ ਵੀ ਡਿਪਰੈਸ਼ਨ ਦਾ ਸ਼ਿਕਾਰ ਹੋ ਗਿਆ ਹੈ, ਕਿਉਂਕਿ ਪਰਿਵਾਰ ਪਹਿਲਾਂ ਹੀ ਕਰਜ਼ੇ ਦੇ ਬੋਝ ਹੇਠ ਦੱਬਿਆ ਹੋਇਆ ਸੀ। ਇਹ ਮਹਿਜ਼ ਇਕ ਘਰ ਦੀ ਕਹਾਣੀ ਨਹੀਂ, ਸਗੋਂ ਸੂਬੇ ਦੇ ਪੇਂਡੂ ਅਰਥਚਾਰੇ ਦੀ ਮੰਦੀ ਹਾਲਤ ਦੀ ਇਕ ਝਲਕ ਹੈ। ਸੁਨਾਮ ਤੋਂ ਕੁਝ ਵਿੱਥ ਉਤੇ ਵੱਸੇ ਪਿੰਡ ਚੱਠੇ ਨਨਹੇੜਾ ਦੇ 67 ਸਾਲਾ ਸੁਖਦੇਵ ਸਿੰਘ ਦੀ ਰਾਮ ਕਹਾਣੀ ਵੀ ਇਸ ਤੋਂ ਕੁਝ ਵੱਖਰੀ ਨਹੀਂ ਹੈ। ਬੀਤੇ ਮਹੀਨੇ ਦੇ ਦੂਜੇ ਹਫ਼ਤੇ ਉਸ ਨੇ ਆਪਣੇ ਖੇਤ ਵਿੱਚ ਜਦੋਂ ਗਿੱਟੇ-ਗਿੱਟੇ ਪਾਣੀ ਖੜ੍ਹਾ ਦੇਖਿਆ ਤਾਂ ਟੁੱਟੇ ਦਿਲ ਨਾਲ ਘਰੇ ਆ ਗਿਆ ਅਤੇ ਇਕ ਕਮਰੇ ਵਿੱਚ ਜਾ ਕੇ ਫਾਹਾ ਲੈ ਲਿਆ। ਕਿਸੇ ਵੇਲੇ ਉਹ 12 ਏਕੜਾਂ ਦਾ ਮਾਲਕ ਤੇ ਕਿਸਾਨ ਕਾਰਕੁਨ ਸੀ ਪਰ ਸਾਲ-ਦਰ-ਸਾਲ ਕਰਜ਼ਾ ਲਾਹੁਣ ਲਈ 11 ਏਕੜ ਜ਼ਮੀਨ ਵਿਕ ਗਈ। ਹੁਣ ਮਹਿਜ਼ ਪੰਜ ਕਨਾਲ ਹੀ ਬਾਕੀ ਬਚੀ ਸੀ। ਇਸ ਕਾਰਨ ਉਸ ਨੇ ਪੰਜ ਏਕੜ ਜ਼ਮੀਨ ਠੇਕੇ 'ਤੇ ਵੀ ਲਈ ਸੀ ਪਰ ਮੌਸਮ ਦੀ ਕਰੋਪੀ ਨੇ ਸਭ ਖ਼ਤਮ ਕਰ ਦਿੱਤਾ। ਉਸ ਦੇ ਛੋਟੇ ਭਰਾ ਗੋਬਿੰਦ ਸਿੰਘ ਦਾ ਕਹਿਣਾ ਹੈ ਕਿ ਕਿਸਾਨ ਤਾਂ ਸਰਕਾਰ ਦੇ ਕਿਸੇ ਏਜੰਡੇ ਉਤੇ ਹੀ ਨਹੀਂ ਹਨ।

ਖ਼ੁਦਕੁਸ਼ੀਆਂ ਦਾ ਸਭ ਤੋਂ ਵੱਡਾ ਕਾਰਨ ਫ਼ਸਲ ਨਾਕਾਮ ਹੋ ਜਾਣ ਦੀ ਸੂਰਤ ਵਿੱਚ ਸਰਕਾਰ ਦੀ ਸਪਸ਼ਟ ਨੀਤੀ ਦੀ ਅਣਹੋਂਦ ਹੈ। ਮਸਲਨ, ਬੀਤੇ ਸਾਲ ਸੋਕੇ ਕਾਰਨ ਕਿਸਾਨਾਂ ਦੀ ਝੋਨੇ ਦੀ ਫ਼ਸਲ ਤੋਂ ਲਾਗਤ ਵੀ ਪੂਰੀ ਨਹੀਂ ਹੋਈ। ਇਸ ਸਾਲ ਬੇਮੌਸਮੀ ਬਾਰਸ਼ ਤੇ ਗੜੇਮਾਰੀ ਨੇ ਤਾਂ ਉਨ੍ਹਾਂ ਦਾ ਭਾਰੀ ਨੁਕਸਾਨ ਕੀਤਾ। ਪੈਦਾਵਾਰ ਦਾ ਪੱਧਰ ਸਿਖਰ ਉਤੇ ਪੁੱਜ ਕੇ ਖੜੋਤ ਵਿੱਚ ਆ ਚੁੱਕਾ ਹੈ ਅਤੇ 10 ਏਕੜਾਂ ਤੋਂ ਜ਼ਮੀਨ ਘੱਟ ਵਾਲੀ ਕਿਸਾਨੀ ਲਈ ਖੇਤੀ ਹੁਣ ਘਾਟੇ ਦਾ ਸੌਦਾ ਬਣ ਗਈ ਹੈ। ਇਸ ਕਾਰਨ ਅੱਜ ਲੋੜ ਹੈ ਕਿ ਜਿਣਸਾਂ ਦਾ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਲਈ ਸਵਾਮੀਨਾਥਨ ਫਾਰਮੂਲਾ ਲਾਗੂ ਕੀਤਾ ਜਾਵੇ। 'ਟ੍ਰਿਬਿਊਨ' ਦੀ ਟੀਮ ਵੱਲੋਂ ਬੀਤੇ ਦਿਨ ਸੰਗਰੂਰ ਜ਼ਿਲ੍ਹੇ ਦੇ ਕੀਤੇ ਦੌਰੇ ਦੌਰਾਨ ਖ਼ੁਦਕੁਸ਼ੀਆਂ ਕਰਨ ਵਾਲੇ ਅਨੇਕਾਂ ਕਿਸਾਨਾਂ ਤੇ ਮਜ਼ਦੂਰਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਉਨ੍ਹਾਂ ਨਾਲ ਸਰਕਾਰ ਵੱਲੋਂ ਮੁਆਵਜ਼ਾ ਦੇਣ ਲਈ ਕਿਸੇ ਨੇ ਸੰਪਰਕ ਤੱਕ ਨਹੀਂ ਕੀਤਾ। ਪੰਜ ਸਾਲ ਪਹਿਲਾਂ ਖ਼ੁਦਕੁਸ਼ੀ ਕਰਨ ਵਾਲੇ ਬਲਬੀਰ ਸਿੰਘ ਦੀ ਵਿਧਵਾ ਬਲਜੀਤ ਕੌਰ ਮੁਤਾਬਕ ਉਸ ਨੂੰ ਕੋਈ ਮੁਆਵਜ਼ਾ ਨਹੀਂ ਮਿਲਿਆ। ਉਹ ਆਪਣੇ ਪੇਕੇ ਪਿੰਡ ਛਾਜਲੀ ਪਰਤ ਕੇ ਮਜ਼ਦੂਰੀ ਕਰਨ ਲਈ ਮਜਬੂਰ ਹੈ। ਖ਼ੁਦਕੁਸ਼ੀ ਕਰ ਗਏ ਕਿਸਾਨਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਮਾਲੀ ਇਮਦਾਦ ਕਰਨ ਵਾਲੇ ਤੇ ਬਾਬਾ ਨਾਨਕ ਐਜੂਕੇਸ਼ਨਲ ਸੁਸਾਇਟੀ ਦੇ ਚੇਅਰਮੈਨ ਇੰਦਰ-ਜੀਤ ਸਿੰਘ ਜੇਜੀ ਕਹਿੰਦੇ ਹਨ, "ਇਕ ਹਿੰਦੀ ਫ਼ਿਲਮ ਦੇ ਸਿਰਲੇਖ ਵਾਂਗ ਮਾਲਵੇ ਖ਼ਾਸਕਰ ਸੰਗਰੂਰ ਤੇ ਮਾਨਸਾ ਜ਼ਿਲ੍ਹਿਆਂ ਦੇ ਕੁਝ ਬਲਾਕਾਂ ਵਿਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ 'ਘਰ ਘਰ ਕੀ ਕਹਾਨੀ' ਬਣ ਚੁੱਕੀਆਂ ਹਨ।'' ਉਹ ਹੋਰਨਾਂ ਸਮਾਜਸੇਵੀਆਂ ਦੀ ਮਦਦ ਨਾਲ 455 ਪਰਿਵਾਰਾਂ ਦੀ ਮਦਦ ਕਰ ਰਹੇ ਹਨ। ਅੰਕੜੇ ਦਿੰਦਿਆਂ ਉਹ ਦਾਅਵਾ ਕਰਦੇ ਹਨ ਕਿ ਹਾਲੀਆ ਸਾਲਾਂ ਦੌਰਾਨ ਸੰਗਰੂਰ ਜ਼ਿਲ੍ਹ ਦੀਆਂ ਮੂਨਕ ਤੇ ਲਹਿਰਾ ਤਹਿਸੀਲਾਂ ਅਤੇ ਮਾਨਸਾ ਜ਼ਿਲ੍ਹੇ ਦੇ ਬੁਢਲਾਡਾ ਬਲਾਕ ਵਿੱਚ ਹੀ 2300 ਤੋਂ ਵੱਧ ਕਿਸਾਨ ਤੇ ਬੇਜ਼ਮੀਨੇ ਖੇਤ ਮਜ਼ਦੂਰ ਖ਼ੁਦਕੁਸ਼ੀਆਂ ਕਰ ਗਏ ਹਨ। ਮੂਨਕ ਨੇੜਲੇ ਪਿੰਡ ਬੱਲਰਾਂ ਵਿੱਚ ਹੀ 93 ਖ਼ੁਦਕੁਸ਼ੀਆਂ ਹੋਈਆਂ ਹਨ। ਪੰਜਾਬ ਸਰਕਾਰ ਵੱਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪੰਜਾਬ ਯੂਨੀਵਰਸਿਟੀ ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੂੰ ਕਿਸਾਨਾਂ ਵੱਲੋਂ ਸੰਨ 2000 ਤੋਂ 2010 ਤੱਕ ਕੀਤੀਆਂ ਖ਼ੁਦਕੁਸ਼ੀਆਂ ਦਾ ਪਤਾ ਲਾਉਣ ਦੇ ਦਿੱਤੇ ਗਏ ਪ੍ਰਾਜੈਕਟ ਮੁਤਾਬਕ ਇਸ ਅਰਸੇ ਦੌਰਾਨ 6926 ਕਿਸਾਨਾਂ ਤੇ ਮਜ਼ਦੂਰਾਂ ਨੇ ਮੌਤ ਨੂੰ ਗਲੇ ਲਾਇਆ ਸੀ।

### ਪੇਂਡੂ ਅਰਥਚਾਰੇ ਦੀ ਮੰਦੀ ਹਾਲਤ

ਖ਼ੁਦਕੁਸ਼ੀਆਂ ਦਾ ਇਹ ਵਰਤਾਰਾ ਸੂਬੇ ਦੇ ਪੇਂਡੂ ਅਰਥਚਾਰੇ ਦੀ ਮੰਦੀ ਹਾਲਤ ਦੀ ਭਿਆਨਕ ਤਸਵੀਰ ਹੈ। ਇਸ ਮੰਦੀ ਹਾਲਤ ਦਾ ਪਤਾ ਸੂਬੇ ਦੇ ਪਿੰਡਾਂ ਵੱਲ ਰਤਾ ਨੀਝ ਨਾਲ ਤੱਕਣ ਤੋਂ ਲੱਗਦਾ ਹੈ। ਪੰਜਾਬ ਦੇ ਜਿਹੜੇ ਪਿੰਡਾਂ ਵਿੱਚ 1970ਵਿਆਂ ਦੇ ਹਰੇ ਇਨਕਲਾਬ ਨੇ ਲਹਿਰਾਂ-ਬਹਿਰਾਂ ਲਾਈਆਂ ਸਨ, ਅੱਜ ਉਨ੍ਹਾਂ ਦੀ ਹਾਲਤ ਕਿਸ ਹੱਦ ਤੱਕ ਗ਼ਰਕ ਚੁੱਕੀ ਹੈ, ਇਸ ਦਾ ਅੰਦਾਜ਼ਾ ਹਾਲੀਆ ਸਾਲਾਂ ਦੌਰਾਨ ਕਿਸਾਨਾਂ ਵੱਲੋਂ ਕੀਤੀਆਂ ਵੱਡੀ ਗਿਣਤੀ ਖ਼ੁਦਕੁਸ਼ੀਆਂ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ। ਖ਼ੁਦਕੁਸ਼ੀਆਂ ਦੇ ਇਸ ਵਰਤਾਰੇ ਵਿੱਚ ਇਸ ਵਰ੍ਹੇ ਨਵੀਂ ਚੀਜ਼ ਇਹ ਦੇਖਣ ਨੂੰ ਮਿਲੀ ਕਿ ਵੱਡੀ ਗਿਣਤੀ ਕਿਸਾਨਾਂ ਨੇ ਕਣਕ ਦੀ ਵਾਢੀ ਤੋਂ ਪਹਿਲਾਂ ਹੀ ਇਹ ਸੋਚਦਿਆਂ ਮੌਤ ਨੂੰ ਗਲੇ ਲਾ ਲਿਆ ਕਿ ਮੌਸਮ ਦੀ ਕਰੋਪੀ ਕਾਰਨ ਉਨ੍ਹਾਂ ਕੋਲ ਖੇਤਾਂ ਤੋਂ ਘਰੇ ਲਿਆਉਣ ਲਈ ਬਹੁਤਾ ਕੁਝ ਬਚਿਆ ਹੀ ਨਹੀਂ।

# ਦੋਹਰਾ ਓਲੰਪਿਕ ਰਿਕਾਰਡਧਾਰੀ ਪਹਿਲਾ ਥਰੋਅਰ ਰੌਬਰਟ ਗੈਰੇਟ

ਗੁਰਪ੍ਰੀਤ ਸਿੰਘ ਮੱਲ੍ਹੀ

ਮਨੁੱਖ ਦਾ ਖੇਡਾਂ ਨਾਲ ਬਹੁਤ ਪੁਰਾਣਾ ਸਬੰਧ ਹੈ। ਜੇ ਇਹ ਕਹਿ ਲਈਏ ਕਿ ਜਦੋਂ ਤੋਂ ਮਨੁੱਖ ਨੇ ਧਰਤੀ 'ਤੇ ਜਨਮ ਲਿਆ ਅਤੇ ਨਾਲ-ਨਾਲ ਹੀ ਖੇਡਾਂ ਦਾ ਖੇਤਰ ਵੀ ਵਿਸ਼ਾਲ ਹੁੰਦਾ ਗਿਆ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਪਰ ਇਹ ਵੱਖਰੀ ਗੱਲ ਹੈ ਕਿ ਸਮੇਂ ਦੇ ਨਾਲ-ਨਾਲ ਖੇਡਾਂ ਦਾ ਸਰੂਪ ਅਤੇ ਢਾਂਚਾ ਵੀ ਬਦਲਦਾ ਰਿਹਾ। ਮਨੁੱਖ ਦੀ ਖੇਡਾਂ ਵਿੱਚ ਦਿਲਚਸਪੀ ਰੱਖਣ ਕਰਕੇ ਅੱਜ ਤੋਂ ਤਕਰੀਬਨ 30 ਸਦੀਆਂ ਪਹਿਲਾਂ ਸੰਨ 776 ਈਸਾ ਪੂਰਵ ਵਿੱਚ ਪੁਰਾਤਨ ਓਲੰਪਿਕ ਖੇਡਾਂ ਹੋਂਦ ਵਿੱਚ ਆਈਆਂ ਅਤੇ ਇਹ 394 ਈ: ਵਿੱਚ ਰੋਮਨ ਬਾਦਸ਼ਾਹ ਥਿਓਡੋਸੀਅਸ ਨੇ ਖੇਡਣੀਆਂ ਬੰਦ ਕਰਵਾ ਦਿੱਤੀਆਂ। ਇਸ ਤੋਂ ਬਾਅਦ ਫਰਾਂਸ ਦੇ ਮਹਾਨ ਖੇਡ ਮਾਰਗ ਦਰਸ਼ਕ ਕੂਬਰਤਿਨ ਦੀ ਬਦੌਲਤ 1896 ਈ: ਵਿੱਚ ਫਿਰ ਅਧੁਨਿਕ ਓਲੰਪਿਕ ਖੇਡਾਂ ਦਾ ਜਨਮ ਹੋਇਆ। ਅੱਜ ਓਲੰਪਿਕ ਖੇਡ ਮੇਲਾ ਵਿਸ਼ਵ ਦਾ ਸਭ ਤੋਂ ਵੱਡਾ ਖੇਡ ਮੇਲਾ ਹੈ। ਜਿਹੜੇ ਖਿਡਾਰੀ ਓਲੰਪਿਕ ਖੇਡਾਂ ਦੇ ਜੇਤੂ ਬਣਦੇ ਹਨ ਉਹ ਹਮੇਸ਼ਾ ਲਈ ਅਮਰ ਹੋ ਜਾਂਦੇ ਹਨ। ਜਦੋਂ ਪਹਿਲੀ ਵਾਰ ਸੰਨ 1896 ਨੂੰ ਏਥਨਜ਼ ਵਿਖੇ ਆਧੁਨਿਕ ਓਲੰਪਿਕ ਖੇਡਾਂ ਹੋਈਆਂ ਤਾਂ ਉਨ੍ਹਾਂ ਵਿੱਚ ਅਥਲੈਟਿਕਸ ਦੇ ਮੁਕਾਬਲੇ ਪ੍ਰਮੁੱਖ ਸਨ। ਇਨ੍ਹਾਂ ਮੁਕਾਬਲਿਆਂ ਵਿੱਚ ਦੌੜਨ, ਕੁੱਦਣ ਅਤੇ ਥਰੋਆਂ ਵਾਲੇ ਮੁਕਾਬਲੇ ਜ਼ਿਆਦਾ ਸਨ। ਸੁੱਟਣ ਭਾਵ ਥਰੋਇੰਗ ਮੁਕਾਬਲਿਆਂ ਵਿੱਚ ਮਰਦਾਂ ਦੇ ਦੋ ਤਰ੍ਹਾਂ ਦੇ ਮੁਕਾਬਲੇ ਹੋਏ ਜਿਸ ਵਿੱਚ ਸ਼ਾਟਪੁੱਟ ਅਤੇ ਡਿਸਕਸ ਥਰੋਅ ਪ੍ਰਮੁੱਖ ਸਨ। ਇਨ੍ਹਾਂ ਦੋਹਾਂ ਈਵੈਂਟਾਂ ਦਾ ਚੈਂਪੀਅਨ ਅਮਰੀਕਾ ਦਾ ਰੌਬਰਟ ਗੈਰੇਟ ਬਣਿਆ ਅਤੇ ਦੋਹਰਾ ਓਲੰਪਿਕ ਚੈਂਪੀਅਨ ਹੋਣ ਦਾ ਮਾਣ ਹਾਸਲ ਕੀਤਾ। ਸ਼ਾਟਪੁੱਟ ਭਾਵ ਗੋਲਾ ਸੁੱਟਣ ਦਾ ਮੁਕਾਬਲਾ ਜਿੱਤਣ ਲਈ ਉਸ ਨੇ 16 ਪੌਂਡ ਭਾਰਾ ਗੋਲਾ 11.22 ਮੀਟਰ ਦੂਰ ਸੁੱਟਿਆ ਅਤੇ ਇਹ ਦੂਰੀ ਪਹਿਲਾ ਓਲੰਪਿਕ ਰਿਕਾਰਡ ਮੰਨੀ ਗਈ। ਡਿਸਕਸ ਥਰੋਅ ਦਾ ਮੁਕਾਬਲਾ ਜਿੱਤਣ ਲਈ ਗੈਰੇਟ ਨੇ 2 ਕਿਲੋਗ੍ਰਾਮ ਭਾਰੀ ਡਿਸਕਸ 29.15 ਮੀਟਰ ਦੂਰ ਸੁੱਟੀ ਅਤੇ ਇਹ ਵੀ ਪਹਿਲਾ ਓਲੰਪਿਕ ਰਿਕਾਰਡ ਬਣਿਆ। ਪਹਿਲੀ ਓਲੰਪਿਕ ਵਿੱਚੋਂ ਦੋ ਗੋਲਡ ਮੈਡਲ ਜਿੱਤਣਾ ਅਤੇ ਦੋ ਨਵੇਂ ਓਲੰਪਿਕ ਰਿਕਾਰਡ ਸਥਾਪਤ ਕਰਨਾ ਗੈਰੇਟ ਨੂੰ ਮਹਾਨ ਅਥਲੀਟ ਬਣਾਉਂਦਾ ਹੈ। ਗੈਰੇਟ ਇੱਕ ਆਲਰਾਊਂਡਰ ਅਥਲੀਟ ਸੀ। ਉਸਨੇ 1896 ਦੀਆਂ ਪਹਿਲੀਆਂ ਓਲੰਪਿਕ ਖੇਡਾਂ ਵਿੱਚੋਂ ਦੋ ਸੋਨ ਤਗਮੇ ਜਿੱਤਣ ਤੋਂ ਬਿਨਾਂ ਦੋ ਚਾਂਦੀ ਦੇ ਤਗਮੇ ਵੀ ਜਿੱਤੇ



ਅਤੇ ਇਹ ਦੋਵੇਂ ਤਗਮੇ ਉਸ ਨੇ ਉੱਚੀ ਛਾਲ ਅਤੇ ਲੰਬੀ ਛਾਲ ਵਿੱਚੋਂ ਜਿੱਤੇ। ਉੱਚੀ ਛਾਲ ਵਿੱਚੋਂ ਤਗਮਾ ਜਿੱਤਣ ਲਈ ਗੈਰੇਟ ਨੇ 1.65 ਮੀਟਰ ਛਾਲ ਮਾਰੀ ਅਤੇ 6.00 ਮੀਟਰ ਲੰਬੀ ਛਾਲ ਮਾਰ ਕੇ ਦੂਸਰਾ ਚਾਂਦੀ ਦਾ ਤਗਮਾ ਆਪਣੇ ਨਾਂ ਕੀਤਾ।

ਰੌਬਰਟ ਗੈਰੇਟ ਨੇ ਦੂਸਰੀ ਵਾਰ 1900 ਨੂੰ ਪੈਰਿਸ ਵਿਖੇ ਹੋਈਆਂ ਦੂਸਰੀਆਂ ਓਲੰਪਿਕ ਖੇਡਾਂ ਵਿੱਚ ਵੀ ਭਾਗ ਲਿਆ ਅਤੇ ਦੋ ਤਾਂਬੇ ਦੇ ਤਗਮੇ ਜਿੱਤੇ। ਪਹਿਲਾ ਤਗਮਾ ਉਸ ਨੇ ਸ਼ਾਟਪੁੱਟ ਵਿੱਚੋਂ12.37 ਮੀਟਰ ਦੂਰ ਗੋਲਾ ਸੁੱਟ ਕੇ ਜਿੱਤਿਆ ਅਤੇ ਦੂਸਰਾ ਤਗਮਾ ਸਟੈਂਡਿੰਗ ਟ੍ਰਿਪਲ ਜੰਪ ਵਿੱਚੋਂ 9.50 ਮੀਟਰ ਛਾਲ ਮਾਰ ਕੇ ਜਿੱਤਿਆ। ਰੌਬਰਟ ਗੈਰੇਟ ਨੇ ਦੋ ਵਾਰ ਓਲੰਪਿਕ ਖੇਡਾਂ ਵਿੱਚ ਭਾਗ ਲੈ ਕੇ ਛੇ ਤਗਮੇ ਜਿੱਤੇ ਜਿਨ੍ਹਾਂ ਵਿੱਚੋਂ ਦੋ ਸੋਨੇ ਦੇ, ਦੋ ਚਾਂਦੀ ਦੇ ਅਤੇ ਦੋ ਤਾਂਬੇ ਦੇ ਸਨ।

ਚੋਟੀ ਦੇ ਓਲੰਪਿਕ ਅਥਲੀਟ ਰੌਬਰਟ ਗੈਰੇਟ ਦਾ ਕੱਦ 6 ਫੁੱਟ 2 ਇੰਚ ਅਤੇ ਭਾਰ 81 ਕਿਲੋਗ੍ਰਾਮ ਸੀ। ਗੈਰੇਟ ਦਾ ਜਨਮ ਸੰਯੁਕਤ ਰਾਜ ਅਮਰੀਕਾ ਵਿਖੇ 24 ਮਈ 1875 ਨੂੰ ਹੋਇਆ ਅਤੇ ਉਹ 86 ਸਾਲ ਦੀ ਉਮਰ ਭੋਗਣ ਤੋਂ ਬਾਅਦ 25 ਅਪ੍ਰੈਲ, 1961 ਨੂੰ ਇਸ ਜਹਾਨ ਨੂੰ ਸਦਾ ਲਈ ਅਲਵਿਦਾ ਕਹਿ ਕੇ ਵਿਸ਼ਵ ਖੇਡ ਜਗਤ ਵਿੱਚ ਰਹਿੰਦੀ ਦੁਨੀਆਂ ਤੱਕ ਅਮਰ ਹੋ ਗਿਆ।

### ਪ੍ਰਕਾਸ਼ ਦਿਵਸ ਨੂੰ ਸਮਰਪਿਤ

# ਗੁਰੂ ਅਮਰ ਦਾਸ ਜੀ- "ਤੇਰੀ ਉਪਮਾ ਤੋਹਿ ਬਨਿ ਆਵੈ"



ਦਸ ਸਿੱਖ ਗੁਰ ਸਾਹਿਬਾਨਾਂ ਵਿੱਚ ਤੀਸਰੇ ਗੁਰੂ, ਸ਼੍ਰੀ ਗੁਰੂ ਅਮਰ ਦਾਸ ਜੀ 73 ਸਾਲ ਦੀ ਉਮਰ ਵਿੱਚ 16 ਅਪ੍ਰੈਲ, 1552 ਨੂੰ ਗੁਰਗੱਦੀ ਉਤੇ ਬੈਠੇ ਸਨ। ਸ਼੍ਰੀ ਗੁਰੂ ਅੰਗਦ ਦੇਵ ਜੀ (ਦੂਜੇ ਸਿੱਖ ਗੁਰੂ) ਨਾਲ ਮਿਲਾਪ ਤੋਂ ਪਹਿਲਾਂ ਭਾਈ ਅਮਰ ਦਾਸ ਜੀ ਧਾਰਮਿਕ ਵਿਚਾਰਾਂ ਵਾਲੇ ਵੈਸ਼ਨਵੀ ਜੋਗੀ ਸਨ। ਉਹ ਤੇ ਉਨ੍ਹਾਂ ਦਾ ਪਰਿਵਾਰ ਹਿੰਦੂ ਤੀਰਥਾਂ ਦੀ ਯਾਤਰਾ ਅਕਸਰ ਕਰਦੇ ਰਹਿੰਦੇ ਸਨ। ਉਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਕੋਲ ਇੱਕ ਲੰਮਾ ਸਮਾਂ ਰਹਿ ਕੇ ਬੜੀ ਲਗਨ ਤੇ ਮਿਹਨਤ ਨਾਲ ਗੁਰੂ ਜੀ ਅਤੇ ਸਿੱਖ ਸੰਗਤ ਦੀ ਸੇਵਾ ਕੀਤੀ।

ਗੁਰੂ ਅਮਰ ਦਾਸ ਜੀ ਦਾ ਜਨਮ 5 ਮਈ 1479 ਨੂੰ ਪਿਤਾ ਤੇਜ ਭਾਨ ਅਤੇ ਮਾਤਾ ਲਛਮੀ ਜੀ ਦੇ ਗ੍ਰਿਹ ਪਿੰਡ ਬਾਸਰਕੇ ਗਿੱਲਾਂ ਵਿੱਚ ਹੋਇਆ। ਪਿੰਡ ਬਾਸਰਕੇ ਅੰਮ੍ਰਿਤਸਰ ਸ਼ਹਿਰ ਦੇ ਨੇੜੇ ਹੈ। ਆਪ ਆਪਣੇ ਮਾਤਾ ਪਿਤਾ ਦੇ ਸਭ ਤੋਂ ਵੱਡੇ ਪੁੱਤਰ ਸਨ। ਆਪ ਜੀ ਦੇ ਦੋ ਛੋਟੇ ਭਰਾ - ਭਾਈ ਮਾਨਕ ਚੰਦ ਅਤੇ ਭਾਈ ਈਸ਼ਰ ਦਾਸ ਜੀ ਸਨ। ਭਾਈ ਗੁਰਦਾਸ ਜੀ ਭਾਈ ਈਸ਼ਰ ਦਾਸ ਜੀ ਦੇ ਪੁੱਤਰ ਸਨ। ਆਪ ਜੀ ਦਾ ਪਰਿਵਾਰ ਭੱਲਾ ਗੋਤ ਦਾ ਖੱਤਰੀ ਪਰਿਵਾਰ ਸੀ। ਆਪ ਜੀ ਦੇ ਪਿਤਾ ਜੀ ਪਿੰਡ ਬਾਸਰਕੇ ਵਿੱਚ ਇੱਕ ਛੋਟੀ ਜਿਹੀ ਦੁਕਾਨ ਕਰਦੇ ਸਨ।



ਸੰਤੋਖ ਸਿੰਘ ਸੰਧ
(+64) 022 071 0935

ਗੁਰੂ ਅਮਰ ਦਾਸ ਜੀ ਜਵਾਨ ਹੋਏ ਅਤੇ ਉਨ੍ਹਾਂ ਦਾ ਵਿਆਹ ਮਨਸਾ ਦੇਵੀ ਜੀ ਨਾਲ ਹੋਇਆ, ਜਿਨ੍ਹਾਂ ਨੂੰ ਸਤਿਕਾਰ ਵਜੋਂ ਮਾਤਾ ਮਨਸਾ ਦੇਵੀ ਕਿਹਾ ਜਾਂਦਾ ਹੈ। ਆਪ ਜੀ ਦੇ ਦੋ ਪੁੱਤਰ -ਭਾਈ ਮੋਹਨ ਜੀ ਤੇ ਭਾਈ ਮੋਹਰੀ ਜੀ ਅਤੇ ਦੋ ਪੁੱਤਰੀਆਂ - ਬੀਬੀ ਦਾਨੀ ਜੀ ਅਤੇ ਬੀਬੀ ਭਾਨੀ ਜੀ ਹੋਏ ਹਨ। ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ, ਜੋ ਬਾਅਦ ਵਿੱਚ ਗੁਰੂ ਰਾਮਦਾਸ ਜੀ ਹੋਏ, ਨਾਲ ਹੋਇਆ।

ਗੁਰੂ ਅੰਗਦ ਦੇਵ ਜੀ ਨਾਲ ਮਿਲਾਪ

ਗੁਰੂ ਅਮਰ ਦਾਸ ਜੀ ਧਾਰਮਿਕ ਰੁਚੀ ਵਾਲੇ ਹੋਣ ਕਰਕੇ ਰੋਜ਼ਾਨਾਂ ਅੰਮ੍ਰਿਤ ਵੇਲੇ ਉਠ ਜਾਂਦੇ ਸਨ ਅਤੇ ਹਿੰਦੂ ਰਸਮਾਂ ਅਨੁਸਾਰ ਪੂਜਾ ਪਾਠ ਕਰਿਆ ਕਰਦੇ ਸਨ। ਨਾਲ ਵਾਲਾ ਘਰ ਉਨ੍ਹਾਂ ਦੇ ਭਰਾ ਭਾਈ ਮਾਨਕ ਚੰਦ ਦਾ ਸੀ। ਇੱਕ ਦਿਨ ਅੰਮ੍ਰਿਤ ਵੇਲੇ ਉਠੇ ਤਾਂ ਉਨ੍ਹਾਂ ਦੇ ਕੰਨਾ ਵਿੱਚ ਕਵਿਤਾ ਦੇ ਮਿੱਠੇ ਮਿੱਠੇ ਬੋਲਾਂ ਦੀ ਆਵਾਜ਼ ਪਈ। ਉਨ੍ਹਾਂ ਨੇ ਉਸ ਆਵਾਜ਼ ਨੂੰ ਬੜੇ ਗਹੁ ਨਾਲ ਸੁਣਿਆ। ਇਹ ਇੱਕ ਜ਼ਨਾਨਾਂ ਆਵਾਜ਼ ਸੀ ਅਤੇ ਕਵਿਤਾ ਦੇ ਬੋਲ ਬੜੇ ਮਿੱਠੇ ਸਨ। ਉਹ ਬੋਲ ਗੁਰੂ ਅਮਰ ਦਾਸ ਜੀ ਦੇ ਦਿਲ ਨੂੰ ਛੂਹ ਗਏ। ਉਹ ਆਪਣੇ ਭਰਾ ਮਾਨਕ ਚੰਦ ਜੀ ਦੇ ਘਰ ਚਲੇ ਗਏ। ਜਾ ਕੇ ਪੁੱਛਿਆ ਕਿ ਇੱਥੇ ਹੁਣੇ ਕੋਈ ਬੜੀ ਮਿੱਠੀ ਜਿਹੀ ਕਵਿਤਾ ਪੜ੍ਹ ਰਿਹਾ ਸੀ, ਉਹ ਕੌਣ ਸੀ? ਪਤਾ ਲੱਗਾ ਕਿ ਉਹ ਭਾਈ ਮਾਨਕ ਚੰਦ ਦੀ ਨੂੰਹ ਬੀਬੀ ਅਮਰੋ ਸੀ। ਬੀਬੀ ਅਮਰੋ ਗੁਰੂ ਅੰਗਦ ਦੇਵ ਜੀ ਦੀ ਪੁੱਤਰੀ ਸੀ। ਉਹ ਤੜ੍ਹਕੇ ਉਠ ਕੇ ਘਰ ਦਾ ਕੰਮ ਕਰਦਿਆਂ ਹੋਇਆਂ ਨਾਲ ਨਾਲ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪਾਠ ਕਰਿਆ ਕਰਦੀ ਸੀ। ਗੁਰੂ ਨਾਨਕ ਦੇਵ ਜੀ ਦੀ ਬਾਣੀ ਸੁਣਕੇ ਗੁਰੂ ਅਮਰ ਦਾਸ ਜੀ ਦੀ ਉਤਸੁਕਤਾ ਹੋਰ ਵੀ ਵਧ ਗਈ। ਉਨ੍ਹਾਂ ਨੇ ਬੀਬੀ ਅਮਰੋ ਨੂੰ ਗੁਰੂ ਅੰਗਦ ਦੇਵ ਜੀ ਨਾਲ ਮਿਲਾਉਣ ਲਈ ਕਿਹਾ।

ਇਸ ਵੇਲੇ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਵਿੱਚ ਸਨ। ਗੁਰੂ ਅਮਰ ਦਾਸ ਜੀ ਉਨ੍ਹਾਂ ਨੂੰ ਮਿਲਣ ਲਈ ਚਲੇ ਗਏ। ਜਦ ਉਹ ਖਡੂਰ ਸਾਹਿਬ ਗੁਰੂ ਅੰਗਦ ਦੇਵ ਜੀ ਦੇ ਸਥਾਨ ਉਤੇ ਪਹੁੰਚੇ ਤਾਂ ਗੁਰੂ ਅੰਗਦ ਦੇਵ ਜੀ ਗੁਰਗੱਦੀ ਤੋਂ ਉਠ ਕੇ ਉਨ੍ਹਾਂ ਦਾ ਸਵਾਗਤ ਕਰਨ ਲਈ ਅੱਗੇ ਆਏ ਅਤੇ ਬੜੇ ਸਤਿਕਾਰ ਨਾਲ ਉਨ੍ਹਾਂ ਨੂੰ ਆਪਣੇ ਕੋਲ ਲਿਜਾ ਕੇ ਬਿਠਾਇਆ। ਇੱਕ ਤਾਂ ਅਮਰ ਦਾਸ ਜੀ ਗੁਰੂ ਅੰਗਦ ਦੇਵ ਜੀ ਦੇ ਕੁੜ੍ਹਮ ਦੇ ਭਰਾ ਸਨ ਅਤੇ ਦੂਜੇ ਗੁਰੂ ਅੰਗਦ ਦੇਵ ਜੀ ਨੇ ਆਪਣੀ ਦਿੱਬ ਦ੍ਰਿਸ਼ਟੀ ਨਾਲ ਜਾਣ ਲਿਆ ਸੀ ਕਿ ਗੁਰਗੱਦੀ ਦਾ ਅਗਲਾ ਵਾਰਿਸ ਆ ਗਿਆ ਹੈ। ਗੁਰੂ ਅਮਰ ਦਾਸ ਜੀ ਪਹਿਲਾਂ ਹੀ ਬੀਬੀ ਅਮਰੋ ਤੋਂ ਬਾਣੀ ਸੁਣਕੇ ਬੜੇ ਪ੍ਰਭਾਵਿਤ ਸਨ ਅਤੇ ਜਦ ਗੁਰੂ ਅੰਗਦ ਦੇਵ ਜੀ ਨਾਲ ਵਿਚਾਰ ਵਟਾਂਦਰਾ ਹੋਇਆ ਤਾਂ ਉਨ੍ਹਾਂ ਨੇ ਖਡੂਰ ਸਾਹਿਬ ਹੀ ਰਹਿਣ ਦਾ ਫੈਸਲਾ ਕਰ ਲਿਆ। ਕੁਝ ਇਤਿਹਾਸਕਾਰ ਇਸ ਮਿਲਾਪ ਦਾ ਸਮਾਂ 1535 ਦਾ ਲਿਖਦੇ ਹਨ, ਪਰ ਕੋਈ ਪੱਕਾ ਪ੍ਰਮਾਣ ਨਹੀਂ। ਗੁਰੂ ਅਮਰ ਦਾਸ ਜੀ ਨੈ ਇੱਥੇ ਰਹਿ ਕੇ ਬੜੀ ਲਗਨ ਨਾਲ ਗੁਰੂ ਜੀ ਦੀ, ਡੇਰੇ ਦੀ ਅਤੇ ਸਿੱਖ ਸੰਗਤ ਦੀ ਸੇਵਾ ਕੀਤੀ। ਸੇਵਾ ਵਿੱਚ ਆਪਣੀ ਰਿਸ਼ਤੇਦਾਰੀ ਨੂੰ ਆੜੇ ਨਹੀਂ ਆਉਣ ਦਿੱਤਾ। ਖਡੂਰ ਸਾਹਿਬ ਦਰਿਆ ਬਿਆਸ ਦੇ ਕੰਢੇ ਉਤੇ ਸਥਿੱਤ ਹੈ। ਗੁਰੂ ਅਮਰ ਦਾਸ ਜੀ ਰੋਜ਼ਾਨਾਂ ਅੰਮ੍ਰਿਤ ਵੇਲੇ ਉਠ ਕੇ ਗਾਗਰ ਲੈ ਕੇ ਦਰਿਆ ਬਿਆਸ ਤੋਂ ਪਾਣੀ ਦੀ ਭਰ ਕੇ ਲਿਆਂਉਂਦੇ ਅਤੇ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾਉਂਦੇ ਹੁੰਦੇ ਸਨ। ਬਾਅਦ ਵਿੱਚ ਗੁਰੂ ਕੇ ਲੰਗਰ ਦੀ ਸੇਵਾ ਵਿੱਚ ਲੱਗ ਜਾਂਦੇ। ਬਾਲਣ ਵਾਸਤੇ ਜੰਗਲ ਵਿੱਚੋਂ ਲੱਕੜੀਆਂ ਇਕੱਠੀਆਂ ਕਰਕੇ ਲਿਆਉਂਦੇ। ਸੇਵਾ ਨਿਭਾਉਂਦਿਆਂ ਕਾਫੀ ਸਮਾਂ ਬੀਤ ਗਿਆ। ਤੜ੍ਹਕੇ ਦਾ ਸਮਾਂ ਸੀ, ਮੌਸਮ ਖਰਾਬ ਸੀ ਹਨੇਰਾ ਬਹੁਤ ਸੀ। ਗੁਰੂ ਅਮਰ ਦਾਸ ਜੀ ਰੋਜ਼ਾਨਾਂ ਵਾਂਗ ਪਾਣੀ ਦੀ ਗਾਗਰ ਭਰ ਕੇ ਲਿਆ ਰਹੇ ਸਨ ਕਿ ਰਾਹ ਦੇ ਨਾਲ ਜੁਲਾਹੇ ਨੇ ਖੱਡੀ ਲਗਾ ਰੱਖੀ ਸੀ। ਠੇਡਾ ਲੱਗਾ , ਗੁਰੂ ਜੀ ਡਿੱਗ ਪਏ, ਪਰ ਪਾਣੀ ਦੀ ਗਾਗਰ ਡੁੱਲਣ ਨਹੀਂ ਦਿੱਤੀ। ਡਿੱਗਣ ਨਾਲ ਕਾਫੀ ਖੜਾਕ ਹੋਇਆ। ਅੰਦਰੋਂ ਜੁਲਾਹੇ ਦੀ ਆਵਾਜ਼ ਸੁਣੀ। ਉਹ ਆਪਣੀ ਘਰ ਵਾਲੀ ਨੂੰ ਕਹਿ ਰਿਹਾ ਸੀ, ਬਾਹਰ ਕਿਸੇ ਬੰਦੇ ਦੇ ਡਿੱਗਣ ਦੀ ਆਵਾਜ਼ ਆਈ ਹੈ। ਅੱਗੋਂ ਜੁਲਾਹੀ ਬੋਲੀ, ਉਅਮਰੂ ਨਿਥਾਵਾਂ ਹੋਏਗਾ। ਮੁੰਡੇ ਵਾਲਾ ਹੋ ਕੇ ਨੂੰਹ ਦੇ ਪਿਉ ਦੀ ਚਾਕਰੀ ਕਰ ਰਿਹਾ ਹੈ।ੳ ਇਹ ਤਿੱਖਾ ਮੇਹਣਾ ਅਮਰ ਦਾਸ ਜੀ ਦੇ ਕੰਨੀਂ ਵੀ ਪਿਆ। ਗੁਰੂ ਅਮਰ ਦਾਸ ਜੀ ਨੇ ਦਿਲ 'ਤੇ ਨਹੀਂ ਲਾਇਆ। ਹਮੇਸ਼ਾਂ ਵਾਂਗ ਸੇਵਾ ਵਿੱਚ ਲੱਗੇ ਰਹੇ।

ਗੁਰਗੱਦੀ ਮਿਲਣੀ

ਗੁਰੂ ਅੰਗਦ ਦੇਵ ਜੀ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਦੀ ਸੰਸਾਰਕ ਯਾਤਰਾ ਪੂਰੀ ਹੋ ਗਈ ਹੈ ਅਤੇ ਹੁਣ ਉਨ੍ਹਾਂ ਦਾ ਅੰਤਿਮ ਸਮਾਂ ਨੇੜੇ ਆ ਗਿਆ ਹੈ। ਉਨ੍ਹਾਂ ਨੇ 26 ਮਾਰਚ, 1552 ਨੂੰ ਭਾਈ ਅਮਰ ਦਾਸ ਜੀ ਨੂੰ ੳ ਨਿਥਾਵਿਆਂ ਦਾ ਥਾਂਵ, ਨਿਮਾਣਿਆਂ ਦਾ ਮਾਣ, ਨਿਓਟਿਆਂ ਦੀ ਓਟ, ਨਿਗੱਤਿਆਂ ਦੀ ਗੱਤ, ਨਿਪੱਤਿਆਂ ਦੀ ਪੱਤ, ਨਿਆਸਰਿਆਂ ਦਾ ਆਸਰਾ" ਵਰਗੇ ਕਈ ਖ਼ਿਤਾਬ ਦੇ ਕੇ ਗੁਰਗੱਦੀ ਉਤੇ ਤੀਸਰੇ ਗੁਰੂ ਵਜੋਂ ਬਿਠਾ ਕੇ, ਭਾਈ ਅਮਰ ਦਾਸ ਤੋਂ ਗੁਰੂ ਅਮਰ ਦਾਸ ਬਣਾ ਦਿੱਤਾ। ਗੁਰੂ ਅਮਰ ਦਾਸ ਜੀ ਨੇ ਆਪਣਾ ਮੁੱਖ ਸਥਾਨ ਗੋਇੰਦਵਾਲ ਸਾਹਿਬ ਬਣਾ ਲਿਆ। ਗੋਇੰਦਵਾਲ ਸਾਹਿਬ ਖਡੂਰ ਸਾਹਿਬ ਤੋਂ ਥੋੜੀ ਦੂਰ ਦਰਿਆ ਬਆਸ ਦੇ ਕੰਢੇ ਉਤੇ ਸਥਿੱਤ ਹੈ। ਗੁਰੂ ਅੰਗਦ ਦੇਵ ਜੀ 29 ਮਾਰਚ, 1552 ਨੂੰ ਜੋਤੀ ਜੋਤ ਸਮਾ ਗਏ। ਗੁਰਗੱਦੀ ਸੰਭਾਲਦਿਆਂ ਹੀ ਗੁਰੂ ਅਮਰ ਦਾਸ ਜੀ ਸਿੱਖੀ ਦੇ ਪ੍ਰਚਾਰ ਵਿਚ ਸਰਗਰਮੀ ਨਾਲ ਜੁੱਟ ਗਏ। ਇਸ ਮਨੋਰਥ ਲਈ ਉਨ੍ਹਾਂ ਨੇ 22 ਮੰਜੀਆਂ ਕਾਇਮ ਕੀਤੀਆਂ ਅਤੇ ਹਰੇਕ ਮੰਜੀ ਉਤੇ ਇੱਕ ਸਥਾਨਿਕ ਸਿੱਖ ਪ੍ਰਚਾਰਕ ਨਿਯੁਕਤ ਕੀਤਾ। ਗੋਇੰਦਵਾਲ ਸਾਹਿਬ ਵਿੱਚ ਸਿੱਖ ਸੰਗਤ ਦੀ ਗਿਣਤੀ ਦਿਨੋ ਦਿਨ ਵਧਣੀ ਸ਼ੁਰੂ ਹੋ ਗਈ। ਗੁਰੂ ਅੰਗਦ ਦੇਵ ਜੀ ਦੇ ਪੁੱਤਰ ਭਾਈ ਦਾਤੂ ਜੀ ਅੰਦਰੋਂ ਬੜੇ ਦੁਖੀ ਸਨ ਕਿ ਇੱਕ ਮਮੂਲੀ ਜਿਹਾ ਸੇਵਕ ਗੁਰਗੱਦੀ ਦਾ ਵਾਰਿਸ ਬਣ ਕੇ ਬਹਿ ਗਿਆ ਹੈ। ਉਹ ਕੁਝ ਬੰਦਿਆਂ ਨੂੰ ਨਾਲ ਲੈ ਕੇ ਗੋਇੰਦਵਾਲ ਸਾਹਿਬ ਪੁੱਜ ਗਿਆ। ਗੁਰੂ ਜੀ ਨੂੰ ਠੁੱਡਾ ਮਾਰ ਕੇ ਗੁਰਗੱਦੀ ਤੋਂ ਹੇਠਾਂ ਸੁੱਟ ਦਿੱਤਾ ਅਤੇ ਗੱਦੀ ਉਤੇ ਆਪ ਬੈਠ ਗਿਆ। ਗੁਰੂ ਜੀ ਨੇ ਉਸਨੂੰ ਅੱਗੋਂ ਕੋਈ ਬੁਰਾ ਸ਼ਬਦ ਨਹੀਂ ਕਿਹਾ, ਸਗੋਂ ਉਸਦਾ ਪੈਰ ਫੜਕੇ ਘੁੱਟਣ ਲੱਗ ਪਏ ਅਤੇ ਕਿਹਾ ਆਪ ਜੀ ਨੂੰ ਕਿਤੇ ਸੱਟ ਤਾਂ ਨਹੀਂ ਲੱਗੀ। ਮੇਰੇ ਹੱਢ ਪੁਰਾਣੇ ਤੇ ਸਖਤ ਹਨ।

ਗੁਰੂ ਅਮਰ ਦਾਸ ਜੀ ਗੋਇੰਦਵਾਲ ਤੋਂ ਵਾਪਿਸ ਪਿੰਡ ਬਾਸਰਕੇ ਚਲੇ ਗਏ। ਇਧਰ ਭਾਈ ਦਾਤੋ ਦੀ ਕਰਤੂਤ ਨੂੰ ਕਿਸੇ ਨੇ ਪਸੰਦ ਨਹੀਂ ਕੀਤਾ। ਸਿੱਖ ਸੰਗਤ ਗੋਇੰਦਵਾਲ ਸਾਹਿਬ ਜੁੜਨੋ ਹਟ ਗਈ। ਭਾਈ ਦਾਤੂ ਆਪ ਹੀ ਗੋਇੰਦਵਾਲ ਛੱਡ ਕੇ ਚਲਾ ਗਿਆ। ਸਿੱਖ ਸੰਗਤ ਨੇ ਗੁਰੂ ਅਮਰ ਦਾਸ ਜੀ ਨੂੰ ਮੁੜ ਗੋਇੰਦਵਾਲ ਸਾਹਿਬ ਲਿਆ ਕੇ ਗੁਰਗੱਦੀ ਉਤੇ ਬਿਠਾ ਦਿੱਤਾ। ਗੁਰੂ ਜੀ ਨੇ ਇੱਥੇ ਬਾਉਲੀ ਸਾਹਿਬ ਦੀ ਉਸਾਰੀ ਕਰਵਾਈ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਦੀ ਬਾਣੀ ਇਕੱਠੀ ਕਰਕੇ, ਵਿੱਚ ਆਪਣੀ ਬਾਣੀ ਜੋੜ ਕੇ ਇਸਦੀਆਂ ਕਈ ਕਾਪੀਆਂ ਤਿਆਰ ਕਰਵਾਈਆਂ ਅਤੇ ਸਿੱਖ ਸੰਗਤ ਨੂੰ ਵੰਡੀਆਂ। ਗੁਰੂ ਕੇ ਲੰਗਰ ਦੀ ਪ੍ਰਥਾ ਦਾ ਵਿਸਥਾਰ ਕੀਤਾ। ਗੋਇੰਦਵਾਲ ਸਾਹਿਬ ਸਿੱਖ ਧਰਮ ਦਾ ਪਵਿੱਤਰ ਅਸਥਾਨ ਬਣ ਗਿਆ।

ਫਿਰ ਉਹ ਘੜੀ ਆ ਗਈ, ਜਿਹੜੀ ਹਰ ਕਿਸੇ ਉਤੇ ਆਉਂਦੀ ਹੈ। ਗੁਰੂ ਅਮਰ ਦਾਸ ਜੀ ਅੱਗੋਂ ਭਾਈ ਜੇਠਾ ਜੀ ਨੂੰ ਗੁਰਗੱਦੀ ਸੰਭਾਲ ਕੇ, ਭਾਈ ਜੇਠੇ ਤੋਂ ਗੁਰੂ ਰਾਮਦਾਸ ਬਣਾ ਕੇ ਆਪ ਜੋਤੀ ਜੋਤ ਸਮਾ ਗਏ। ਕੁਝ ਇਤਿਹਾਸਕਾਰ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਦੀ ਮਿਤੀ 1 ਸਤੰਬਰ ਤੇ ਕੁਝ 16 ਸਤੰਬਰ, 1574 ਲਿਖਦੇ ਹਨ, ਪਰ ਕੋਈ ਪੱਕਾ ਪ੍ਰਮਾਣ ਨਹੀਂ ਹੈ।

# ਭ੍ਰਿਸ਼ਟਾਚਾਰ ਨੂੰ ਦੇਖਣ ਵਾਲੀ ਅਦਾਲਤ ਨਹੀ ਰਹੀ?

19 ਸਾਲ ਪੁਰਾਣੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ 'ਚ ਅੰਨਾਡੀਐਮਕੇ ਮੁਖੀ ਜੇ ਜੈਲਲਿਤਾ ਨੂੰ ਕਰਨਾਟਕ ਹਾਈ ਕੋਰਟ ਨੇ ਬਰੀ ਕਰ ਦਿੱਤਾ ਹੈ। ਜੈਲਲਿਤਾ ਦੇ ਤਾਮਿਲਨਾਡੂ ਦੀ ਮੁੱਖ ਮੰਤਰੀ ਵਜੋਂ ਵਾਪਸੀ ਦਾ ਰਾਹ ਵੀ ਪੱਧਰਾ ਹੋ ਗਿਆ ਹੈ ਅਦਾਲਤ ਦੇ ਇਸ ਫ਼ੈਸਲੇ ਨੇ। ਅਦਾਲਤ ਨੇ ਆਪਣੇ ਫ਼ੈਸਲੇ 'ਚ ਕਿਹਾ ਕਿ ਜੈਲਲਿਤਾ ਅਤੇ ਹੋਰਾਂ ਨੂੰ ਮਿਲੀ ਸਜ਼ਾ 'ਚ ਕਈ ਖ਼ਾਮੀਆਂ ਹਨ ਅਤੇ ਕਾਨੂੰਨੀ ਤੌਰ 'ਤੇ ਇਹ ਜਾਰੀ ਰੱਖਣ ਯੋਗ ਨਹੀਂ ਹੈ। ਜਸਟਿਸ ਸੀ ਆਰ ਕੁਮਾਰਸਵਾਮੀ ਨੇ ਵਿਸ਼ੇਸ਼ ਅਦਾਲਤ ਦੇ ਜੱਜ ਮਾਈਕਲ ਡੀ ਕੁਨਹਾ ਵੱਲੋਂ ਪਿਛਲੇ ਸਾਲ ਸੁਣਾਏ ਗਏ ਉਨ੍ਹਾਂ ਹੁਕਮਾਂ ਨੂੰ ਵੀ ਖਾਰਜ ਕਰ ਦਿੱਤਾ ਜਿਸ 'ਚ ਜੈਲਲਿਤਾ ਨੂੰ ਭ੍ਰਿਸ਼ਟ-ਾਚਾਰ ਦਾ ਦੋਸ਼ੀ ਠਹਿਰਾਉਂਦਿਆਂ ਉਨ੍ਹਾਂ ਨੂੰ ਚਾਰ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ।



ਅਮਰਜੀਤ ਟਾਂਡਾ

ਜਸਟਿਸ ਕੁਮਾਰਸਵਾਮੀ ਨੇ 919 ਸਫ਼ਿਆਂ ਦੇ ਫ਼ੈਸਲੇ ਵਿੱਚ ਕਿਹਾ,"ਮੁਲਜ਼ਮ ਬਰੀ ਕੀਤੇ ਜਾਣ ਦੇ ਹੱਕਦਾਰ ਹਨ। ਜਦੋਂ ਮੁੱਖ ਮੁਲਜ਼ਮ ਜੈਲਲਿਤਾ ਨੂੰ ਬਰੀ ਕਰ ਦਿੱਤਾ ਗਿਆ ਹੈ ਤਾਂ ਬਾਕੀ ਮੁਲਜ਼ਮ ਵੀ ਬਰੀ ਕੀਤੇ ਜਾਣ ਦੇ ਹੱਕਦਾਰ ਹਨ।" ਆਮਦਨ ਤੋਂ ਵੱਧ ਜਾਇਦਾਦ ਬਣਾਉਣ ਬਾਰੇ ਉਨ੍ਹਾਂ ਕਿਹਾ ਕਿ ਇਹ ਬਹੁਤ ਘੱਟ ਹੈ ਅਤੇ ਮੌਜੂਦਾ ਸਮੇਂ 'ਚ ਆਮਦਨ ਤੋਂ ਵੱਧ ਜਾਇਦਾਦ 10 ਫ਼ੀਸਦੀ ਤੋਂ ਘੱਟ ਹੈ ਅਤੇ ਇਹ ਮਿੱਥੀ ਗਈ ਹੱਦ ਦੇ ਅੰਦਰ ਹੈ।

ਹਾਈ ਕੋਰਟ ਦੇ ਫ਼ੈਸਲੇ ਦੇ ਤੁਰੰਤ ਮਗਰੋਂ ਅੰਨਾਡੀਐਮਕੇ ਦੇ ਕਾਰਕੁਨਾਂ 'ਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਚੇਨਈ 'ਚ ਜੈਲਲਿਤਾ ਦੀ ਰਿਹਾਇਸ਼ ਸਮੇਤ ਪੂਰੇ ਤਾਮਿਲਨਾਡੂ 'ਚ ਆਤਿਸ਼ਬਾਜ਼ੀ ਚਲਾ ਕੇ, ਮਠਿਆਈਆਂ ਵੰਡ ਕੇ ਅਤੇ ਨੱਚ ਗਾ ਕੇ ਜਸ਼ਨ ਮਨਾਇਆ। ਜੈਲਲਿਤਾ ਦੀ ਕਰੀਬੀ ਸ਼ਸ਼ੀਕਲਾ ਅਤੇ ਦੋ ਹੋਰਾਂ ਨੂੰ ਵੀ ਅਦਾਲਤ ਨੇ ਬਰੀ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੈਲਲਿਤਾ ਨੂੰ ਬਰੀ ਕੀਤੇ ਜਾਣ 'ਤੇ ਵਧਾਈ ਦਿੱਤੀ ਹੈ। ਹਾਈ ਕੋਰਟ ਦੇ ਫ਼ੈਸਲੇ 'ਤੇ ਪ੍ਰਤੀਕਰਮ ਦਿੰਦਿਆਂ ਜੈਲਲਿਤਾ ਨੇ ਕਿਹਾ ਕਿ ਇਸ ਤੋਂ ਸਾਬਿਤ ਹੋ ਗਿਆ ਹੈ ਕਿ ਉਨ੍ਹਾਂ ਕੁਝ ਵੀ ਗ਼ਲਤ ਨਹੀਂ ਕੀਤਾ ਸੀ। ਉਨ੍ਹਾਂ ਕਿਹਾ,"ਅੱਜ ਦੇ ਫ਼ੈਸਲੇ ਨੇ ਮੈਨੂੰ ਕਾਫੀ ਰਾਹਤ ਦਿੱਤੀ ਹੈ। ਮੇਰੇ 'ਤੇ ਲੱਗਿਆ ਕਲੰਕ ਵੀ ਧੋਤਾ ਗਿਆ ਹੈ ਅਤੇ ਮੇਰੇ ਸਿਆਸੀ ਦੁਸ਼ਮਣਾਂ ਵੱਲੋਂ ਲਾਏ ਗਏ ਦੋਸ਼ ਵੀ ਝੂਠੇ ਸਾਬਿਤ ਹੋਏ।"

ਵਿਸ਼ੇਸ਼ ਸਰਕਾਰੀ ਵਕੀਲ ਬੀ ਵੀ ਆਚਾਰੀਆ ਨੇ ਕਿਹਾ ਕਿ ਇਸ ਮਾਮਲੇ 'ਚ ਗੰਭੀਰ ਪੱਖਪਾਤ ਹੋਇਆ ਹੈ ਦਿਲਚਸਪ ਗੱਲ ਇਹ ਹੈ ਕਿਉਂਕਿ ਕਰਨਾਟਕ ਅਤੇ ਉਸ ਵੱਲੋਂ ਨਿਯੁਕਤ ਵਿਸ਼ੇਸ਼ ਸਰਕਾਰੀ ਵਕੀਲ ਨੂੰ ਜ਼ੁਬਾਨੀ ਦਲੀਲਾਂ ਰਾਹੀਂ ਹਾਈ ਕੋਰਟ ਨੂੰ ਸਮਝਾਉਣ ਦਾ ਮੌਕਾ ਨਹੀਂ ਦਿੱਤਾ ਗਿਆ। ਸ੍ਰੀ ਆਚਾਰੀਆ ਨੂੰ ਇਸ ਮਾਮਲੇ 'ਚ ਸੁਪਰੀਮ ਕੋਰਟ ਨੇ ਨਿਯੁਕਤ ਕੀਤਾ ਸੀ। ਜਸਟਿਸ ਕੁਮਾਰਸਵਾਮੀ ਨੇ ਸੁਪਰੀਮ ਕੋਰਟ ਵੱਲੋਂ ਅਪੀਲਾਂ 'ਤੇ ਸੁਣਵਾਈ ਲਈ ਦਿੱਤੇ ਤਿੰਨ ਮਹੀਨਿਆਂ ਦਾ ਸਮਾਂ ਮੁੱਕਣ ਤੋਂ ਇਕ ਦਿਨ ਪਹਿਲਾਂ ਹੀ ਫ਼ੈਸਲਾ ਸੁਣਾ ਦਿੱਤਾ। ਅਦਾਲਤ 'ਚ ਜੈਲਲਿਤਾ ਹਾਜ਼ਰ ਨਹੀਂ ਸਨ ਕਿਉਂਕਿ ਕ੍ਰਿਮੀਨਲ ਪ੍ਰੋਸੀਜਰ ਕੋਡ ਮੁਤਾਬਕ ਮੁਲਜ਼ਮ ਨੂੰ ਸਿਰਫ਼ ਹੇਠਲੀ ਅਦਾਲਤ 'ਚ ਹੀ ਪੇਸ਼ ਹੋਣ ਦੀ ਲੋੜ ਹੁੰਦੀ ਹੈ।

ਜੈਲਲਿਤਾ ਹੁਣ ਫਿਰ ਮੁੱਖ ਮੰਤਰੀ ਬਣ ਜਾਵੇਗੀ। ਅਦਾਲਤ ਵੱਲੋਂ ਪਿਛਲੇ ਸਾਲ ਦੋਸ਼ੀ ਠਹਿਰਾਏ ਜਾਣ ਉੱਤੇ ਕੁਰਸੀ ਛੱਡਣੀ ਪਈ ਸੀ, ਹੁਣ ਫਿਰ ਜਾ ਕੇ ਕੁਰਸੀ ਉੱਤੇ ਬੈਠ ਜਾਵੇਗੀ।

ਉਸ ਨੇ ਪੁੱਤਰ ਦੇ ਵਿਆਹ ਮੌਕੇ ਬੇਤਹਾਸ਼ਾ ਖ਼ਰਚ ਕੀਤਾ ਸੀ ਅਤੇ ਇਸ ਕੰਮ ਲਈ ਉਸ ਰਾਜ ਦੀ ਸਰਕਾਰੀ ਮਸ਼ੀਨਰੀ ਕਈ ਦਿਨ ਵਰਤੀ ਸੀ। ਚੋਣਾਂ ਵਿੱਚ ਹਾਰ ਗਈ ਤਾਂ ਉਸ ਦੇ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਕੇਸ ਬਣਨ ਲੱਗ ਪਏ। ਜੈਲਲਿਤਾ ਦੇ ਘਰ ਵੱਜੇ ਛਾਪੇ ਵਿੱਚ ਸੈਂਡਲ ਅਤੇ ਸਾੜ੍ਹੀਆਂ ਦੇ ਢੇਰ ਨਿਕਲੇ ਤਾਂ ਉਸ ਨੂੰ ਵੀ 'ਭਾਰਤ ਦੀ ਇਮੇਲਡਾ ਮਾਰਕੋਸ" ਕਹਿ ਕੇ ਮੀਡੀਆ ਪੇਸ਼ ਕਰਦਾ ਰਿਹਾ ਸੀ। ਜਾਇਦਾਦਾਂ ਦੀ ਗਿਣਤੀ ਹੋਈ ਤਾਂ ਲੇਖਾ ਲਾਉਣ ਵਾਸਤੇ ਕਈ ਸਰਕਾਰੀ ਵਿਭਾਗ ਲੱਗੇ ਸਨ।

ਅਸਲ ਚ ਇਹ ਹੋਇਆ ਕਿ ਜੈਲਲਿਤਾ ਦਾ ਦਬਦਬਾ ਹੋਣ ਕਾਰਨ ਤਾਮਿਲ ਨਾਡੂ ਵਿੱਚ ਗਵਾਹ ਨਹੀਂ ਸਨ ਭੁਗਤ ਰਹੇ। ਸੁਪਰੀਮ ਕੋਰਟ ਦੇ ਹੁਕਮ ਉੱਤੇ ਉਸ ਦਾ ਕੇਸ ਨਾਲ ਦੇ ਰਾਜ ਕਰਨਾਟਕਾ ਵਿੱਚ ਤਬਦੀਲ ਹੋ ਗਿਆ। ਓਥੇ ਲੰਮੇ ਸਮੇਂ ਤੱਕ ਇਸ ਦੀ ਸੁਣਵਾਈ ਹੋਣ ਪਿੱਛੋਂ ਜੈਲਲਿਤਾ ਨੂੰ ਸਜ਼ਾ ਹੋ ਗਈ ਸੀ। ਜੈਲਲਿਤਾ ਨੇ ਅਪੀਲ ਕਰ ਦਿੱਤੀ ਤੇ ਹੁਣ ਹਾਈ ਕੋਰਟ ਨੇ ਉਸ ਨੂੰ ਬਰੀ ਕਰ ਕੇ ਫਿਰ ਮੁੱਖ ਮੰਤਰੀ ਬਣਨ ਦਾ ਮੌਕਾ ਬਖਸ਼ ਦਿੱਤਾ ਹੈ। ਸਰਕਾਰੀ ਵਕੀਲ ਕਹਿੰਦਾ ਹੈ ਕਿ ਉਸ ਨੂੰ ਦਲੀਲ ਪੇਸ਼ ਕਰਨ ਦਾ ਮੌਕਾ ਹੀ ਨਹੀਂ ਦਿੱਤਾ ਗਿਆ। ਉਸ ਦੀ ਤੂਤੀ ਦੀ ਆਵਾਜ਼ ਕਿਸੇ ਨਹੀਂ ਸੁਣੀ। ਧੱਸੋ ਕੀ ਕਹੋਗੇ ਇਸ ਦੇਸ਼ ਬਾਰੇ।

ਜੈਲਲਿਤਾ ਜਿਸ ਨੂੰ ਪਹਿਲਾਂ ਸਜ਼ਾ ਹੋਈ ਸੀ ਅੱਜ ਜਸ਼ਨ ਮਨਾ ਰਹੀ ਹੈ। ਦੇਸ਼ ਦਾ ਕਾਨੂੰਨ ਹਰ ਨਾਗਰਿਕ ਲਈ ਨਾਬਰਾਬਰ ਹੈ। ਵਾਹ ਨੀ ਅਦਾਲਤੇ! ਝਾਪਦਾ ਹੈ ਦੇਸ਼ ਦੇ ਕਾਨੂੰਨ ਦੀ ਲੱਤ ਪੈਰ ਵੀ ਨਹੀਂ ਹਨ। ਏਥੇ ਗ਼ਰੀਬਾਂ ਨੂੰ ਝੱਟ ਸਜਾ ਹੋ ਜਾਂਦੀ ਹੈ ਤੇ ਜ਼ਾਬਰ ਬਚ ਜਾਂਦਾ ਹੈ।

ਅਮਲ ਵਿੱਚ ਏਦਾਂ ਨਹੀਂ ਹੁੰਦਾ। ਪੈਸਾ ਮਹਿੰਗੇ ਵਕੀਲ ਖਰੀਦ ਕਦੇ ਵੀ ਪੇਸ਼ ਕਰ ਸਕਦਾ ਹੋਵੇ, ਗਵਾਹ ਡਰਦੇ ਨਹੀਂ ਭੁਗਤਦੇ-ਅਮੀਰ ਨੂੰ ਕਾਨੂੰਨ ਬਚਣ ਦਾ ਰਾਹ ਦਰਸਾ ਦਿੰਦਾ ਹੈ। ਲਗਦਾ ਹੈ ਕਿ ਅਮੀਰ ਨੂੰ ਕਾਨੂੰਨ ਇਹ ਕਹਿੰਦਾ ਹੈ ਜੋ ਮਰਜ਼ੀ ਕਰ ਅਸੀਂ ਤੈਨੂੰ ਬਚਾ ਲਵਾਂਗੇ।

ਏਥੇ ਅਮੀਰ ਲਈ ਕੋਈ ਕਾਨੂੰਨ ਨਹੀਂ ਹੈ, ਉਹ ਹਰ ਦਰਿਆ ਤਰ ਸਕਦਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੋਰੀਂ ਵਧਾਈਆਂ ਦੇ ਰਹੇ ਹਨ ਇੱਕ ਮਹਾਂਭਰਿਸ਼ਟ ਔਰਤ ਨੂੰ-ਵਧਾਈ ਦਾ ਬਿਆਨ ਵੀ ਮੀਡੀਆ ਪੇਸ਼ ਕਰਨ ਲੱਗ ਪਿਆ। ਇਹ ਸਿੱਧ ਹੋ ਚੁੱਕਾ ਲਗਦਾ ਹੈ, ਕਿ ਭ੍ਰਿਸ਼ਟਾਚਾਰ ਦੇ ਵਿਰੋਧ ਦੀਆਂ ਸਿਰਫ਼ ਗੱਲਾਂ ਹੀ ਹਨ, ਭਾਸ਼ਣ ਹੀ ਹਨ, ਨਾ ਕਿਤੇ ਅਮਲ ਹੋਣਾ ਨਾ ਹੀ ਵਿਰੋਧ, ਕਿਸੇ ਸੂਬੇ ਚ ਵੀ ਇਹ ਭਾਂਵੇਂ ਕੇਸ ਸੁਰੂ ਕਰਾ ਕੇ ਦੇਖ ਲੈਣਾ-ਸਾਰੇ ਇਹ ਦੁੱਧ ਧੋਤੇ ਹੀ ਹਨ, ਤੇ ਲੋਕ ਸੇਵਾ ਦੇ ਪੁੰਜ਼-ਲੋਕੋ ਬਚ ਜਾਓ ਇਹਨਾਂ ਤੋਂ ਕਿਸੇ ਤਰ੍ਹਾਂ!!! ਭ੍ਰਿਸ਼ਟਾਚਾਰ ਨੂੰ ਦੇਖਣ ਵਾਲੀ ਅਦਾਲਤ ਨਹੀਂ ਰਹੀ।

# ਚੀਨ ਦਾ ਮੇਰਾ ਦੌਰਾ ਏਸ਼ੀਆ ਲਈ ਨਵਾਂ ਮੀਲ ਦਾ ਪੱਥਰ ਸਾਬਤ ਹੋਵੇਗਾ : ਮੋਦੀ

ਨਵੀਂ ਦਿੱਲੀ- ਸਰਹੱਦ ਮੁੱਦੇ ਅਤੇ ਪਾਕਿਸਤਾਨ ਕਬਜ਼ੇ ਵਾਲੇ ਕਸ਼ਮੀਰ (ਪੀ. ਓ. ਕੇ.) ਵਿਚ ਚੀਨ ਦੀ ਆਧਾਰਭੂਤ ਪ੍ਰਾਜੈਕਟਾਂ ਵਰਗੇ ਪ੍ਰੇਸ਼ਾਨ ਕਰਨ ਵਾਲੇ ਮੁੱਦਿਆਂ ਵਿਚਾਲੇ ਚੀਨ ਦੀ ਆਪਣੀ ਤਿੰਨ ਦਿਨਾਂ ਯਾਤਰਾ 'ਤੇ ਗਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਚੀਨ ਲੀਡਰਸ਼ਿਪ ਨਾਲ ਮੁਲਾਕਾਤ ਮੁਸ਼ਕਲ ਚੁਣੌਤੀ ਹੋਵੇਗੀ, ਹਾਲਾਂਕਿ ਉਮੀਦ ਜ਼ਾਹਰ ਕੀਤੀ ਜਾ ਰਹੀ ਹੈ ਕਿ ਇਹ ਏਸ਼ੀਆ ਲਈ ਨਵਾਂ ਮੀਲ ਦਾ ਪੱਥਰ ਸਾਬਤ ਹੋਵੇਗਾ। ਪ੍ਰਧਾਨ ਮੰਤਰੀ ਦੇ ਤੌਰ 'ਤੇ ਚੀਨ ਦੀ ਆਪਣੀ ਪਹਿਲੀ ਯਾਤਰਾ 'ਤੇ ਜਾ ਰਹੇ ਮੋਦੀ ਇਕ ਸ਼ਿਖਰ ਸੰਮੇਲਨ ਲਈ ਆਮ ਪ੍ਰੋਟੋਕਾਲ ਤੋਂ ਹਟ ਕੇ ਇਕ ਅਸਾਧਾਰਣ ਕਦਮ ਅਧੀਨ ਵੀਰਵਾਰ ਨੂੰ ਰਾਸ਼ਟਰਪਤੀ ਸ਼ੀ ਜਿਪਿੰਗ ਦੇ ਗ੍ਰਹਿ ਸ਼ਹਿਰ, ਪ੍ਰਾਚੀਨ ਸ਼ਹਿਰ ਜਿਯਾਨ ਪਹੁੰਚਣਗੇ। ਪਿਛਲੇ ਸਾਲ ਸਤੰਬਰ ਵਿਚ ਭਾਰਤ ਦੇ ਦੌਰ ਦੌਰਾਨ ਮੋਦੀ ਨੇ ਵੀ ਚੀਨੀ ਨੇਤਾ ਦਾ ਅਹਿਮਦਾਬਾਦ ਵਿਚ ਸਵਾਗਤ ਕੀਤਾ ਸੀ। ਆਪਣੇ ਦੌਰੇ ਦੇ ਪਹਿਲੇ ਪ੍ਰਧਾਨ ਮੰਤਰੀ ਨੇ ਚੀਨੀ ਮੀਡੀਆ ਨੂੰ ਕਿਹਾ ਕਿ ਮੈਂ ਚੀਨ ਦੇ ਆਪਣੇ ਦੌਰੇ ਲਈ ਆਸਵੰਦ ਹਾਂ। 21ਵੀ ਸਦੀ ਏਸ਼ੀਆ ਦੀ ਹੈ। ਹਿੰਦੀ ਵਿਚ ਬੋਲਦੇ ਹੋਏ ਪ੍ਰਧਾਨ ਮਤਰੀ ਨੇ ਉਮੀਦ ਜ਼ਾਹਰ ਕੀਤੀ ਕਿ ਉਨ੍ਹਾਂ ਦੇ ਦੌਰੇ ਨਾਲ ਭਾਰਤ-ਚੀਨ ਦਾ ਸਬੰਧ ਅੱਗੇ ਵਧ ਤਰੱਕੀ ਕਰੇਗਾ ਅਤੇ ਏਸ਼ੀਆ ਅਤੇ ਵਿਕਾਸਸ਼ੀਲ ਦੇਸ਼ਾਂ ਲਈ ਨਵਾਂ ਮੀਲ ਦਾ ਪੱਥਰ ਸਾਬਤ ਹੋਵੇਗਾ।

# ਆਈਪੀਐੈਲ: ਪੰਜਾਬ ਨੇ ਬੰਗਲੌਰ ਪਛਾੜਿਆ

ਮੁਹਾਲੀ- ਮੀਂਹ ਕਾਰਨ 20 ਦੀ ਥਾਂ 10 ਓਵਰਾਂ ਵਿਚ ਸਮੇਟੇ ਆਈ ਪੀ ਐਲ ਮੈਚ ਦੌਰਾਨ ਕਿੰਗਜ਼ ਇਲੈਵਨ ਪੰਜਾਬ ਨੇ ਰੌਇਲ ਚੈਲੇਂਜਰਜ਼ ਬੰਗਲੌਰ ਨੂੰ 22 ਦੌੜਾਂ ਦੇ ਫਰਕ ਨਾਲ ਹਰਾ ਦਿੱਤਾ। ਪੰਜਾਬ ਵੱਲੋਂ ਪਹਿਲਾਂ ਬਣਾਈਆਂ 106 ਦੌੜਾਂ ਦੇ ਜਵਾਬ ਵਿਚ ਬੰਗਲੌਰ ਦੀ ਟੀਮ 84 ਦੌੜਾਂ (6 ਵਿਕਟਾਂ ਦੇ ਨੁਕਸਾਨ 'ਤੇ) ਹੀ ਬਣਾ ਸਕੀ। ਇਸ ਤੋਂ ਪਹਿਲਾਂ ਬੱਲੇਬਾਜ਼ੀ ਕਰਦਿਆਂ ਪੰਜਾਬ ਦੀ ਟੀਮ ਨੇ ਕੁੱਲ 10 ਓਵਰਾਂ ਵਿਚ 6 ਵਿਕਟਾਂ ਗੁਆ ਕੇ 106 ਦੌੜਾਂ ਬਣਾਈਆਂ। ਸਲਾਮੀ ਬੱਲੇਬਾਜ਼ ਸਾਹਾ ਨੇ 12 ਗੇਂਦਾਂ ਖੇਡਦਿਆਂ ਸ਼ਾਨਦਾਰ 31 ਦੌੜਾਂ ਬਣਾਈਆਂ। ਇਸੇ ਤਰ੍ਹਾਂ ਡੇਵਿਡ ਮਿਲਰ ਨੇ 4 ਗੇਂਦਾਂ ਦਾ ਸਾਹਮਣਾ ਕਰਦਿਆਂ 14 ਦੌੜਾਂ ਬਟੋਰ ਲਈਆਂ। ਇਨ੍ਹਾਂ ਤੋਂ ਇਲਾਵਾ ਅਕਸ਼ਰ ਪਟੇਲ ਨੇ 20, ਡੀਏ ਮਿਲਰ ਨੇ 14, ਕਾਰਤਿਕ ਨੇ 13, ਵੋਹਰਾ ਨੇ 11 ਤੇ ਮੈਕਸਵੈੱਲ ਨੇ 10 ਦੌੜਾਂ ਦਾ ਯੋਗਦਾਨ ਪਾਇਆ। ਰੌਇਲ ਚੈਲੇਂਜਰਜ਼ ਬੰਗਲੌਰ ਵੱਲੋਂ ਗੇਂਦਬਾਜ਼ਾਂ ਪਟੇਲ ਤੇ ਚਾਹਲ ਨੇ 2-2 ਅਤੇ ਸਟਾਰਕ ਤੇ ਵੀਜ਼ ਨੇ 1-1 ਵਿਕਟ ਉਖਾੜੀ।

## ਸਾਹਿਤਕ ਪੈੜਾਂ

# ‘ਇਨਕਾਰ’ ਦੀ ਸਿਆਸਤ ਬਨਾਮ ਏਕਲਵਯ



ਅਮਰੀਕਾ ’ਚ ਵੱਸ ਗਏ ਪੰਜਾਬੀ ਸ਼ਾਇਰ ਕਮਲ ਦੇਵ ਪਾਲ ਦਾ ਪਿੱਛਾ ਦੁਆਬੇ ਦੇ ਕੰਢੀ ਖਿੱਤੇ ਦਾ ਹੈ। ਅੰਬਾਂ ਤੇ ਚੋਆਂ ਦੀ ਭਰਮਾਰ ਵਾਲਾ ਇਹ ਸਰਸਬਜ਼ ਖਿੱਤਾ ਆਰਥਿਕ ਪੱਖੋਂ ਪਾਲੇ ਮਾਰਾ ਰਿਹਾ ਹੈ। ਧਰਤੀ ਹੇਠਲੇ ਪਾਣੀ ਦੀ ਘਾਟ ਕਾਰਨ ਇਸ ਖਿੱਤੇ ਦੀ ਖੇਤੀ ਪੰਜਾਬ ਦੇ ਬਾਕੀ ਹਿੱਸਿਆਂ ਨਾਲੋਂ ਪੱਛੜੀ ਰਹੀ। ਸ਼ਿਵਾਲਕ ਪਹਾੜੀਆਂ ਦੇ ਐਨ ਪੈਰਾਂ ਵਿਚ ਸਥਿਤ ਵਿੰਗ-ਵਲੇਂਵੇਦਾਰ ਚੋਆਂ ਵਾਲਾ ਇਹ ਖਿੱਤਾ ਭੂਗੋਲਿਕ ਸੌਂਦਰਯ ਪੱਖੋਂ ਅਤੀ ਖੂਬਸੂਰਤ, ਹਰਿਆ-ਭਰਿਆ ਅਤੇ ਰਮਣੀਕ ਹੈ, ਪਰ ਬਰਸਾਤੀ ਪਾਣੀ (ਮੌਸਮੀ ਸਿੰਚਾਈ) ਅਤੇ ਸਨਾਤਨੀ ਖੇਤੀ ਤਕਨੀਕਾਂ ਉਪਰ ਆਸ਼ਰਿਤ ਰਹਿਣ ਕਰਕੇ ਕੰਢੀ ਦਾ ਇਹ ਖਿੱਤਾ ਆਪਣੇ ਜੰਮੇ-ਜਾਇਆਂ ਨੂੰ ਜ਼ਿੰਦਗੀ ਨੂੰ ਰੱਜ-ਹੰਢਾਉਣ ਜੋਗੇ ਵਸੀਲੇ ਦੇਣ ਤੋਂ ਅਸਮਰੱਥ ਰਿਹਾ। ਕੁਦਰਤੀ ਰਹਿਮਤਾਂ (ਬਰਸਾਤੀ ਚੋਆਂ ਵਾਲੇ ਆਰਜ਼ੀ ਸਿੰਚਾਈ ਪ੍ਰਬੰਧ) ਉਪਰ ਆਸ਼ਰਿਤ ਹੋਣ ਕਰਕੇ ਇਸ ਖਿੱਤੇ ਦੀ ਖੇਤੀ ਆਰਥਿਕਤਾ ਨੇ ਹਰੀ-ਕ੍ਰਾਂਤੀ ਦੇ ਉਹ ਬੁੱਲ੍ਹੇ ਵੀ ਨਾ ਲੁੱਟੇ ਜੋ ਬਾਕੀ ਪੰਜਾਬ ਦੇ ਹਿੱਸੇ ਆਏ। ਗੁਜ਼ਰ-ਬਸਰ ਲਈ ਇੱਥੋਂ ਦੇ ਜੰਮੇ-ਜਾਇਆਂ ਨੂੰ ਦੂਰ-ਦੁਰੇਡੇ ਤੇ ਓਪਰੀਆਂ ਧਰਤੀਆਂ ਵੱਲ ਮੂੰਹ ਕਰਨਾ ਪਿਆ। ਭੂਗੋਲਿਕ ਅਤੇ ਪ੍ਰਕਿਰਤਕ ਸੌਂਦਰਯ ਪੱਖੋਂ ਅਮੀਰ ਪਰ ਮਰੇੜੀ ਆਰਥਿਕਤਾ ਵਾਲੇ ਇਸ ਖਿੱਤੇ ਦੇ ਜਾਇਆਂ ਕੋਲ ਵਡੇਰੇ ਤੇ ਹੁਸੀਨ ਸੁਪਨੇ ਸਨ। ਦੂਰ-ਦੁਰੇਡੇ ਦੀਆਂ ਧਰਤੀਆਂ ਅਤੇ ਓਪਰਿਆਂ ਨਾਲ ਵਾਹ-ਵਾਸਤੇ ਨੇ ਦੁਆਬੀ ਬੰਦੇ ਦੀ ਚੇਤਨਾ ਦੇ ਕਪਾਟ ਵੀ ਖੋਲ੍ਹੇ ਅਤੇ ਉਸਨੂੰ ਆਤਮ-ਵਿਸ਼ਵਾਸ ਵੀ ਬਖਸ਼ਿਆ। ਪਰਵਾਸ ਦੁਆਬੀਏ ਬੰਦੇ ਦੀ ਹੋਂਦ ਤੇ ਹੋਣੀ ਦਾ ਸਬੱਬ ਬਣ ਗਿਆ। ਪਰਵਾਸ ਦੁਆਬੇ ਦੇ ਨੌਜਵਾਨਾਂ ਦੇ ਅਵਚੇਤਨ ਵਿਚ ਕਿੰਨਾ ਡੂੰਘਾ ਲੱਥ ਗਿਆ ਹੈ? ਇਸ ਦਾ ਇਕ ਪ੍ਰਮਾਣ ਦੁਆਬਾ ਖਿੱਤੇ ਦੇ ਘਰਾਂ (ਜਾਂ ਪਾਣੀ ਦੀਆਂ ਟੈਂਕੀਆਂ) ਉਪਰ ਬਣੇ ਉਡਣ-ਖਟੋਲੇ ਹਨ। ਲੰਬੇ ਪਰਵਾਸ ਦੇ ਅਨੁਭਵ ਨੇ ਦੁਆਬੀਏ ਭਾਈਚਾਰੇ ਨੂੰ ਆਰਥਿਕ ਪੱਖੋਂ ਸੁਰੱਖਿਅਤ ਹੀ ਨਹੀਂ ਕੀਤਾ, ਸਗੋਂ ਰਾਜਨੀਤਿਕ ਅਤੇ ਸਮਾਜਿਕ ਪੱਖੋਂ ਵਧੇਰੇ ਚੇਤੰਨ ਕੀਤਾ ਹੈ। ਪਰਵਾਸ ਤੋਂ ਮਿਲੇ ਪਾਰ-ਸਭਿਆਚਾਰਕ ਸੰਵਾਦ ਦੇ ਅਨੁਭਵ ਅਤੇ ਰਾਜਸੀ ਚੇਤਨਤਾ ਕਰਕੇ ਦੁਆਬੇ ਦਾ ਕੰਢੀ ਖਿੱਤਾ ਸਮਾਜਿਕ ਤੇ ਰਾਜਸੀ ਅੰਦੋਲਨਾਂ ਦੀ ਕਰਮ-ਭੂਮੀ ਰਿਹਾ ਹੈ। ਵੀਹਵੀਂ ਸਦੀ ਦੇ ਅਰੰਭਲੇ ਦੌਰ ਦੀ ਕੌਮੀ ਸੁਤੰਤਰਤਾ ਲਹਿਰ ਦਾ ਬੱਬਰ ਅੰਦੋਲਨ ਅਤੇ ਮੰਗੂ ਰਾਮ ਮੁੱਗੋਵਾਲੀਆ ਦੀ ਅਗਵਾਈ ਵਾਲਾ ’ਆਦਿ ਧਰਮ’ ਅੰਦੋਲਨ ਇਸ ਖਿੱਤੇ ਦੇ ਸ਼ਾਨਾਮੱਤੇ ਲੋਕ ਸੰਘਰਸ਼ਾਂ ਦੀ ਦਾਸਤਾਨ ਹੈ। ਪੰਜਾਬ ਦੇ ਬਾਕੀ ਇਲਾਕਿਆਂ ਦੀ ਬਨਿਸਬਤ ਇਹ ਖਿੱਤਾ ਦਲਿਤ ਭਾਈਚਾਰੇ ਦੀ ਵਸੋਂ ਪੱਖੋਂਤਾਦਾਦ ਅਤੇ ਸਮਾਜਿਕ-ਰਾਜਸੀ ਚੇਤਨਾ ਦੀ ਵੀ ਨੁਮਾਇੰਦਗੀ ਕਰਦਾ ਹੈ। ਪੰਜਾਬੀ ਸ਼ਾਇਰ ਕਮਲਦੇਵ ਪਾਲ ਦੀ ਕਵਿਤਾ ਵਿਚ ਪਰਵਾਸ ਦੇ ਅਨੁਭਵ ਦੀਆਂ ਸੂਖਮ ਪਰਤਾਂ ਦੇ ਕਈ ਪਾਸਾਰ ਅਤੇ ਦੁਆਬੇ ਦੇ ਦਲਿਤ ਭਾਈਚਾਰੇ ਦੀ ਅੰਗੜਾਈ ਲੈ ਰਹੀ ਚੇਤਨਤਾ ਦੀ ਗੂੰਜ ਸੁਣਾਈ ਦਿੰਦੀ ਹੈ। ਪਰਵਾਸ ਤੋਂ ਮਿਲੀ ਆਰਥਿਕ ਸੁਰੱਖਿਅਤਾ ਤੇ ਵਿਭਿੰਨਤਾਵਾਂ ’ਚ ਸਮਾਨਤਾ/ ਸਮਨਿਵੈਵਾਦੀ ਚੇਤਨਾ ਅਤੇ ਦਲਿਤ ਅੰਦੋਲਨਾਂ ’ਚੋਂ ਪ੍ਰਾਪਤ ਰਾਜਸੀ ਚੇਤਨਾ ਕਰਕੇ ਦਮਿਤ ਤੇ ਦਲਿਤ ਭਾਈਚਾਰੇ ਅੰਦਰ ਜਾਗੇ ਹੋਏ ਸਵੈਮਾਣ ਦਾ ਚਿੰਨ੍ਹ ਹੈ ਕਮਲ ਦੇਵ ਪਾਲ ਦਾ ਕਾਵਿ-ਸੰਗ੍ਰਹਿ ’ਦਿਨ ਪਰਤ ਆਉਣਗੇ।’

ਕਮਲ ਦੇਵ ਪਾਲ ਅਜਿਹਾ ਸੰਵੇਦਨਸ਼ੀਲ ਸ਼ਾਇਰ ਹੈ, ਜਿਸ ਕੋਲ ’ਵਿਹੜਿਆਂ ’ਚ ਅਣਮਨੁੱਖੀ ਜੀਵਨ ਜਿਊਣ ਲਈ ਬੇਵੱਸ ਦਲਿਤ ਬੰਦੇ ਦਾ ਤਨ ਝਾਗਿਆ ਅਨੁਭਵ ਵੀ ਹੈ ਅਤੇ ਅਮਰੀਕਾ ਵਰਗੇ ਆਰਥਿਕ ਪੱਖੋਂ ਵਿਕਸਿਤ ਦੇਸ਼ ਵਿਚ ਪਦਾਰਥਕ ਸੁੱਖ-ਸਹੂਲਤਾਂ ਦੀ ਚੂਹਾ-ਦੌੜ ਵਿਚ ਪਏ ਪਰਵਾਸੀ ਬੰਦੇ ਦਾ ਆਪਣੀ ਪਛਾਣ ਦੇ ਗੁਆਚਣ ਦਾ ਤੌਖਲਾ ਵੀ। ’ਦਿਨ ਪਰਤ ਆਉਣਗੇ’ ਕਮਲ ਦੇਵ ਪਾਲ ਦਾ ਪਲੇਠਾ ਕਾਵਿ-ਸੰਗ੍ਰਹਿ ਹੈ। ਇਸ ਵਿਚ ਭਾਵੇਂ ਪੱਛਮ ਦੇ ਮਹਾਂਨਗਰੀ ਜੀਵਨ ਵਿਚ ਪਰਵਾਸੀ ਬੰਦੇ ਦੀ ਪਲ ਪਲ ਖੁਰਦੀ ਹੋਂਦ ਬਾਰੇ ਲਘੂ ਆਕਾਰੀ ਨਜ਼ਮਾਂ ਵੀ ਹਨ, ਪਰ ਇਸ ਦੀ ਮੁੱਖ ਸੁਰ ਸਭ ਸੁਖ-ਸਾਧਨਾਂ ਤੋਂ ਵੰਚਿਤ, ਮਾਨਵੀ ਅਧਿਕਾਰਾਂ, ਨਿਆਂ ਤੇ ਸਮਾਜਿਕ ਅਮਲ ’ਚੋਂ ਪੂਰੀ ਤਰ੍ਹਾਂ ਬੇਦਖਲ ਕੀਤੇ ਦਲਿਤ ਭਾਈਚਾਰੇ ਦੇ ਰੋਹ-ਰੋਸ ਨੂੰ ਜ਼ੁਬਾਨ ਦੇਣ ਦੀ ਹੈ। ਇਹ ਕਵਿਤਾ ’ਵਿਹੜਿਆਂ’ ’ਚ ਅਪਮਾਨ ਸਹਿੰਦੀ ਪਰ ਅੰਦਰੇ ਅੰਦਰ ਸਿਗਰਟ ਦੀ ਰਾਖ ਵਾਗ ਧੁਖਦੀ ਦਲਿਤ ਲੋਕਾਈ ਦਾ ਅਲਪ-ਬਿਰਤਾਂਤ ਹੈ। ਮਾਨਵੀ ਸਵੈਮਾਣ ਗੁਆ ਕੇ ਜਿਉਂਦਾ ਬੰਦਾ ਗੂੰਗੀ-ਬੋਲੀ ਭੀੜ ਵਿਚ ਬਦਲ ਜਾਂਦਾ ਹੈ। ਉਸਨੂੰ ਰੇਸ ਕੋਰਸ ਦਾ ਘੋੜਾ ਬਣਾ ਦਿੱਤਾ ਜਾਂਦਾ ਹੈ। ਹਾਕਮ ਜਮਾਤਾਂ ਕਿਰਤੀ ਵਰਗ ਨੂੰ ਉਹਨਾਂ ਦੇ ਹੱਕਾਂ ਤੋਂ ਹੀ ਵਾਂਝਾ ਨਹੀਂ ਕਰਦੀਆਂ, ਸਗੋਂ ਉਹਨਾਂ ਦੇ ਸਵੈਮਾਣ ਨੂੰ ਮਿੱਧ-ਮਸਲ ਕੇ ਅਹਿਸਾਸ ਵਿਹੂਣੇ ਗੁਲਾਮ ਪਸ਼ੂ (ਰੇਸ ਕੋਰਸ ਦਾ ਘੋੜਾ ਜਾਂ ਪਾਲਤੂ ਕੁੱਕੜ) ਬਣਾ ਦਿੰਦੀਆਂ ਹਨ। ਆਪਣੀ ਵਿਚਾਰਧਾਰਕ ਫੁੱਟ ਅਤੇ ਸਭਿਆਚਾਰਕ ਗਲਬੇ ਦੁਆਰਾ ਕੁਲੀਨ ਵਰਗ ਦਮਿਤ ਅਤੇ ਦਲਿਤ ਬੰਦੇ ਨੂੰ ਇਸ ਕਦਰ ਕੀਲ ਲੈਂਦੇ ਹਨ ਕਿ ਉਹ ਹਰ ਤਰ੍ਹਾਂ ਦੇ ਅਪਮਾਨ ਅਤੇ ਜ਼ਿਆਦਤੀ ਨੂੰ ਆਪਣੀ ਹੋਣੀ ਸਮਝ ਕੇ ਸਹਿ ਜਾਂਦਾ ਹੈ, ਇੱਥੋਂ ਤੱਕ ਕਿ ਉਸ ਨੂੰ ਆਪਣੇ ’ਨਜਾਇਜ਼ ਔਲਾਦ’ ਹੋਣ ਦਾ ਮਿਹਣਾ ਵੀ ਪ੍ਰੇਸ਼ਾਨ ਨਹੀਂ ਕਰਦਾ। ਇਸ ਕਾਵਿ-ਸੰਗ੍ਰਹਿ ਦੀਆਂ ਨਜ਼ਮਾਂ- ‘ਬੇਦਾਵਾ, ਹੋਣੀ ਅਤੇ ਸੰਵਾਦ’ ਵਿਚ ਦਲਿਤ ਭਾਈਚਾਰੇ ਦੀ ਸਮਾਜਿਕ ਬੇਦਖਲੀ ਅਤੇ ਉਸਦੇ ਘਾਤਕ ਅਮਾਨਵੀ ਸਿੱਟਿਆਂ ਵੱਲ ਇਸ਼ਾਰਾ ਹੈ। ਕਵੀ ’ਸਵੈਮਾਣ’ ਨਜ਼ਮ ਵਿਚ ਦਲਿਤਾਂ ਦੇ ਦਮਨ ਤੇ ਅਪਮਾਨ ਦੀ ਲੰਬੀ ਇਤਿਹਾਸਕ ਪ੍ਰਕਿਰਿਆ ਨੂੰ ਵੀ ਰੂਪਮਾਨ ਕਰਦਾ ਹੈ ਅਤੇ ਇਸ ਅੰਦਰੇ ਅੰਦਰ ਸੁਖਘਦੇ ਰੋਹ ਤੋਂ ਪੈਦਾ ਹੋਣ ਵਾਲੇ ਸੰਭਾਵੀ ਵਿਸਫੋਟ ਵੱਲ ਵੀ ਸੰਕੇਤ ਕਰਦਾ ਹੈ:




ਬਹੁਤ ਸਦੀਆਂ ਪਹਿਲਾਂ/
ਤੁਸੀਂ ਇਕ ਗਾਲ ਕੱਢੀ
ਸੁਣਨ ਵਾਲਾ ਚੁੱਪ ਰਿਹਾ/
ਤੁਸੀਂ ਬਹੁਤ ਖੁਸ਼ ਹੋਏ।
ਫਿਰ ਵੀ ਉਸ ਬੰਦੇ ਨੇ/
ਜਦੋਂ ਤੁਸੀਂ ਗਾਲ ਕੱਢੀ ਸੀ
ਤੁਹਾਡੇ ਬੁੱਲ੍ਹਾਂ ਦੀ ਹਰਕਤ
/ ਤੁਹਾਡੇ ਚਿਹਰੇ ਦੇ ਹਾਵ
ਭਾਵ
ਆਪਣੇ ਮਨ ਮਸਤਕ
ਵਿਚ/ ਕੈਦ ਕਰ ਲਏ
ਸਨ।
ਸਾਰੀ ਵਿਸ਼ ਸਾਰਾ
ਗੁੱਸਾ/ ਉਹ ਨਿਗਲ
ਗਿਆ
ਜੋ ਪਚਣ ਤੋਂ
ਬਾਅਦ/ ਉਸ ਦੇ
ਖੂਨ ਵਿਚ
ਸਪਾਟ ਦੌੜਦਾ
ਦੌੜਦਾ/ ਉਸ
ਦੀਆਂ ਨਸਲਾਂ
ਦੀਆਂ ਰਗਾਂ
ਵਿਚ/ ਪਰਵੇਸ਼
ਕਰ ਗਿਆ ਤੇ
ਉਹ ਵਿਸ਼, ਉਹ ਗੁੱਸਾ/ ਹੁਣ ਮੇਰੇ ਅੰਦਰ
ਮੇਰੇ ਵਰਗੇ ਅਨੇਕ/ ਲੱਖਾਂ ਕਰੋੜਾਂ ਸਤਾਇਆਂ ਦੇ
ਖੂਨ ਵਿਚ/ ਲਾਵੇ ਵਾਂਗਰ/ ਮਘਣਾ ਹੈ
ਤੇ ਵਿਸਫੋਟ/ ਕਿਸੇ ਵੀ ਪਲ/ ਸੰਭਵ ਹੈ।

ਕਮਲ ਦੇਵ ਪਾਲ ਦੀ ਕਵਿਤਾ ਵਿਚ ਦੁਆਬੇ ਦੇ ਵਿਹੜਿਆਂ ਦੀ ਤ੍ਰਾਸਦਿਕ ਜ਼ਿੰਦਗੀ ਦਾ ਪ੍ਰਮਾਣਿਕ/ ਯਥਾਰਥਿਕ ਚਿੱਤਰ ਹੀ ਨਹੀਂ, ਸਗੋਂ ਉਹਨਾਂ ਅੰਦਰ ਸੁਲਗਦੇ ਵਿਦਰੋਹੀ ਲਾਵੇ ਦੇ ਵਿਸਫੋਟ ਬਣਨ ਦੀ ਸੰਭਾਵਨਾ ਦਾ ਤਰਕ ਵੀ ਸਿਰਜਿਆ ਗਿਆ ਹੈ। ਇਸ ਕਾਵਿ-ਸੰਗ੍ਰਹਿ ਦੀਆਂ ’ਬ੍ਰਹਮ ਪੁੱਤਰ’, ’ਇਨਕਾਰੀ ਹਾਂ’ ਅਤੇ ’ਪਤਾ ਲੱਗੇ’ ਆਦਿ ਨਜ਼ਮਾਂ ਵਿਚ ਸਾਧਨ ਸੰਪਨਾਂ ਵਰਗਾਂ ਦੁਆਰਾ ਕਿਰਤੀ ਵਰਗ ਦੇ ਆਰਥਿਕ ਸ਼ੋਸ਼ਣ ਦਾ ਸਟੀਕ ਚਿੱਤਰ ਵੀ ਮਿਲਦਾ ਹੈ ਅਤੇ ਸੱਤਾ ਸਿਆਸਤ ਦੀਆਂ ਸੂਖਮ ਪਰਤਾਂ ਦਾ ਖੁਲਾਸਾ ਵੀ ਹੋਇਆ ਹੈ, ਜੋ ਕਿਰਤੀ ਵਰਗ ਨੂੰ ਭਰਮਾ ਕੇ ਲੁੱਟ ਤੇ ਹਿੰਸਾ ਦਾ ਅਹਿਸਾਸ ਵੀ ਨਹੀਂ ਹੋਣ ਦਿੰਦੀ। ਆਰਥਿਕ ਸਰੋਤਾਂ ਉਪਰ ਕਾਬਜ਼ ਕੁਲੀਨ ਵਰਗ ਅਤੇ ਦਮਨਕਾਰੀ ਸੱਤਾ ਕਿਰਤੀ/ ਦਲਿਤਾਂ ਦੇ ਹਮਦਰਦ ਹੋਣ ਦਾ ਮਖੌਟਾ ਪਾ ਕੇ ਉਸ ਨੂੰ ਭਰਮਾਉਂਦੇ ਹਨ।

ਇਸੇ ਤਰ੍ਹਾਂ ਧਰਮ ਦੁਆਰਾ ਦਿੱਤੀ ਭਰਮ-ਚੇਤਨਾ ਵੀ ਅਬੋਧ ਕਿਰਤੀ ਵਰਗ ਨੂੰ ਸਥਿਤੀਆਂ ਦੇ ਸੱਚ ਦੀ ਸੋਝੀ ਹੋਣ ਹੀ ਨਹੀਂ ਦਿੰਦੀ। ਪ੍ਰਮਾਣ ਵਜੋਂ ਕੁਝ ਸੱਤਰਾਂ ਦੇਖੀਆਂ ਜਾ ਸਕਦੀਆਂ ਹਨ:

ਅਸੀਂ ਮੈਲੇ ਕੁਚੈਲੇ/ ਚੀਥੜਿਆਂ ’ਚ ਲਪੇਟੇ
ਮਾੜਕੂ ਜੁੱਸੇ/ ਮਹਾਨ ਅਸ਼ੋਕ ਦੀ ਸੰਤਾਨ ਦੀ ਸੰਤਾਨ
ਬ੍ਰਹਿਦਰਥ ਦੇ/ ਕਤਲ ਤੋਂ ਬਾਅਦ
ਪੱਠੇ ਖੋਤਦੀਆਂ ਮਾਵਾਂ/ ਮੱਝਾਂ ਪਾਲਦੀਆਂ
ਪੰਜ ਦਵੰਜੀ/ ਦਿਆਰੇ ਤੇ ਲਈਆਂ
ਸੂਣ ਤੋਂ ਪਹਿਲਾਂ/ ਉਹ ਖੋਲ੍ਹ ਕੇ/ ਤੁਰ ਜਾਂਦੇ
ਕਰਜ਼ੇ ਦੇ ਵਿਆਜ/ ਦੇ ਵਿਆਜ ਵਿਚ

ਬ੍ਰਹਮ-ਪੁੱਤਰ ਸੋਨਾ ਮੰਗਦੇ ਹਨ
ਸਾਥੋਂ ਧਰਤੀ ਦੇ ਜਾਇਆਂ ਤੋਂ
ਕੋਲਾ ਕਿਤੇ ਸਾਡੀਆਂ
ਕੁੱਖਾਂ ਦੀਆਂ ਖਾਣਾਂ ਵਿਚ
ਤਹਿਦਾਰ ਪੇਪੜੀਆਂ ਵਾਂਗ
ਜੰਮਿਆ ਪਿਆ ਹੈ
ਤੇ ਅਸੀਂ ਖਲਾਸੀ ਬਣ ਗਏ ਹਾਂ।
ਗਾਉਣ ਵਾਲੀ ਕੁੜੀ ਨੂੰ/ ਕਾਸ਼-
ਜੇ ਏਨਾ ਪੱਤਾ ਲੱਗੇ/ ਮਿੱਲਾਂ ਦੀ ਗਰਦ
ਬਾਪੂ ਦੀਆਂ ਰਗਾਂ ’ਚੋਂ/ ਵੀਰੇ ਦੀ ਸ਼ਾਹ ਰਗ ਵਿਚ
ਕਿਵੇਂ ਪਹੁੰਚਦੀ ਹੈ?/ ਤੇ ਗੁੜ ਦੀ ਪੱਤ ਉਤੋਂ
ਲਾਹੀ ਮੈਲ/ ਅਤਿ ਜ਼ਰੂਰੀ
ਪੌਸ਼ਟਿਕ ਖੁਰਾਕ/ ਕਿਵੇਂ ਬਣਦੀ ਹੈ?

ਕਮਲ ਦੇਵ ਪਾਲ ਦੀ ਕਵਿਤਾ ਦਾ ਕੇਂਦਰੀ ਪਾਤਰ ਅਬੋਧ ਕਿਰਤੀ ਨਹੀਂ, ਜੋ ਅਮਾਨਵੀ ਸਥਿਤੀਆਂ ਨੂੰ ਹੋਣੀ ਦਾ ਫ਼ਲ ਮੰਨ ਲਵੇ, ਨਾ ਹੀ ਉਹ ਮੱਧਵਰਗੀ ਬੁੱਧੀਜੀਵੀ ਵਰਗਾ ਰੋਂਦੂ ਹੈ। ਉਹ ਆਪਣੀ ਮੌਜੂਦਾ ਤ੍ਰਾਸਦਿਕ ਸਥਿਤੀ ਦੇ ਵਿਵੇਕ ਨੂੰ ਸਮਝਣ ਵਾਲਾ ਚੇਤੰਨ ਮਨੁੱਖ ਹੈ, ਜੋ ਇਕ ਵੇਲੇ ਸਨਾਤਨੀ ਧਰਮ ਚੇਤਨਾ (ਵੇਦ ਕਤੇਬੀ ਰੀਤ) ਮਨੂੰਵਾਦੀ ਵਰਣ-ਪ੍ਰਥਾ, ਦਲਿਤਾਂ ਨੂੰ ਨਿੱਕੀਆਂ ਮੋਟੀਆਂ ਰਿਆਇਤਾਂ ਦਾ ਰੂੰਘਾ ਦੇ ਕੇ ਪ੍ਰਚਾਉਣ/ ਵਰਚਾਉਣ ਵਾਲੀ ਬੁਰਜੂਆ ਸਿਆਸਤ, ਕਥਿਤ ਦਲਿਤ ਪੱਖੀ ਰਾਜਸੀ- ਸਮਾਜਿਕ ਸੰਗਠਨਾਂ ਅਤੇ ਸਥਾਪਤ ਸੱਤਾ ਸਿਆਸਤ ਦੇ ਸਭਿਆਚਾਰਕ ਗਲਬੇ ਦੀ ਮਾਰ ਹੇਠ ਆਏ, ਦਲਿਤ ਭਾਈਚਾਰੇ ਨਾਲ ਸੰਵਾਦ ਰਚਾਉਂਦਾ ਹੈ। ਬੁਰਜੂਆ ਸੱਤਾ ਸਿਆਸਤ ਅਤੇ ਮਨੂੰਵਾਦੀ ਸਭਿਆਚਾਰਕ ਮੁੱਲਾਂ ਦਾ ਹੱਥਲ ਕੀਤਾ ਇਹ ਦਲਿਤ ਬੰਦਾ ਸਥਾਪਤੀ ਦੇ ਹਰ ਫ਼ਤਵੇ ਤੋਂ ਇਨਕਾਰੀ ਹੈ। ਉਸ ਦੀ ਮੁਦਰਾ ਰੋਸ ਦੀ ਨਹੀਂ ਸਗੋਂ ਨਾਬਰੀ ਦੀ ਹੈ। ਕਮਲ ਦੇਵ ਪਾਲ ਦੀ ਕਵਿਤਾ ਦਮਨਕਾਰੀ ਸਥਾਪਤੀ ਦੁਆਰਾ ਅੱਕਲਕਾਂਦ ਮਨੂੰਵਾਦੀ ਪ੍ਰਥਾ ਅਤੇ ਮੌਜੂਦਾ ਬੁਰਜੂਆ ਸਿਆਸਤ ਦੇ ਕਪਟ ਨੂੰ ਪਛਾਣਦਾ ਹੀ ਨਹੀਂ, ਸਗੋਂ ਕੁਫ਼ਰ ਕਹਿੰਦਾ ਹੈ:

ਤੁਹਾਨੂੰ ਮੁਬਾਰਕ ਹੈ/ ਫ਼ਲ ਰਹਿਤ ਕਰਮ
ਅਗਲਾ ਜਨਮ/ ਉਸ ਦੇ ਉਪਦੇਸ਼ਾਂ ’ਚ
ਭਰਾ ਮਾਰੂ ਜੰਗ/ ਜੇ ਛਲਾਵਾ ਨਹੀਂ
ਤਾਂ ਕਪਟ ਜ਼ਰੂਰ ਹੈ/ ਉਪਦੇਸ਼ ਤਾਂ ਰੋਜ਼ ਹੁੰਦੇ ਹਨ
ਦੰਭ ਕੁਜਾਤਾਂ ਦੇ/ ਨੀਚੋਂ ਉਚ ਜਾਤਾਂ ਦੇ।

ਕਮਲ ਦੇਵ ਪਾਲ ਦੇ ਕਾਵਿ-ਪਾਤਰ ਕੋਲ ਮੌਜੂਦਾ ਪ੍ਰਸਥਿਤੀਆਂ ਦੀ ਵਾਸਤਵਿਕਤਾ ਦਾ ਬੋਧ ਵੀ ਹੈ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਦਾ ਸੁਪਨਾ ਵੀ। ਇਹ ਚੇਤੰਨ ਭੀਲ-ਪੁੱਤਰ ਦਮਨਕਾਰੀ ਹਿੰਸਕ ਵਿਵਸਥਾ ਨਾਲ ਭਿੜ ਜਾਣ ਲਈ ਤੱਤਪਰ ਵੀ ਹੈ-

ਸਾਡੇ ਵਿਹੜਿਆਂ ਵਿਚ/ ਅਜੇ ਲਾਅਨ ਨਹੀਂ ਹੁੰਦੇ
ਅਤੇ ਨਾ ਹੀ/ ਰਾਜ ਭਵਨਾਂ ਦੀਆਂ/ ਕਿਆਰੀ ਵਰਗੇ ਫੁੱਲ
ਸਾਡੇ ਵਿਹੜਿਆਂ ਵਿਚ/ ਮਸਾਂ ਮੰਜੇ ਡੱਠਦੇ ਹਨ।
ਦਿਨ ਪਰਤ ਆਉਣਗੇ/ ਲਾਅਨ ਸਿਰਫ
ਰਾਜ ਭਵਨਾਂ ਵਿਚ ਹੀ ਨਹੀਂ/ ਸਾਡੇ ਘਰਾਂ ਦੇ
ਵਿਹੜਿਆਂ ਵਿਚ ਵੀ ਹੋਣਗੇ।

ਅਸੀਂ ਹੱਥਾਂ ਨੂੰ/ ਫੌਲਾਦ ਵਿਚ/ ਬਦਲ ਰਹੇ ਹਾਂ।
ਦਿਮਾਗਾਂ ਵਿਚ/ ਰੌਸ਼ਨੀ ਦੇ/ ਜੁਗਨੂੰ ਭਰ ਰਹੇ ਹਾਂ
ਮੁਰਦਾ ਜੁੱਸਿਆਂ ਵਿਚ/ ਅਣਖ ਦੇ ਬੀਅ/ ਬੀਜ ਰਹੇ ਹਾਂ
ਅਸੀਂ ਸੋਚਦੇ ਹਾਂ/ ਲੜਨ ਤੋਂ ਬਿਨਾ ਜੀਵਨ/ ਕਬਰਾਂ ਦੀ
ਚੁੱਪ ਹੁੰਦਾ ਹੈ।

ਕਮਲ ਦੇਵ ਪਾਲ ਸਮਕਾਲੀ ਦਲਿਤ ਪੰਜਾਬੀ ਕਵਿਤਾ ਦੀ ਪੈੜ ਵਿਚ ਪੈੜ ਨਹੀਂ ਧਰਦਾ। ਉਹ ਆਰਥਿਕ ਵਿਤਕਰੇ ਤੇ ਸਮਾਜਿਕ ਬੇਦਖਲੀ ਦਾ ਡੰਗ ਸਹਿੰਦੇ ਦਲਿਤ ਭਾਈਚਾਰੇ ਨੂੰ ਕਰੁਣਾ-ਜਾਚਨਾ ਦਾ ਪਾਤਰ ਨਹੀਂ ਬਣਾਉਂਦਾ। ਮਨੂੰਵਾਦੀ ਵਰਣ-ਪ੍ਰਥਾ ਦੀਆਂ ਲੁਕਵੀਆਂ ਤੇ ਸੂਖਮ ਪਰਤਾਂ ਨੇ ਕਿਵੇਂ ਦਲਿਤ ਮਨੁੱਖ ਦੇ ਸਵੈਮਾਣ ਨੂੰ ਘੁਣ ਵਾਂਗ ਖਾਧਾ ਹੈ, ਉਹ ਇਸਦਾ ਖੁਲਸਾ ਹੀ ਨਹੀਂ ਕਰਦਾ, ਸਗੋਂ ਬ੍ਰਾਹਮਣਵਾਦੀ ਸੱਤਾ ਦੀ ਹਿੰਸਾ ਨੂੰ ’ਹਿੰਸਕ ਭਾਸ਼ਾ’ ਵਿਚ ਚੁਣੌਤੀ ਦਿੰਦਾ ਹੈ। ਉਹ ਸਦੀਆਂ ਤੋਂ ਆਰਥਿਕ ਵਿਤਕਰੇ ਸਹਿੰਦੇ, ਆਪਣੇ ਮਾਨਵੀ



ਗੌਰਵ ਗੁਆ ਕੇ ਸਮਾਜਿਕ ਜੀਵਨ ’ਚੋਂ, ਬੇਦਖਲ ਕੀਤੇ ਜਾਣ ਅਤੇ ਨਿਮਨ-ਜਾਤੀ ਅਪਮਾਨ ਦਾ ਸ਼ਿਕਾਰ ਬਣੇ ਦਲਿਤ ਭਾਈਚਾਰੇ ਦੀ ਚੇਤਨਾ ਵਿਚ ਸੁਲਘਦੇ ਰੋਹ ਨੂੰ ਰੇਖਾਂਕਿਤ ਵੀ ਕਰਦਾ ਹੈ ਅਤੇ ਉਸਦੇ ਸੁਹਜ-ਸੁਆਦ ਦੇ ਨੁਕਤਾ ਨਿਗਾਹ ਤੋਂ ਨਵੇਂ ਕਾਵਿ-ਸ਼ਾਸਤਰ ਦਾ ਨਿਰਮਾਣ ਵੀ ਕਰਦਾ ਹੈ।

ਮਾਯੂਸੀ ਦੇ ਪਲਾਂ ਵਿਚ/ ਅਕਸਰ ਏਦਾਂ ਹੁੰਦਾ ਹੈ
ਰੰਗਾਂ ਦੀ ਪਹਿਚਾਣ ਗੁਆਚ ਜਾਂਦੀ ਹੈ/ ਇੰਦਰ ਧਨੁਸ਼
ਇਕਲਵਿਆ ਤੋਂ ਖੋਹਿਆ ਤਰਕਸ਼ ਲਗਦਾ ਹੈ
ਪਰ ਸ਼ੰਭੂਕ ਰਿਸ਼ੀ ਦਾ ਸੀਸ/ ਹੁਣ ਹਾਜ਼ਿਰ ਨਹੀਂ ਹੁੰਦਾ
ਜੇ ਹੁੰਦਾ ਹੈ ਤਾਂ ਬੱਸ ਇਕ ਯੋਧਾ
ਕਲਮ/ ਕੋਰੇ ਕਾਗਜ਼ਾਂ ’ਤੇ
ਹਥਿਆਰਾਂ ਦੇ ਨਕਸ਼ ਉਕਰਦੀ ਹੈ
ਕਲਮ ਕਵਿਤਾ ਨਹੀਂ ਲਿਖਦੀ।

ਵਿਤਕਰਾ, ਅਪਮਾਨ, ਦਮਨ ਅਤੇ ਬਹੁ-ਪਰਤੀ ਹਿੰਸਾ ਸਹਿੰਦੇ ਮਨੁੱਖੀ ਸਮੂਹਾਂ ਨੂੰ ਰਤੀ ਭਾਵਨਾ ਨਾਲ ਲਬੋ ਲਬ ਭਰੀ ਸੂਈ-ਮੂਈ ਕੋਮਲਤਾ ਵਾਲੀ ਕੁਲੀਨ ਭਾਸ਼ਾ ਹੁਲਾਸ ਨਹੀਂ ਦਿੰਦੀ। ਸੱਤਾ ਤੇ ਸਥਾਪਨਾਵਾਦੀ ਸੰਸਥਾਵਾਂ ਦੇ ਦਮਨ ਤੇ ਹਿੰਸਾ ਦੁਆਰਾ ਅਕੱਲਕਾਂਦ ਕੀਤਾ ਦਲਿਤ ਭਾਈਚਾਰਾ ਹਿੰਸਾ ਦੀ ਭਾਸ਼ਾ ਹੀ ਸਮਝਦਾ ਹੈ।

ਮਿੱਧੇ-ਮਸਲੇ ਸਵੈਮਾਣ ਵਾਲੇ ਮਨੁੱਖ ਨੂੰ ਪ੍ਰਤਿ-ਹਿੰਸਾ ਹੀ ਆਪਣੇ ਮੁਕਤੀ ਦਾ ਸਾਧਨ ਨੱਗਦੀ ਹੈ। ਇਊਂ ਪ੍ਰਤਿਹਿੰਸਾ ਦਾ ਵਿਕਲਪਿਕ ਸਿਧਾਂਤ ਵਕਤੀ ਉਬਾਲ ਨਹੀਂ, ਦਲਿਤ ਭਾਈਚਾਰੇ ਲਈ ਆਪਣੀ ਹੋਂਦ ਤੇ ਗੌਰਵ ਦੀ ਬਹਾਲੀ ਦਾ ਸਾਧਨ ਬਣ ਜਾਂਦਾ ਹੈ। ਇਸੇ ਕਰਕੇ ਕਮਲ ਦੇਵ ਪਾਲ ਦੀ ਕਵਿਤਾ ਵਿਚ ਪ੍ਰਤੀ-ਹਿੰਸਾ ਦਲਿਤ ਭਾਈਚਾਰੇ ਦੀ ਗੁਆਚੀ ਹੋਈ ਮਾਨਵੀ ਪਹਿਚਾਣ ਦਾ ਮਾਨਵਕਾਰੀ ਸਿਧਾਂਤ ਹੋ ਨਿੱਬੜਦੀ ਹੈ। ਪ੍ਰਮਾਣ ਵਜੋਂ ਉਸਦੀਆਂ ’ਪੁਸ਼ਤਾਂ ਦੀਏ ਕੰਜਕੇ’, ’ਸਵੈਮਾਣ’, ’ਅਹਿਸਾਸ’, ’ਫੈਸਲਾ’ ਅਤੇ ’ਸੇਵਾ ਵਿਚ’ ਆਦਿ ਨਜ਼ਮਾਂ ਪੜ੍ਹੀਆਂ ਜਾ ਸਕਦੀਆਂ ਹਨ। ਕੁਝ ਸੱਤਰਾਂ ਹਾਜ਼ਰ ਹਨ:

ਸਾਨੂੰ ਭਲੀ ਭਾਂਤ ਪਤਾ ਹੈ/ ਚੁੱਲੇ ’ਚ ਝੁਲਕਾ ਲਾਉਣ ਤੋਂ
ਕਣਕ ਦੀ ਸੱਥਰੀ ਵੱਢਣ ਤੱਕ/ ਹਿੰਸਾ ਸਤ ਹੈ
ਹਿੰਸਾ ਸੁਭਾਵਿਕ ਹੈ/ ਤੇ ਅਸੀਂ ਹੁਣ
ਗੁੱਸਾ ਕਰ ਸਕਦੇ ਹਾਂ/ ਅਸੀਂ ਖਿਝ ਸਕਦੇ ਹਾਂ
ਅਸੀਂ ਭੜਕ ਸਕਦੇ ਹਾਂ/ ਅਸੀਂ ਲੜ ਸਕਦੇ ਹਾਂ।
ਕਿਉਂ ਨਾ ਫਿਰ/ ਲੋਕਾਂ ਨੂੰ ਦੱਸ ਦਈਏ
ਹਰ ਹਾਲ ਜਦ/ ਤੁਸੀਂ ਹੀ ਮਰਨਾ ਹੈ
ਤਾਂ ਆਪਣੀਆਂ/ ਰਫਲਾਂ ਦੀ ਸਫਾਈ
ਹੁਣੇ ਸ਼ੁਰੂ ਕੀਤੀ ਜਾਵੇ/ ਨਿਸ਼ਾਨੇ ਦਾ ਤਜਰਬਾ
ਕਾਗਜ਼ ਦੇ ਟਾਰਗਟਾਂ ਤੇ ਨਹੀਂ
ਚਗਲਾਂ ਤੇ ਦਿਮਾਗਾਂ ਵੱਲ/ ਸੇਧ ਦਿੱਤਾ ਜਾਵੇ।

ਦਲਿਤ ਅਸਮਿਤਾ ਅਤੇ ਦਲਿਤ ਮੁਕਤੀ ਬਾਰੇ ਚੱਲ ਰਹੇ ਸੰਵਾਦ ਵਿਚ ਇਹ ਕਵਿਤਾ ਅਸਲੋਂ ਨਵੇਂ ਪਾਸਾਰ ਪੈਦਾ ਕਰ ਰਹੀ ਹੈ।

ਇਹ ਸਾਨੂੰ ਹਾਸ਼ੀਆਗਤ ਸਮੂਹਾਂ ਦੀ ਪਹਿਚਾਣ ਬਾਰੇ ਮੁੜ ਤੋਂ ਸੋਚਣ ਲਈ ਪ੍ਰੇਰਿਤ ਕਰਦੀ ਹੈ। ਇਸ ਨਵੀਂ ਨਕੋਰ ਭਾਸ਼ਕ ਆਭਾ ਵਾਲੇ ਕਾਵਿ-ਸੰਗ੍ਰਹਿ ਨੂੰ ਜੀ ਆਇਆਂ ਕਹਿਣਾ ਬਣਦਾ ਹੈ।

**ਡਾ. ਸੁਖਦੇਵ ਸਿੰਘ ਸਿਰਸਾ**
**ਪ੍ਰੋਫੈਸਰ, ਪੰਜਾਬੀ ਯੂਨੀ: ਚੰਡੀਗੜ੍ਹ।**

## ਕਮਲ ਦੇਵ ਪਾਲ ਦੀ ਇਕ ਰਚਨਾ

### ਸਵੈਮਾਣ

ਬਹੁਤ ਸਦੀਆਂ ਪਹਿਲਾਂ
ਤੁਸੀਂ ਇਕ ਗਾਲ ਕੱਢੀ
ਸੁਣਨ ਵਾਲਾ ਚੁੱਪ ਰਿਹਾ,
ਤੁਸੀਂ ਬਹੁਤ ਖੁਸ਼ ਹੋਏ
ਉਸ ਦੇ ਬਰਦਾਸ਼ਤ ਕਰਨ ਦੀ
ਸੀਮਾ ਤੀਕਰ।
ਦਰਅਸਲ-
ਤੁਸੀਂ ਭੁੱਲ ਗਏ
ਤੁਸੀਂ ਖੁਦ
ਆਪ ਹੀ ਤਾਂ
ਉਸ ਦੇ ਕੰਨਾਂ ਵਿਚ
ਪਿਘਲਦਾ ਹੋਇਆ
ਸਿੱਕਾ ਪਾਇਆ ਸੀ।
ਤਾਂ ਕਿ ਉਹ
ਕੁਝ ਵੀ ਸੁਣ ਨਾ ਸਕੇ
ਤੇ ਤੁਸੀਂ
ਵੇਦਾਂ, ਸ਼ਾਸਤਰਾਂ,
ਸਿਮਰਤੀਆਂ ਦੇ
ਮੰਤਰ ਬੇਰੋਕ
ਪੜ੍ਹੀ ਜਾਵੋ
ਉਸ ਬੰਦੇ ਨੂੰ
ਗੁਲਾਮ ਰੱਖਣ ਦੇ
ਨਵੇਂ ਨਵੇਂ ਢੰਗ
ਰਚੀ ਜਾਵੋ।
ਫਿਰ ਵੀ ਉਸ ਬੰਦੇ ਨੇ
ਜਦੋਂ ਤੁਸੀਂ ਗਾਲ ਕੱਢੀ ਸੀ
ਤੁਹਾਡੇ ਬੁੱਲ੍ਹਾਂ ਦੀ ਹਰਕਤ
ਤੁਹਾਡੇ ਚਿਹਰੇ ਦੇ ਹਾਵ ਭਾਵ
ਆਪਣੇ ਮਨ ਮਸਤਕ ਵਿਚ
ਕੈਦ ਕਰ ਲਏ ਸਨ।
ਪਰ ਉਸ ਨੇ-
ਆਪਣੇ ਚਿਹਰੇ ਉਤੇ
ਪ੍ਰਗਟ ਨਾ ਹੋਣ ਦਿੱਤੇ
ਸਾਰੀ ਵਿਸ਼, ਸਾਰਾ ਗੁੱਸਾ
ਉਹ ਨਿਗਲ ਗਿਆ
ਜੋ ਪਚਣ ਤੋਂ ਬਾਅਦ
ਉਸਦੇ ਖੂਨ ਵਿਚ
ਸਪਾਟ ਦੌੜਦਾ ਦੌੜਦਾ
ਉਸ ਦੀਆਂ ਨਸਲਾਂ
ਦੀਆਂ ਰਗਾਂ ਵਿਚ
ਪਰਵੇਸ਼ ਕਰ ਗਿਆ ਹੈ।
ਉਹ ਵਿਸ਼, ਉਹ ਗੁੱਸਾ
ਹੁਣ ਮੇਰੇ ਅੰਦਰ
ਪ੍ਰਗਟ ਹੋ ਚੱਲਾ ਹੈ
ਮੇਰੇ ਵਰਗੇ ਅਨੇਕ
ਲੱਖਾਂ ਕਰੋੜਾਂ
ਸਤਾਇਆਂ ਦੇ
ਖੂਨ ਵਿਚ
ਲਾਵੇ ਵਾਂਗਰ
ਮਘਣਾ ਹੈ
ਤੇ ਵਿਸਫੋਟ
ਕਿਸੇ ਵੀ ਪਲ
ਸੰਭਵ ਹੈ।

# ਬਾਬਾ ਸੋਹਣ ਸਿੰਘ ਭਕਨਾ

## (4 ਜਨਵਰੀ 1870 ਤੋਂ 20 ਦਸੰਬਰ 1968)

ਗਦਰ ਪਾਰਟੀ ਦੇ ਮੁਖੀ ਅਤੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਜਿਹਨਾਂ ਨੇ ਸੈਂਕੜੇ ਯੋਧਿਆਂ ਦੇ ਮਨਾਂ ਵਿਚ ਦੇਸ਼ ਭਗਤੀ ਦਾ ਬੀਜ ਬੀਜਿਆ ਅਤੇ ਇਸ ਨੂੰ ਅੱਗੇ ਵਧਾਇਆ। ਬਾਬਾ ਸੋਹਨ ਸਿੰਘ ਭਕਨਾ ਦਾ ਨੌਜਵਾਨਾਂ ਨੂੰ ਸੰਦੇਸ਼ ਪ੍ਰੋਫੈਸਰ ਮਾਲਵਿੰਦਰ ਸਿੰਘ ਦੁਆਰਾ ਭੇਜੀ ਪੁਸਤਕ ਹਾਲ ਹੀ ਵਿਚ ਮੈਨੂੰ ਮਿਲੀ। ਬਾਬਾ ਸੋਹਣ ਸਿੰਘ ਭਕਨਾ ਦਾ ਜੀਵਨ ਸੰਘਰਸ਼ ਭਰਿਆ ਅਤੇ ਆਮ ਸਧਾਰਨ ਪਰਿਵਾਰ ਨਾਲ ਸਬੰਧਤ ਹੋਣ ਕਾਰਨ ਉਹਨਾਂ ਨੇ ਬਚਪਨ ਤੋਂ ਅਖੀਰ ਤੱਕ ਜੂਝਣ ਦਾ ਤਜਰਬਾ ਹੀ ਹਾਸਲ ਕੀਤਾ। ਬਚਪਨ ਤੋਂ ਅਖੀਰ ਤਕ ਜੂਝਣ ਦਾ ਤਜਰਬਾ ਹੀ ਹਾਸਿਲ ਕੀਤਾ। ਚੜ੍ਹਦੀ ਜਵਾਨੀ ਵੇਲੇ ਹੀ ਓਹ ਮੁਹਾਵੇ ਵਾਲੇ ਨਾਮਧਾਰੀ ਇਨਕਲਾਬੀ ਬਾਬਾ ਕੇਸਰ ਹੁਰਾਂ ਦੀ ਸੰਗਤ ਸਦਕਾ ਹੀ ਏਧਰ ਤੁਰੇ ਅਤੇ ਫਿਰ ਅਮਰੀਕਾ ਸੀ ਜਾਂ ਹਿੰਦੁਸਤਾਨ ਓਹਨਾਂ ਨੇ ਪਿਛੇ ਮੁੜ ਕੇ ਨਾ ਵੇਖਿਆ।



1914 ਵਿਚ **'ਕਾਮਾ ਗਾਟਾ ਮਾਰੂ'** ਜਹਾਜ਼ ਭਾਰਤ ਮੁੜਣ ਦੌਰਾਨ ਬਾਬਾ ਭਕਨਾ ਦੀ ਅਗਵਾਈ ਹੇਠ ਪਹੁੰਚੇ ਬਹੁਤ ਸਾਰੇ ਗਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹੋਰ ਸਾਥੀਆਂ ਨਾਲ ਓਹਨਾਂ ਨੂੰ ਵੀ ਫਾਂਸੀ ਦੀ ਸਜ਼ਾ ਹੋਈ ਜੋ ਬਾਅਦ ਵਿਚ ਉਮਰ-ਕੈਦ ਵਿਚ ਵਟ ਗਈ ਅਤੇ ਓਹ ਕਾਲੇਪਾਣਿਆਂ ਦੀ ਨਰਕੀ ਸੈਲੂਲਰ ਜੇਲ੍ਹ ਵਿਚ ਬੰਦ ਕਰ ਦਿੱਤੇ ਗਏ । ਅਗੋਂ ਜੋ ਓਹਨਾਂ ਅਤੇ ਓਹਨਾਂ ਦੇ ਸਾਥੀਆਂ ਤੇ ਬਣੀਆਂ ਓਹ ਹੁਣ ਇਤਿਹਾਸ ਹੈ, ਜੋ ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ ਹੁਰਾਂ ਵਲੋਂ ਬਾਬਾ ਜੀ ਬਾਰੇ ਸੰਪਾਦਿਤ ਪੁਸਤਕ "ਜੀਵਨ ਸੰਗਰਾਮ" ਵਿਚੋਂ ਲੜੀਵਾਰ ਲੇਖ **ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ'** ਵਿਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ!

**– ਪਸ਼ੌਰਾ ਸਿੰਘ ਢਿੱਲੋਂ** (1-559-708-4399)

### ਜੀਵਨ ਸੰਗਰਾਮ
### (ਭਾਗ ਦੂਜਾ)
### 19. ਜਲ੍ਹਿਆਂਵਾਲੇ ਬਾਗ ਵਿਚ ਮਰਨ ਵਰਤ

ਜਿਵੇਂ ਦੱਸਿਆ ਜਾ ਚੁੱਕਾ ਹੈ ਕਿ ਕਿਵੇਂ ਲੰਮੇ ਸੰਘਰਸ਼ ਪਿੱਛੋਂ ਅਸੀਂ ਅੰਡੇਮਾਨ ਤੁੜਾਉਣ ਤੇ ਹਜ਼ਾਰਾਂ ਸਾਥੀਆਂ ਦੀਆਂ ਜਾਨਾਂ ਬਚਾਉਣ ਵਿਚ ਸਫਲ ਹੋਏ ਪਰ 1939 ਵਿਚ ਸਰਕਾਰ ਨੇ ਕੁਝ ਦੇਸ਼ ਭਗਤਾਂ ਨੂੰ ਫਿਰ ਕਾਲੇਪਾਣੀ ਭੇਜ ਦਿੱਤਾ। ਭਾਈ ਗੁਰਮੁਖ ਸਿੰਘ, ਧੰਨਵੰਤਰੀ ਤੇ ਹੋਰ ਦੇਸ਼ ਭਗਤਾਂ ਨੇ ਦੁਬਾਰਾ ਅੰਡੇਮਾਨ ਭੇਜੇ ਜਾਣ ਵਿਰੁੱਧ ਭੁੱਖ ਹੜਤਾਲ ਕੀਤੀ। ਜਦ ਇਸ ਭੁੱਖ ਹੜਤਾਲ ਦੀ ਖ਼ਬਰ ਅਖ਼ਬਾਰਾਂ ਵਿਚ ਨਿਕਲੀ ਤਾਂ ਇਸ ਸਿਲਸਿਲੇ ਵਿਚ ਮੈਂ ਜਲ੍ਹਿਆਂਵਾਲੇ ਬਾਗ ਵਿਚ ਇਕ ਜਲਸਾ ਰਖਵਾਇਆ ਪਰ ਇਸ ਵਿਚ ਸ਼ਹਿਰ ਵਾਲਿਆਂ ਦੀ ਹਾਜ਼ਰੀ ਬਹੁਤ ਘੱਟ ਹੋਈ। ਇਸ ਲਈ ਮੈਂ ਜਲ੍ਹਿਆਂ ਵਾਲੇ ਬਾਗ ਦੀ ਸਟੇਜ ਤੇ ਭੁੱਖ ਹੜਤਾਲ ਦਾ ਐਲਾਨ ਕਰ ਦਿੱਤਾ। ਮੈਂ ਉਸ ਵੇਲੇ ਤੱਕ ਭੁੱਖ ਹੜਤਾਲ ਤੇ ਪਿਆ ਰਿਹਾ, ਜਦ ਤੱਕ ਅੰਡੇਮਾਨ ਵਾਲਿਆਂ ਦੇ ਭੁੱਖ ਹੜਤਾਲ ਛੱਡਣ ਦੀ ਖ਼ਬਰ ਅਖ਼ਬਾਰਾਂ ਵਿਚ ਨਾ ਆਈ। ਇਸ ਭੁੱਖ ਹੜਤਾਲ ਸਮੇਂ ਮੇਰੇ ਪਰਮ ਮਿੱਤਰ ਨਿਰੰਜਨ ਸਿੰਘ (ਮਾਸਟਰ ਤਾਰਾ ਸਿੰਘ ਦੇ ਛੋਟੇ ਭਰਾ ਜੋ ਪਿੱਛੋਂ ਸਿੱਖ ਨੈਸ਼ਨਲ ਕਾਲਜ ਦੇ ਪ੍ਰਿੰਸੀਪਲ ਰਹੇ) ਅਤੇ ਪ੍ਰੋ: ਬ੍ਰਿਜ ਨਰਾਇਣ ਮੇਰੇ ਕੋਲ ਸਨ। ਜਦ ਮੇਰੀ ਹਾਲਤ ਨਾਜ਼ੁਕ ਹੋ ਗਈ ਤਾਂ ਬ੍ਰਿਜ ਨਾਰਾਇਣ ਮੇਰੇ ਕੋਲ ਸਿਰਹਾਣੇ ਬੈਠੇ ਸਨ ਤੇ ਨਿਰੰਜਨ ਸਿੰਘ ਹੋਰੀਂ ਤਲੀਆਂ ਝੱਸ ਰਹੇ ਸਨ। ਅਫਸੋਸ ਕਿ ਬ੍ਰਿਜ ਨਾਰਾਇਣ ਵਰਗਾ ਆਦਮੀ ਗੜਬੜ (1947) ਦੇ ਲੇਖੇ ਲੱਗ ਗਿਆ। ਖ਼ਬਰ ਸਾਫ ਹੋਣ ਤੇ ਮੈਂ ਇਹ ਭੁੱਖ ਹੜਤਾਲ ਛੱਡ ਦਿੱਤੀ। ਇਹ ਮੇਰੀ ਛੇਵੀਂ ਭੁੱਖ ਹੜਤਾਲ ਸੀ।

ਅੰਡੇਮਾਨ ਜੇਲ੍ਹ ਤੇ ਜਲ੍ਹਿਆਂ ਵਾਲੇ ਬਾਗ ਵਿਚ ਰੱਖੇ ਮਰਨ ਵਰਤਾਂ ਦੇ ਤਜਰਬੇ ਵਜੋਂ ਮੈਂ ਕਹਿ ਸਕਦਾ ਹਾਂ ਕਿ ਜਿਸ ਵਕਤ ਅਖੀਰ ਦੀ ਹਾਲਤ ਹੁੰਦੀ ਹੈ ਤਾਂ ਇਉਂ ਲੱਗਦਾ ਹੈ ਕਿ ਆਦਮੀ ਆਰਾਮ ਦੀ ਨੀਂਦ ਸੌਂ ਰਿਹਾ ਹੈ। ਇਕ ਮਸਤੀ ਜਿਹੀ ਚੜ੍ਹ ਜਾਂਦੀ ਹੈ, ਸਵਾਸਾਂ ਵਿਚੋਂ ਖੁਸ਼ਬੋਈ ਜਿਹੀ ਆਣ ਲੱਗਦੀ ਹੈ ਤੇ ਬਾਹਰ ਦੀਆਂ ਆਵਾਜ਼ਾਂ ਪੋਲੇ ਪੋਲੇ ਸੁਣਦੀਆਂ ਹਨ। ਇਹਨਾਂ ਦੋਹਾਂ ਹਾਲਤਾਂ ਵਿਚ ਡਾਕਟਰਾਂ ਨੇ ਟੀਕੇ ਲਾ ਕੇ ਮੈਨੂੰ ਸੁਰਜੀਤ ਕੀਤਾ।

ਮੌਤ ਬੜੀ ਸੁਹਾਵਣੀ ਚੀਜ਼ ਹੈ। ਜੇ ਕਿਸੇ ਨੂੰ ਛਾਤੀ ਦੀ ਬਿਮਾਰੀ ਹੋਵੇ, ਸਾਹ ਰੁਕਦਾ ਹੋਵੇ ਤਾਂ ਭਾਵੇਂ ਤਕਲੀਫ਼ ਹੋਵੇ। ਵੈਸੇ ਕਿਸੇ ਉਚੇਰੇ ਆਦਰਸ਼ ਖਾਤਰ ਮਰਨ ਵਾਲੇ ਇਸ ਨੂੰ ਖੇਡ ਹੀ ਸਮਝਦੇ ਹਨ।

### 20. ਕਿਸਾਨ ਲਹਿਰਾਂ ਵਿਚ ਕੰਮ

ਕਾਂਗਰਸ ਵਿਚ ਕੰਮ ਕਰਨਾ- ਮੈਂ ਹੀ ਨਹੀਂ ਗਦਰ ਪਾਰਟੀ ਦੇ ਸਭ ਸਾਥੀ, ਜੋ ਹਜ਼ਾਰਾਂ ਦੀ ਗਿਣਤੀ ਵਿਚ ਪਿੰਡਾਂ ਵਿਚ ਨਜ਼ਰਬੰਦ ਸਨ, ਸਦਾ ਆਪਣੇ ਆਦਰਸ਼ ਤੇ ਨੀਤੀ ਤੇ ਡਟੇ ਰਹੇ। ਹਰ ਪਾਰਟੀ ਤੇ ਲਹਿਰ ਕੀ ਕਾਂਗਰਸ, ਕੀ ਗੁਰਦੁਆਰਾ ਅੰਦੋਲਨ, ਕੀ ਬੱਬਰ ਅਕਾਲੀ ਲਹਿਰ, ਕੀ ਅਕਾਲੀ ਦਲ, ਕੀ ਨੌਜਵਾਨ ਭਾਰਤ ਸਭਾ ਤੇ ਕੀ ਭਗਤ ਸਿੰਘ ਦੀ ਪਾਰਟੀ ਜੋ ਵੀ ਅੰਗਰੇਜ਼ਾਂ ਦੇ ਖਿਲਾਫ ਕੰਮ ਕਰਦੀ, ਸਾਡੇ ਸਾਥੀ ਆਪਣੀ ਸ਼ਕਤੀ ਅਨੁਸਾਰ ਉਸ ਵਿਚ ਹਿੱਸਾ ਪਾਉਂਦੇ।

ਗੁਰਦੁਆਰਾ ਲਹਿਰ ਵਿਚ ਭਾਈ ਈਸ਼ਰ ਸਿੰਘ ਮਰਹਾਣਾ ਤੇ ਭਾਈ ਭਗਵਾਨ ਸਿੰਘ ਕਨੇਡੀਅਨ ਦਾ ਨਾਂ ਉੱਘਾ ਹੈ, ਹੋਰ ਵੀ ਬਹੁਤ ਸਾਰੇ ਸਾਥੀਆਂ ਨੇ ਹਿੱਸਾ ਲਿਆ। ਅਕਾਲੀ ਦਲ ਵਿਚ ਤੇ ਬੱਬਰ ਅਕਾਲੀ ਲਹਿਰ ਵਿਚ ਵੀ 1915 ਵਾਲੇ ਦੇਸ਼ ਭਗਤਾਂ ਨੇ ਕਾਫੀ ਹਿੱਸਾ ਲਿਆ। ਗੁਰਦੁਆਰਾ ਚੋਣਾਂ ਵੀ ਇਕ ਸਮੇਂ 1915 ਵਾਲੇ ਦੇਸ਼ ਪ੍ਰੇਮੀਆਂ ਰਾਹੀਂ ਹੋਈਆਂ। ਸੰਤ ਵਿਸਾਖਾ ਸਿੰਘ ਜੀ ਨੂੰ ਦੋਹਾਂ ਧਿਰਾਂ ਨੇ ਸਾਲਸ ਚੁਣਿਆ ਤੇ ਉਹਨਾਂ ਨੇ ਕਿਸੇ ਕਾਰਨ ਮੇਰੇ ਹੱਥੀਂ ਚੋਣਾਂ ਕਰਾਈਆਂ। 1915 ਵਾਲਿਆਂ ਨੇ ਨੌਜਵਾਨ ਭਾਰਤ ਸਭਾ ਵਿਚ ਵੀ ਧੰਨਵੰਤਰੀ ਆਦਿ ਦੇਸ਼ ਭਗਤਾਂ ਨਾਲ ਕੰਮ ਕੀਤਾ। ਧੰਨਵੰਤਰੀ ਕਈ ਜਗ੍ਹਾ ਮੇਰੇ ਨਾਲ ਵੀ ਰਹੇ ਤੇ ਮੈਂ ਉਹਨਾਂ ਦੇ ਜਲਸਿਆਂ ਵਿਚ ਜਾਂਦਾ ਰਿਹਾ। ਸੈਂਟਰਲ ਜੇਲ੍ਹ ਵਿਚ ਭਗਤ ਸਿੰਘ ਦੀ ਭੁੱਖ ਹੜਤਾਲ ਵਿਚ ਮੈਂ ਵੀ ਸ਼ਾਮਲ ਹੋਇਆ ਤੇ ਅਖੀਰ ਤੱਕ ਨਾਲ ਰਿਹਾ। ਭਾਵ ਇਹ ਕਿ ਅਸੀਂ ਸਾਰੀਆਂ ਰਾਜਸੀ ਲਹਿਰਾਂ ਨੂੰ ਜਿਹਨਾਂ ਸੁਤੰਤਰਤਾ ਸੰਗਰਾਮ ਵਿਚ ਹਿੱਸਾ ਲਿਆ, ਆਪਣੀਆਂ ਲਹਿਰਾਂ ਸਮਝਿਆ। ਹੁਣ ਵੀ ਇਹੀ ਸਮਝਦੇ ਹਾਂ ਤੇ ਇਹਨਾਂ ਦੀ ਏਕਤਾ ਦੇ ਯਤਨ ਕਰਦੇ ਹਾਂ ਤਾਂ ਕਿ ਸਮਾਜਵਾਦ ਅਸਲੀ ਅਰਥਾਂ ਵਿਚ ਲਾਗੂ ਹੋ ਸਕੇ।

ਏਸੇ ਅਸਰ ਹੇਠ ਮੈਂ ਕਿਰਤੀ ਕਿਸਾਨ ਆਸ਼ਰਮ ਦਾ ਕੰਮ ਕਰਦਾ ਹੋਇਆ ਵੀ ਕਾਂਗਰਸ ਅੰਦੋਲਨ ਵਿਚ ਹਿੱਸਾ ਪਾਉਂਦਾ ਰਿਹਾ। ਸੱਚ ਤਾਂ ਇਹ ਹੈ ਕਿ ਕਾਂਗਰਸ ਨੂੰ ਸ਼ਹਿਰਾਂ ਵਿਚੋਂ ਕੱਢ ਕੇ, ਬਾਹਰ ਪਿੰਡਾਂ ਵਿਚ ਲਿਆਉਣ ਦਾ ਬਹੁਤਾ ਕੰਮ 1915 ਵਾਲੇ ਦੇਸ਼ ਭਗਤਾਂ ਨੇ ਹੀ ਕੀਤਾ ਹੈ। ਚਿੰਤ ਰਾਮ, ਗੋਪੀ ਚੰਦ ਭਾਰਗੋ ਅਤੇ ਵਿਦਿਆਲੰਕਾਰ ਆਦਿ ਪੁਰਾਣੇ ਕਾਂਗਰਸੀ ਨੇਤਾ ਇਸ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਮੈਂ ਕਾਂਗਰਸ ਪ੍ਰਵਿਨਸ਼ਿਅਲ ਕਮੇਟੀ ਦਾ ਮੈਂਬਰ ਸਾਂ ਤੇ ਕਾਂਗਰਸ ਐਜੀਟੇਸ਼ਨ ਵਿਚ ਦੋ ਵਾਰ ਛੇ ਛੇ ਮਹੀਨੇ ਕੈਦ ਵੀ ਹੋਇਆ ਸਾਂ।

ਪਰ ਜਦੋਂ ਬਾਬਾ ਜਵਾਲਾ ਸਿੰਘ ਜੀ ਨੇ ਸਭ ਤੋਂ ਪਹਿਲਾਂ (ਪੰਜਾਬ) ਮਿੰਟਗੁਮਰੀ ਵਿਚ ਉਥੋਂ ਦੇ ਜ਼ਿਮੀਂਦਾਰਾਂ ਦੇ ਖਿਲਾਫ ਮੁਜ਼ਾਰਾ ਲਹਿਰ ਖੜ੍ਹੀ ਕੀਤੀ, ਜ਼ਿਮੀਦਾਰਾਂ ਤੇ ਸਰਕਾਰ ਦੇ ਗੋਡੇ ਲੁਆਏ, ਮੁਜ਼ਾਰਿਆਂ ਦੇ ਮੁਤਾਲਬੇ ਮੰਨਵਾਏ ਅਤੇ ਕਾਮਯਾਬੀ ਤੋਂ ਪਿੱਛੋਂ ਲਹਿਰ ਨੂੰ ਆਉਂਦੇ ਹੋਏ ਬਸ ਹਾਦਸੇ ਵਿਚ ਸ਼ਹੀਦ ਹੋ ਗਏ ਤਾਂ ਉਹਨਾਂ ਦੇ ਕੰਮ ਨੇ ਸਾਰੇ ਸਾਥੀਆਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ, ਜਿਹਨਾਂ ਵਿਚੋਂ ਇਕ ਮੈਂ ਵੀ ਸਾਂ।

ਇਸ ਤਰ੍ਹਾਂ ਪੰਜਾਬ ਵਿਚ ਕਿਸਾਨ ਲਹਿਰ ਸ਼ੁਰੂ ਹੋਈ। ਪਰ ਕਾਂਗਰਸ ਨੇ ਇਸ ਦੀ ਮੁਖਾਲਫਤ ਸ਼ੁਰੂ ਕਰ ਦਿੱਤੀ ਤੇ ਮੈਂ ਕਾਂਗਰਸ ਵਿਚੋਂ ਅਸਤੀਫਾ ਦੇ ਦਿੱਤਾ ਤੇ ਕਿਸਾਨ ਕਮੇਟੀ ਵਿਚ ਸ਼ਾਮਲ ਹੋ ਗਿਆ। ਕਿਸਾਨ ਕਮੇਟੀ ਦੇ ਕੰਮ ਦਾ ਅੰਦਾਜ਼ਾ ਸਾਨੂੰ ਉਨ੍ਹਾਂ ਕਿਸਾਨ ਐਜੀਟੇਸ਼ਨਾਂ ਤੋਂ ਹੋ ਸਕਦਾ ਹੈ ਜਿਹੜੇ ਪੰਜਾਬ ਵਿਚ ਹੋਏ। ਜਿਵੇਂ ਲਾਹੌਰ ਕਿਸਾਨ ਐਜੀਟੇਸ਼ਨ ਜਿਸ ਵਿਚ ਪੰਜ ਹਜ਼ਾਰ ਦੇ ਕਰੀਬ ਕਿਸਾਨ ਤੇ 50 ਬੀਬੀਆਂ ਕੈਦ ਹੋਈਆਂ, ਤੇ ਸਰਕਾਰ ਨੂੰ ਅਖੀਰ ਝੁਕਣਾ ਪਿਆ। ਬਿਨਾਂ ਸ਼ਰਤ ਸਾਰੇ ਕੈਦੀ ਰਿਹਾ ਹੋਏ ਤੇ ਸਰਕਾਰ ਨੂੰ ਵਧਾਇਆ ਹੋਇਆ ਮਾਲੀਆ ਵਾਪਸ ਲੈਣਾ ਪਿਆ। ਭਾਈ ਕੇਸ ਸਿੰਘ ਠੱਠਗੜ੍ਹ ਪ੍ਰਵਿਨਸ਼ਿਅਲ (ਸੂਬਾਈ) ਕਿਸਾਨ ਕਮੇਟੀ ਦੇ ਪ੍ਰਧਾਨ ਸਨ। ਇਸ ਅੰਦੋਲਨ ਵਿਚ ਉਹਨਾਂ ਨੂੰ ਤੇ ਮੈਨੂੰ ਵੀ ਸਜ਼ਾ ਹੋਈ।

ਦੂਸਰਾ ਐਜ਼ੀਟੇਸ਼ਨ ਜਿਸ ਨੂੰ ਚੜਿੱਕ ਕਿਸਾਨ ਮੋਰਚਾ ਕਿਹਾ ਜਾਂਦਾ ਹੈ, ਭਾਈ ਰੂੜ ਸਿੰਘ ਤੇ ਚੰਨਣ ਸਿੰਘ ਚੂਹੜਚੱਕ ਦੀ ਅਗਵਾਈ ਵਿਚ ਲੜਿਆ ਗਿਆ। ਇਸ ਵਿਚ ਲਾਹੌਰ ਮੋਰਚੇ ਨਾਲੋਂ ਵੱਧ ਕਿਸਾਨ ਤੇ ਸੌ ਦੇ ਲੱਗਭੱਗ ਬੀਬੀਆਂ ਕੈਦ ਹੋਈਆਂ। ਇੱਥੇ ਵੀ ਸਰਕਾਰ ਨੂੰ ਝੁਕਣਾ ਪਿਆ।

ਤੀਸਰਾ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਵਾਲਾ ਮਸ਼ਹੂਰ ਲਾਠੀਚਾਰਜ ਹੈ ਜੋ ਮੋਘਾ ਮੋਰਚਾ ਅਕਾਲੀਆਂ ਨਾਲ ਸਾਂਝਾ ਲੜਿਆ ਗਿਆ। ਇਸ ਦੇ ਦੌਰਾਨ ਵੀ ਸਜ਼ਾਵਾਂ ਹੋਈਆਂ। ਪੰਜ ਸੌ ਵਲੰਟੀਅਰ ਸਨ ਤੇ ਦੋ ਜਥੇਦਾਰ- ਹਰਨਾਮ ਸਿੰਘ ਕਸੇਲ ਤੇ ਊਧਮ ਸਿੰਘ ਨਾਗੋਕੇ ਅਗਵਾਈ ਕਰ ਰਹੇ ਸਨ। ਲਾਠੀ ਚਾਰਜ ਬਹੁਤ ਸਖ਼ਤ ਸੀ ਤੇ ਹੇਠੋਂ ਸੜਕ, ਜਿਸ ਤੇ ਲੁੱਕ ਪਈ ਹੋਈ ਸੀ, ਲੋਹੇ ਦੀ ਤਵੀ ਵਾਂਗ ਤਪਦੀ ਸੀ। ਪਰ ਕੀ ਮਜਾਲ ਜੇ ਇਕ ਵੀ ਵਲੰਟੀਅਰ ਨੇ ਸੀ ਕੀਤੀ ਹੋਵੇ। ਪੁਲ ਤੇ ਪੁਲਿਸ ਲਾਠੀਆਂ ਦੀ ਜੰਜ਼ੀਰ ਬੰਨ੍ਹ ਕੇ ਰਾਹ ਰੋਕੀ ਖੜ੍ਹੀ ਸੀ। ਪੁਲਿਸ ਦੀ ਨੀਅਤ ਵੇਖ ਕੇ ਮੈਂ ਵੀ ਕੁੱਦ ਪਿਆ ਤੇ ਊਧਮ ਸਿੰਘ ਅਤੇ ਹਰਨਾਮ ਸਿੰਘ ਦੇ ਨਾਲ ਹੋ ਗਿਆ। ਪੁਲਸੀਏ ਲਾਠੀ ਚਾਰਜਨਾਲ ਬੇਹੋਸ਼ ਤੱਤੀ ਸੜਕ ਤੇ ਪਏ ਕਿਸਾਨ ਵਰਕਰਾਂ ਨੂੰ ਧੂ ਧੂ ਕੇ ਲਾਰੀਆਂ ਵਿਚ ਸੁੱਟ ਕੇ, ਸ਼ਹਿਰੋਂ ਦੂਰ ਛੱਡ ਆਏ। ਬਾਅਦ ਵਿਚ ਮੁਕੱਦਮੇ ਚੱਲੇ ਤੇ ਛੇ ਛੇ ਮਹੀਨੇ ਕੈਦਾਂ ਹੋਈਆਂ। ਪਰ ਬੰਦ ਕੀਤੇ ਮੋਘੇ ਸਰਕਾਰ ਨੂੰ ਦੁਬਾਰਾ ਬਹਾਲ ਕਰਨੇ ਪਏ। ਇਸ ਵਿਚ ਵੀ ਕਿਸਾਨ ਕਮੇਟੀ ਦੀ ਜਿੱਤ ਹੋਈ।

ਚੌਥੇ ਛੀਨਿਆਂ ਦੇ ਕਿਸਾਨ ਮੋਰਚੇ ਵਿਚ ਵੀ ਸਰਕਾਰ ਹਾਰੀ ਤੇ ਕਿਸਾਨ ਕਮੇਟੀ ਦੀ ਜਿੱਤ ਹੋਈ।

ਇਹਨਾਂ ਕਿਸਾਨ ਮੋਰਚਿਆਂ ਵਿਚ ਡਾਕਟਰ ਕਿਚਲੂ ਨੇ ਹਰ ਤਰ੍ਹਾਂ ਮਦਦ ਕੀਤੀ, ਪ੍ਰਿੰਸੀਪਲ ਛਬੀਲ ਦਾਸ ਨੇ ਕਿਸਾਨ ਸਟੇਜਾਂ ਤੇ ਆ ਕੇ ਲੈਕਚਰਾਂ ਰਾਹੀਂ ਅਤੇ ਪ੍ਰੋ: ਬ੍ਰਿਜ ਨਾਰਾਇਣ ਲਾਹੌਰ ਨੇ ਕਿਸਾਨੀ ਤੇ ਪੰਫਲਿਟ ਲਿਖ ਕੇ ਕਾਫੀ ਸਹਾਇਤਾ ਕੀਤੀ। ਇਸ ਤੋਂ ਛੁੱਟ ਬਿਹਾਰ ਤੇ ਬੰਗਾਲ ਨੇ ਵੀ ਕਾਫੀ ਕੰਮ ਕੀਤਾ। ਇਹ ਕਿਸਾਨ ਸਭਾ ਦੀਆਂ ਕੁਰਬਾਨੀਆਂ ਦਾ ਹੀ ਫਲ ਸੀ ਕਿ ਸਾਰਾ ਪੰਜਾਬ 1915 ਵਾਲੇ ਤੇ ਨਵੇਂ ਨੌਜਵਾਨ ਕਿਸਾਨ ਵਰਕਰਾਂ ਦੀ ਇੱਜ਼ਤ ਕਰਦਾ ਸੀ। ਇਸ ਦੀ ਮਿਸਾਲ 1937 ਦੀਆਂ ਚੋਣਾਂ ਹਨ।

1914-15 ਦੇ ਦੇਸ਼ ਭਗਤਾਂ ਦੀ ਜਨਤਾ ਵਿਚ ਬੜੀ ਇੱਜ਼ਤ ਸੀ ਤੇ ਜਨਤਾ ਭਗਤ ਸਿੰਘ ਅਤੇ ਕਰਤਾਰ ਸਿੰਘ ਦੀਆਂ ਕੁਰਬਾਨੀਆਂ ਨੂੰ ਨਹੀਂ ਭੁੱਲੀ ਸੀ। ਇਹ ਇਸ ਗੱਲ ਤੋਂ ਪ੍ਰਗਟ ਹੁੰਦਾ ਹੈ ਕਿ 1937 ਵਿਚ 'ਬਾਬਾ ਬੋਰਡ' ਵੱਲੋਂ 9 ਉਮੀਦਵਾਰ ਖੜ੍ਹੇ ਕੀਤੇ ਗਏ। 2 ਬਿਨਾਂ ਮੁਕਾਬਲੇ ਤੇ 6 ਬਹੁਸੰਮਤੀ ਨਾਲ ਕਾਮਯਾਬ ਹੋਏ। ਕੇਵਲ ਇਕ ਹਾਰਿਆ ਤੇ ਉਹ ਵੀ ਆਪਣੀ ਗਲਤੀ ਨਾਲ, ਕਿਉਂਕਿ ਉਸਨੇ ਬੋਰਡ ਦੀ ਹਦਾਇਤ ਤੇ ਪੂਰਾ ਅਮਲ ਨਾ ਕੀਤਾ। ਇਸ ਤੋਂ ਪਿੱਛੋਂ ਅੱਜ ਤੱਕ ਰਾਜਸੀ ਕੰਮ ਕਰਨ ਵਾਲੀਆਂ ਪਾਰਟੀਆਂ ਨੂੰ, ਆਪਣੀ ਹਾਲਤ ਨੂੰ ਸਮਝ ਲੈਣਾ ਚਾਹੀਦਾ ਹੈ। ਖਾਸ ਕਰਕੇ 1967 ਦੀਆਂ ਚੋਣਾਂ ਵਿਚ ਰਾਜਸੀ ਪਾਰਟੀਆਂ ਪਿੱਛੋਂ ਗਈਆਂ ਹਨ। ਜਨਤਾ ਨੇ ਜਿਹੜੇ 9 ਸੂਬੇ ਕਾਂਗਰਸ ਹੇਠੋਂ ਕੱਢੇ ਸਨ, ਇਸ ਵਿਚ ਪਾਰਟੀਆਂ ਦੀ ਵਡਿਆਈ ਨਹੀਂ, ਬਲਕਿ ਇਹ ਜਨਤਾ ਦੀ ਸੂਝ ਦਾ ਫਲ ਹੈ। ਮੇਰੇ ਵਿਚਾਰ ਵਿਚ ਮੌਜੂਦਾ ਹਾਲਾਤ, ਮਹਿੰਗਾਈ, ਰਿਸ਼ਵਤਖੋਰੀ, ਕੁਨਬਾਪਰਵਰੀ ਇਹਨਾਂ ਸਾਰੀਆਂ ਬਿਮਾਰੀਆਂ ਦੀ ਜ਼ਿੰਮੇਵਾਰ ਪਹਿਲਾਂ ਕਾਂਗਰਸ ਹੈ ਤੇ ਬਾਅਦ ਵਿਚ ਦੂਜੀਆਂ ਰਾਜਸੀ ਪਾਰ-ਟੀਆਂ। ਮੈਂ ਅਪੀਲ ਕਰਦਾ ਹਾਂ ਕਿ ਆਓ ਜੇ ਦੇਸ਼ ਨੂੰ ਬਚਾਉਣਾ ਹੈ ਤਾਂ ਸੱਚੀ ਦੇਸ਼ ਭਗਤੀ ਦਾ ਮਾਦਾ ਪੈਦਾ ਕਰੋ ਅਤੇ ਮਹਿਕਮਿਆਂ ਨੂੰ ਸਾਫ ਕਰੋ ਜਿਹੜੇ ਕਿ ਆਪਣੇ ਫਰਜ਼ ਪੂਰਾ ਕਰਨ ਤੋਂ ਅਸਮਰੱਥ ਹਨ। ਨਾ ਹੀ ਹਿੰਦੁਸਤਾਨ ਦਾ ਮਜ਼ਦੂਰ ਕਮਜ਼ੋਰ ਹੈ ਤੇ ਨਾ ਹੀ ਹੋਰ ਕਿਰਤੀ। ਜੇ ਕਮਜ਼ੋਰੀ ਹੈ ਤਾਂ ਮੌਜੂਦਾ ਹਕੂਮਤ ਅਤੇ ਉਸ ਦੇ ਮਹਿਕਮਿਆਂ ਦੀ।



ਕਿਸਾਨ ਸਭਾ ਦੇ ਕੰਮ ਤੋਂ ਬਿਨਾਂ ਦੂਜੇ ਐਜ਼ੀਟੇਸ਼ਨ ਵੀ ਹੋਏ। ਮਿਸਾਲ ਦੇ ਤੌਰ 'ਤੇ ਕੈਦੀ ਛੁਡਾਉ ਕਮੇਟੀ ਐਜ਼ੀਟੇਸ਼ਨ। ਸਾਡੇ ਜੋ ਸਾਥੀ ਅਜੇ ਜੇਲ੍ਹਾਂ ਵਿਚ ਸਨ, ਜਦ ਉਹਨਾਂ ਅੰਗਰੇਜ਼ੀ ਸਰਕਾਰ ਦੀ ਨੀਅਤ ਨੂੰ ਦੇਖਿਆ ਕਿ ਕੈਦਾਂ ਪੂਰੀਆਂ ਹੋਣ ਤੇ ਵੀ ਉਹ ਰਿਹਾ ਨਹੀਂ ਕਰਨਾ ਚਾਹੁੰਦੀ ਤਾਂ ਉਹਨਾਂ ਐਜ਼ੀਟੇਸ਼ਨ ਸ਼ੁਰੂ ਕਰ ਦਿੱਤੀ। ਜਦ ਭੁੱਖ ਹੜਤਾਲ ਲੰਬੀ ਹੁੰਦੀ ਦਿਸੀ ਤਾਂ 1915 ਵਾਲੇ ਦੇਸ਼ ਭਗਤਾਂ ਨੇ ਇਕ ਕੈਦੀ ਛੁਡਾਉ ਕਮੇਟੀ ਕਾਇਮ ਕਰਕੇ ਐਜ਼ੀਟੇਸ਼ਨ ਸ਼ੁਰੂ ਕਰ ਦਿੱਤੀ। ਜਦ ਭੁੱਖ ਹੜਤਾਲ ਲੰਬੀ ਹੁੰਦੀ ਦਿਸੀ ਤਾਂ 1915 ਵਾਲੇ ਦੇਸ਼ ਭਗਤਾਂ ਨੇ ਇਕ ਕੈਦੀ ਛੁਡਾਉ ਕਮੇਟੀ ਕਾਇਮ ਕਰਕੇ ਐਜ਼ੀਟੇਸ਼ਨ ਸ਼ੁਰੂ ਕੀਤਾ। ਇਸ ਸਿਲਸਿਲੇ ਵਿਚ ਮੈਂ ਪਾਦਰੀ ਐਡਰੀਊਜ਼ ਨੂੰ ਮਿਲਿਆ ਤੇ ਸਾਰੀ ਗੱਲ ਉਸਨੂੰ ਸਮਝਾਈ। ਪਾਦਰੀ ਨੇ ਹਮਦਰਦੀ ਜ਼ਾਹਿਰ ਕੀਤੀ ਤੇ ਇਕ ਚਿੱਠੀ ਗਵਰਨਰ ਪੰਜਾਬ ਦੇ ਨਾਂ ਲਿਖੀ। ਅਜੇ ਪਾਦਰੀ ਨਾਲ ਗੱਲਬਾਤ ਕਰਕੇ ਮੈਂ ਪਿੰਡ ਪੁੱਜਾ ਹੀ ਸਾਂ ਕਿ ਹੱਦ ਨਜ਼ਰਬੰਦੀ ਦਾ ਨੋਟਿਸ ਮਿਲ ਗਿਆ। ਕੈਦੀ ਛੁਡਾਉ ਅੰਦੋਲਨ ਵਿਚ ਵੀ ਲੋਕ ਦਬਾਅ ਹੇਠਾਂ ਸਰਕਾਰ ਨੂੰ ਝੁਕਣਾ ਪਿਆ ਅਤੇ ਭਾਈ ਚੂਹੜ ਸਿੰਘ, ਦੂਜੇ ਸਾਥੀਆਂ ਅਤੇ ਮਾਰਸ਼ਲ ਲਾਅ ਦੇ ਕੈਦੀਆਂ ਨੂੰ ਰਿਹਾਅ ਕਰਨਾ ਪਿਆ।

ਥੋੜ੍ਹੇ ਦਿਨਾਂ ਪਿੱਛੋਂ ਮੈਂ ਨਜ਼ਰਬੰਦੀ ਤੋੜ ਦਿੱਤੀ ਤੇ ਛੇ ਮਹੀਨੇ ਦੀ ਸਜ਼ਾ ਹੋਈ। ਉਸ ਸਮੇਂ ਸਵਾਮੀ ਸਹਿਜਾ ਨੰਦ ਆਲ ਇੰਡੀਆ ਕਿਸਾਨ ਸਭਾ ਦੇ ਪ੍ਰਧਾਨ ਸਨ। ਉਹ ਸੱਚੇ ਤੇ ਸੁੱਚੇ ਵਰਕਰ ਸਨ। ਉਹ ਕੈਦ ਹੋ ਗਏ ਤੇ ਤਰੀਪਤੀ ਆਲ ਇੰਡੀਆ ਕਿਸਾਨ ਸਭਾ ਦੇ ਇਜਲਾਸ ਵਿਚ ਸਰਬ ਸੰਮਤੀ ਨਾਲ ਮੈਨੂੰ ਆਰਜ਼ੀ ਪ੍ਰਧਾਨ ਚੁਣ ਲਿਆ ਗਿਆ। ਜਦ ਦੂਜੀ ਜੰਗ ਸ਼ੁਰੂ ਹੋਈ ਤਾਂ ਮੈਂ ਆਪਣੀ ਡਿਊਟੀ ਕਰਦਾ ਬਨਾਰਸ ਵਿਚ 'ਚੰਗਿਆੜੀ' ਅਖਬਾਰ ਦੇ ਦਫਤਰ ਵਿਚ ਗ੍ਰਿਫਤਾਰ ਕਰ ਲਿਆ ਗਿਆ। ਦੇਵਲੀ ਕੈਂਪ ਵਿਚ ਸਾਰੇ ਭਾਰਤ ਦੇ ਕਮਿਊਨਿਸਟ ਅਤੇ ਸੋਸ਼ਲਿਸਟ ਸਾਥੀਆਂ ਨਾਲ ਕੈਦ ਰਿਹਾ। ਅਪ੍ਰੈਲ 1943 ਵਿਚ, ਜਦ ਮੇਰੇ ਪਿੰਡ ਭਕਨੇ, ਕਿਸਾਨ ਸਭਾ ਦਾ ਇਤਿਹਾਸਕ ਇਜਲਾਸ ਹੋ ਰਿਹਾ ਸੀ ਤਾਂ ਸਰਕਾਰ ਨੇ ਦੂਸਰੇ ਕਮਿਊਨਿਸਟ ਸਾਥੀਆਂ ਸਮੇਤ ਐਨ ਉਸੇ ਦਿਨ ਤਿੰਨਾਂ ਸਾਲਾਂ ਪਿੱਛੋਂ ਮੈਨੂੰ ਰਿਹਾਅ ਕੀਤਾ। ਇਸ ਤਰ੍ਹਾਂ ਕੁੱਲ ਕੈਦ 16 ਸਾਲ ਉਮਰ ਕੈਦ ਐਤ ਦੂਜੀਆਂ 10 ਸਾਲ ਦੀਆਂ ਕੈਦਾਂ ਮਿਲਾ ਕੇ 26 ਸਾਲ ਕੱਟੀ ਹੈ। ਮੈਂ ਦੱਸ ਚੁੱਕਿਆ ਹਾਂ ਕਿ 1930 ਵਿਚ ਦੀ ਰਿਹਾਈ ਤੋਂ ਬਾਅਦ ਮੈਂ ਸੜਕ ਦੇ ਕੰਢੇ ਖੇਤਾਂ ਵਿਚ ਕਿਰਤੀ ਕਿਸਾਨ ਆਸ਼ਰਮ ਕਾਇਮ ਕੀਤਾ ਤੇ ਇਹ ਜਾਇਦਾਦ ਕਮੇਟੀ ਦੇ ਨਾਂ ਨਵਾ ਦਿੱਤੀ। ਕੁਝ ਦੇਰ ਆਸ਼ਰਮ ਚਲਾਉਣ ਬਾਅਦ ਮੈਨੂੰ ਦੋ ਵਾਰ ਛੇ ਛੇ ਮਹੀਨੇ ਲਈ ਜੇਲ੍ਹ ਜਾਣਾ ਪਿਆ। ਇਹਨਾਂ ਕੈਦਾਂ ਦੇ ਦੌਰਾਨ ਤਾਂ ਬੱਚੇ ਡਟੇ ਰਹੇ ਪਰ ਮੈਂ ਦੇਵਲੀ ਕੈਂਪ ਦੀ ਤਿੰਨ ਸਾਲ ਦੀ ਨਜ਼ਰਬੰਦੀ ਦੇ ਬਾਅਦ ਰਿਹਾ ਹੋ ਕੇ ਆਇਆ ਤਾਂ ਬਾਗ ਬਗੀਚਾ ਤੇ ਮਕਾਨ ਸਭ ਬਰਬਾਦ ਹੋ ਚੁੱਕੇ ਸਨ। ਅਖੀਰ ਜਦ ਯਾਦਗਾਰ (ਦੇਸ਼ ਭਗਤ ਯਾਦਗਾਰ ਹਾਲ ਜਲੰਧਰ) ਦਾ ਸਵਾਲ ਆਇਆ ਤਾਂ ਕਿਰਤੀ ਕਿਸਾਨ ਆਸ਼ਰਮ ਦਾ ਮਕਾਨ ਤੇ ਜ਼ਮੀਨ 7000 ਰੁਪਏ ਨੂੰ ਵੇਚ ਕੇ ਰਕਮ ਯਾਦਗਾਰ ਕਮੇਟੀ ਨੂੰ ਦੇ ਦਿੱਤੀ। ਇਸ ਪਿੱਛੋਂ ਇਲਾਕੇ ਦੀ ਮੰਗ ਤੇ ਵੀਹ ਵਿਘੇ ਜ਼ਮੀਨ (ਚਾਰ ਕਨਾਲ ਦਾ ਵਿਘਾ) ਗਹਿਣੇ ਪਾ ਕੇ, ਸਾਢੇ ਸੱਤ ਹਜ਼ਾਰ ਰੁਪਏ, ਦੋ ਦੋ, ਢਾਈ ਢਾਈ ਹਜ਼ਾਰ ਕਰਕੇ, ਸਕੂਲ ਦੀ ਇਮਾਰਤ ਲਈ ਦਿੱਤਾ।


ਕੀ ਤੁਸੀਂ ਘਰ ਜਾਂ ਵਪਾਰਕ ਸੰਪਤੀ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ। ਤਾਂ ਅੱਜ ਹੀ ਸਾਨੂੰ ਮਿਲੋ

ਅਸੀਂ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਸਹਾਈ ਹੋ ਸਕਦੇ ਹਾਂ।



JOHN SINGH BANGA
Realtor, Lic # 01397975
916-271-5404
banga.realtor@gmail.com

TEAM JD

ELITE REALTY SERVICES

DALVIR 'DIL' NIJJAR
Realtor, Lic # 01418648
916-628-2210
dil.realtor@gmail.com



Office: 916-681-5112
7412 Elsie Avenue, Sacramento CA 94828

# 'ਮੈਂ ਮਰੀਅਮ ਹੁੰਦੀ, ਆਪਣਾ ਪੁੱਤ ਆਪੇ ਜੰਮ ਲੈਂਦੀ'



ਅਫ਼ਜ਼ਲ ਤੌਸੀਫ਼

## ਮੁਲਾਕਾਤੀ : ਅਜਮੇਰ ਸਿੱਧੂ (94630-63990)

ਲਾਹੌਰ ਦੀ ਅਦੀਬਾ ਅਫ਼ਜ਼ਲ ਤੌਸੀਫ਼ ਨੂੰ ਚੜ੍ਹਦੇ ਪੰਜਾਬ ਵਾਲੇ ਕਥਾਕਾਰ ਵਜੋਂ ਜਾਣਦੇ ਹਨ। ਉਸਦੇ ਕਹਾਣੀ ਸੰਗ੍ਰਹਿ 'ਟਾਹਲੀ ਮੇਰੇ ਬੱਚੜੇ' ਅਤੇ 'ਪੰਝੀਵਾਂ ਘੰਟਾ' ਨੇ ਉਸਨੂੰ ਕਥਾਕਾਰ ਵਜੋਂ ਸਥਾਪਿਤ ਕੀਤਾ ਹੈ। ਸੰਨ 2000 ਵਿਚ ਛਪੀ ਸਵੈ-ਜੀਵਨੀ 'ਮਨ ਦੀਆਂ ਬਸਤੀਆਂ' ਨੇ ਸੰਤਾਲੀ ਦੇ ਹੌਲਨਾਕ ਕਾਂਡ ਨੂੰ ਪੰਜਾਬੀ ਸਾਹਿਤ ਜਗਤ ਅੱਗੇ ਰੱਖਿਆ ਹੈ। ਅਫ਼ਜ਼ਲ ਤੌਸੀਫ਼ ਦਾ ਪਰਿਵਾਰਕ ਪਿਛੋਕੜ ਇਸ ਪੰਜਾਬ ਨਾਲ ਜੁੜਿਆ ਹੋਇਆ ਹੈ। ਉਸ ਦਾ ਜਨਮ ਜੁਬੈਦਾ ਬੀਬੀ ਦੀ ਕੁੱਖੋਂ 18 ਮਈ, 1936 ਨੂੰ ਨਾਨਕਾ ਪਿੰਡ ਕੂਮਕਲਾਂ, ਜ਼ਿਲ੍ਹਾ ਲੁਧਿਆਣਾ ਵਿਚ ਹੋਇਆ ਸੀ। ਉਸਦੇ ਅੱਬਾ ਚੌਧਰੀ ਮਹਿੰਦੀ ਖਾਂ ਪਿੰਡ ਸਿੰਬਲੀ, ਜ਼ਿਲ੍ਹਾ ਹੁਸ਼ਿਆਰਪੁਰ ਦੇ ਸਨ। ਹਰ ਬੰਦੇ ਦੇ ਅੰਦਰ ਕਈ-ਕਈ ਬਸਤੀਆਂ ਹੁੰਦੀਆਂ ਹਨ। ਅਫ਼ਜ਼ਲ ਤੌਸੀਫ਼ ਦੇ ਮਨ ਦੀਆਂ ਕਈ ਬਸਤੀਆਂ ਉਜੜ ਗਈਆਂ ਤੇ ਹਾਲੇ ਕਈ ਵਸਦੀਆਂ ਹਨ। ਉਸਦਾ ਖ਼ਾਸ ਦਰਿਆ ਸਤਲੁਜ ਜਿਸ ਦੇ ਇਕ ਕੰਢੇ 'ਤੇ ਨਾਨਕਾ ਤੇ ਦੂਜੇ 'ਤੇ ਦਾਦਕਾ ਪਿੰਡ ਸੀ, ਸੰਤਾਲੀ ਦੀ ਵੰਡ ਨੇ ਖੋਹ ਲਿਆ। ਸਿੰਬਲੀ ਤੇ ਕੂਮਕਲਾਂ ਉਨ੍ਹਾਂ ਦੇ ਪੱਕੇ ਘਰ, ਚੁਬਾਰੇ, ਖੂਹ, ਹਵੇਲੀਆਂ, ਬਾਗ, ਜ਼ਮੀਨਾਂ, ਫਸਲਾਂ ਤੇ ਮੋਰਾਂ ਦੀਆਂ ਡਾਰਾਂ ਉਹਦੀਆਂ ਕਹਾਣੀਆਂ ਜੋਗੇ ਹੋ ਕੇ ਰਹਿ ਗਏ।

ਇਨ੍ਹਾਂ ਸਤਰਾਂ ਦੇ ਲੇਖਕ ਨੇ ਉਸਦੇ 'ਮਨ ਦੀਆਂ ਬਸਤੀਆਂ' ਵਿਚੋਂ ਇਕ ਬਸਤੀ ਸਿੰਬਲੀ ਤੇ ਸੰਤਾਲੀ ਦੇ ਲਹੂ-ਲੁਹਾਨ ਇਤਿਹਾਸ ਦੇ ਪੱਤਰਾਂ ਨੂੰ 1997 ਵਿਚ ਫਰੋਲਿਆ ਤਾਂ ਉਹ ਸੱਤ-ਅੱਠ ਪੀੜ੍ਹੀਆਂ ਤੋਂ ਵੀ ਪਹਿਲਾਂ ਦੇ ਰਹਿ ਰਹੇ ਖਾਨਦਾਨ ਦੀਆਂ ਜੜ੍ਹਾਂ ਲੱਭਣ ਲਈ ਭਾਰਤ ਆਈ। ਉਹ 1997 ਵਿਚ ਕਲਕੱਤਾ ਦੇ ਦਿੱਲੀ ਦੀਆਂ ਸੜਕਾਂ ਵਿਚ ਵਾਰਿਸ ਸ਼ਾਹ, ਸ਼ਆਦਤ ਹਸਨ ਮੰਟੋ, ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ ਅਤੇ ਅੰਮ੍ਰਿਤਾ ਪ੍ਰੀਤਮ ਨੂੰ ਅਵਾਜ਼ਾਂ ਮਾਰਦੀ ਅੰਮ੍ਰਿਤਸਰ ਯੂਨੀਵਰਸਿਟੀ ਆ ਗਈ। ਪਰ ਸਿੰਬਲੀ ਜਾਣ ਲਈ ਉਹਦੀ ਰੂਹ ਕੀਲੀ ਗਈ। ਉਹਨੂੰ ਉਹ ਬੱਤਖਾਂ ਯਾਦ ਆ ਗਈਆਂ, ਜੋ ਰੋਜ਼ ਵਾਂਗ ਉਸ ਸ਼ਾਮ ਵੀ ਘਰ ਮੁੜੀਆਂ ਪਰ ਲਹੂ ਦੇ ਛੱਪੜ ਵਿਚ ਨਹਾਤੀਆਂ ਗਈਆਂ। ਉਹ ਪੱਥਰ ਹੋਣੋ ਡਰਦੀ ਵਾਪਸ ਮੁੜ ਗਈ। 53 ਵਰ੍ਹੇ ਉਹ ਕਤਲ ਹੋਏ ਜੀਆਂ ਤੇ ਸੁਪਨਿਆਂ ਦਾ ਭਾਰ ਢੋਂਹਦੀ ਰਹੀ। ਫਿਰ ਉਹਨੇ 2000 ਵਰ੍ਹੇ ਦੀ ਆਮਦ 'ਤੇ 'ਮਨ ਦੀਆਂ ਬਸਤੀਆਂ' ਸਵੈ-ਜੀਵਨੀ ਲਿਖ ਕੇ 53 ਵਰ੍ਹਿਆਂ ਦਾ ਬੋਝ ਲਾਹ ਦਿੱਤਾ ਤੇ ਆਪਣੇ ਮਤਬੰਨੇ ਪੁੱਤਰ ਰਾਣਾ ਨਵੀਦ ਇਕਬਾਲ (ਚੀਫ ਨਿਊਜ਼ ਐਡੀਟਰ 'ਦੀ ਪਾਕਿਸਤਾਨ ਟਾਈਮਜ਼') ਨੂੰ ਨਾਲ ਲੈ ਕੇ ਆਪਣੇ ਪੁਰਖਿਆਂ ਦੀ ਜਨਮ ਭੋਇ 'ਤੇ ਆ ਗਈ।

ਸਿੰਬਲੀ ਘੋੜੇਵਾਹ ਮੁਸਲਮਾਨ ਰਾਜਪੂਤਾਂ ਦਾ ਪਿੰਡ ਸੀ। ਸੰਤਾਲੀ ਤੋਂ ਪਹਿਲਾਂ ਉਹਦੇ ਵੱਡੇ ਵਡਾਰੂ ਜ਼ਮੀਨਾਂ ਜਾਇਦਾਦਾਂ ਦੇ ਮਾਲਕ ਸਨ। ਦਾਦਾ ਗੁਲਾਮ ਗੌਂਸ ਦੇ ਦਾਦੇ ਦਾ ਭਰਾ ਫਤਹਿ ਖਾਂ 30 ਘੁਮਾਂ ਦੇ ਮਾਲਕ ਸਨ। ਗੁਲਾਮ ਗੌਂਸ ਦੇ ਤਿੰਨ ਮੁੰਡੇ ਨਿਆਮਤ ਖਾਂ, ਫੱਜਲ ਮੁਹੰਮਦ ਤੇ ਮਹਿੰਦੀ ਖਾਂ ਸਨ। ਅਫ਼ਜ਼ਲ ਤੌਸੀਫ਼ ਮਹਿੰਦੀ ਖਾਂ ਦੀ ਧੀ ਸੀ। ਮਹਿੰਦੀ ਖਾਂ ਕੋਇਟੇ ਪੁਲਿਸ ਅਫ਼ਸਰ ਸੀ। ਸੰਤਾਲੀ ਦੇ ਦੰਗਿਆਂ ਨੇ ਸਿੰਬਲੀ ਵੀ ਆਪਣੀ ਲਪੇਟ ਵਿਚ ਲੈ ਲਿਆ ਸੀ। ਅਫ਼ਜ਼ਲ ਤੌਸੀਫ਼ ਦੇ ਪਿਤਾ ਮਹਿੰਦੀ ਖਾਂ ਤੇ ਛੋਟਾ ਤਾਇਆ ਫੱਜਲ ਮੁਹੰਮਦ ਬਾਹਰ ਗਏ ਹੋਣ ਕਰਕੇ ਬੱਚ ਗਏ। ਅਫ਼ਜ਼ਲ ਤੌਸੀਫ਼ ਆਪਣੀ ਮਾਂ ਨਾਲ ਨਾਨਕੇ ਪਿੰਡ ਤੋਂ ਬੱਚ ਕੇ ਲਾਹੌਰ ਪੁੱਜ ਗਈ ਪਰ ਸਿੰਬਲੀ ਹਨ੍ਹੇਰੀ ਝੁੱਲ ਗਈ ਸੀ। ਉਸਦੇ ਘਰ ਦੇ 12 ਜੀਅ ਵੱਢ ਦਿੱਤੇ ਗਏ। ਤਾਏ ਦੀਆਂ ਚਾਰ ਧੀਆਂ ਵਿਚੋਂ ਦੋ ਧੀਆਂ ਸਰਵਰੀ ਤੇ ਸਦੀਕਣ ਅਗਵਾ ਕਰ ਲਈਆਂ ਗਈਆਂ। ਆਂਢ-ਗੁਆਂਢ ਦੀਆਂ ਕੁੜੀਆਂ ਵਲੋਂ ਖੂਹ ਵਿਚ ਛਾਲਾਂ ਮਾਰ ਦਿੱਤੀਆਂ ਗਈਆਂ। ਪਿੰਡ ਵਾਸੀ ਪੰਡਤ ਰੱਖਾ ਰਾਮ ਅਨੁਸਾਰ ਗੜ੍ਹਸ਼ੰਕਰ ਥਾਣੇ 'ਚੋਂ ਥਾਣੇਦਾਰ ਸਰਦਾਰੀ ਲਾਲ ਨੇ 101 ਲਾਸ਼ਾਂ ਕਾਗਜ਼ਾਂ ਵਿਚ ਦਰਸਾਈਆਂ ਸਨ। ਪਰ ਉਸ ਅਨੁਸਾਰ 250 ਦੀ ਗਿਣਤੀ ਸੀ।

ਕਤਲੇਆਮ ਵਾਲੀ ਜਗ੍ਹਾ ਤੇ ਇਨ੍ਹਾਂ ਸਤਰਾਂ ਦਾ ਲੇਖਕ ਬੀਬੀ ਅਫ਼ਜ਼ਲ ਤੌਸੀਫ਼ ਤੇ ਰਾਣਾ ਨਵੀਦ ਇਕਬਾਲ ਨੂੰ ਲੈ ਕੇ ਪੁੱਜਾ ਤਾਂ ਉਸਨੂੰ ਉਹਦੇ ਵੱਡੇ ਵਡਾਰੂ ਸ਼ਮਲਿਆਂ ਵਾਲੇ ਕਿਤੇ ਦਿਖਾਈ ਨਾ ਦਿੱਤੇ। ਖੰਡਰ ਬਣੀਆਂ ਇਮਾਰਤਾਂ ਦੇਖ ਕੇ ਉਸ ਹਉਕਾ ਲਿਆ। ਅੱਗੇ ਉਹ ਖੂਹ ਸੀ ਜਿਸ ਵਿਚ ਕੁੜੀਆਂ ਨੇ ਆਬਰੂ ਬਚਾਉਣ ਲਈ ਛਾਲਾਂ ਮਾਰੀਆਂ ਸਨ। ਦੋ ਮਿੰਟ ਦਾ ਮੌਨ ਧਾਰ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਉਹਨੂੰ ਆਪਣਾ ਵਿਹੜਾ ਲਾਸ਼ਾਂ ਨਾਲ ਭਰਿਆ ਦਿਖਿਆ। ਅਗਵਾ ਹੁੰਦੀਆਂ ਭੈਣਾਂ ਦਿਖੀਆਂ। ਲਹੂ ਵਿਚ ਤੈਰਦੀਆਂ ਬੱਤਖਾਂ। ਉਹ 'ਆਪਣੇ ਘਰ' ਸੁੰਨ ਹੋਈ ਖੜ੍ਹੀ ਸੀ। ਉਹਦੇ ਵੱਡੇ ਵਡਾਰੂਆਂ ਦੇ ਵਾਕਫ ਮਰਦ ਔਰਤਾਂ ਉਹਦੇ ਨਾਲ ਯਾਦਾਂ ਸਾਂਝੀਆਂ ਕਰਦੇ ਰਹੇ। ਇਨ੍ਹਾਂ ਸਤਰਾਂ ਦਾ ਲੇਖਕ ਬੀਬੀ ਅਫ਼ਜ਼ਲ ਤੌਸੀਫ਼ ਦੇ ਪੰਜਾਬ ਦੇ ਘੱਟੋ-ਘੱਟ ਦਸ ਦੌਰਿਆਂ ਦੌਰਾਨ ਵੱਖ-ਵੱਖ ਥਾਵਾਂ 'ਤੇ ਉਹਨਾਂ ਦੇ ਨਾਲ ਰਿਹਾ ਹੈ। ਉਨ੍ਹਾਂ ਨਾਲ ਕੀਤੀ ਮੁਲਾਕਾਤ ਦੇ ਕੁਝ ਅੰਸ਼ ਪੇਸ਼ ਹਨ-

? ਤੁਸੀਂ ਸਾਹਿਤ ਨੂੰ ਕਿੱਥੋਂ ਤੱਕ ਮਾਨਤਾ ਦਿੰਦੇ ਹੋ?

\- ਸਾਹਿਤ ਹੀ ਮੇਰੀ ਪੂੰਜੀ ਹੈ। ਸਾਹਿਤ ਦੀ ਸ਼ਕਤੀ ਹੀ ਮੈਨੂੰ ਇਧਰ ਲੈ ਕੇ ਆਈ ਹੈ।

? ਤੁਸੀਂ ਇਸ ਪਾਸੇ ਕਿਸ ਲੇਖਕ ਤੋਂ ਪ੍ਰਭਾਵਿਤ ਹੋ?

\- ਅੰਮ੍ਰਿਤਾ ਪ੍ਰੀਤਮ ਤੋਂ। ਪਾਕਿਸਤਾਨ ਦਾ ਅਵਾਮ 'ਅੱਜ ਆਖਾਂ ਵਾਰਿਸ ਸ਼ਾਹ ਨੂੰ...' ਵਾਲੀ ਅੰਮ੍ਰਿਤਾ ਪ੍ਰੀਤਮ ਤੋਂ ਪ੍ਰਭਾਵਿਤ ਹੈ। ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਤੋਂ ਪ੍ਰਭਾਵਿਤ ਹਨ। ਉਨ੍ਹਾਂ ਨੂੰ ਚੰਗਾ ਸਮਝਦੇ ਹਨ।

? ਪਾਕਿਸਤਾਨ ਵਿਚ ਕੀ ਲਿਖਿਆ ਜਾ ਰਿਹਾ ਹੈ?

\- ਕਹਾਣੀ, ਕਵਿਤਾ, ਨਾਵਲ, ਨਾਟਕ ਸਕਰਿਪਟ। ਕੁਝ ਜ਼ਿਆਦਾ ਨਹੀਂ ਲਿਖਿਆ ਜਾ ਰਿਹਾ। ਕਿਉਂਕਿ ਕੋਈ ਇਨ-ਕਲਾਬੀ ਲਹਿਰ ਨਹੀਂ ਹੈ। ਲਹਿਰਾਂ ਨੇ ਹੀ ਚੰਗਾ ਸਾਹਿਤ ਅਵਾਮ ਨੂੰ ਦੇਣਾ ਹੁੰਦਾ ਹੈ। ਬੱਸ ਰਪੀਟ ਹੋ ਰਿਹਾ ਹੈ।

? ਤੁਸੀਂ ਆਪਣੀ ਕਹਾਣੀ '25ਵਾਂ ਘੰਟਾ' ਨੂੰ ਸ਼ਾਹਕਾਰ ਰਚਨਾ ਮੰਨਦੇ ਹੋ ਜਾਂ ਅਜੇ ਲਿਖੀ ਜਾਣੀ ਹੈ?

\- ਇਸ ਕਹਾਣੀ ਤੇ ਮਾਣ ਕਰ ਸਕਦੀ ਹਾਂ ਬਾਕੀ ਤਾਂ ਸਮਾਂ ਹੀ ਦੱਸੇਗਾ।

? ਸੰਤਾਲੀ ਤੋਂ ਪਹਿਲਾਂ ਲਾਹੌਰ ਸਾਹਿਤ ਤੇ ਪ੍ਰੈਸ ਦਾ ਕੇਂਦਰ ਹੁੰਦਾ ਸੀ। ਸਾਰੀਆਂ ਅਖ਼ਬਾਰਾਂ ਇੱਧਰ ਆ ਗਈਆਂ ਉੱਧਰ ਕੀ ਹਾਲਤ ਹੈ?

\- ਰਾਣਾ ਨਵੀਦ ਇਕਬਾਲ : ਨਵੀਆਂ ਅਖ਼ਬਾਰਾਂ ਛਪਣੀਆਂ ਸ਼ੁਰੂ ਹੋਈਆਂ ਨੇ। ਅਖ਼ਬਾਰਾਂ ਪੜ੍ਹਨ ਵਾਲਿਆਂ ਦੀ ਗਿਣਤੀ ਘੱਟ ਹੈ। ਅਖ਼ਬਾਰ ਮਹਿੰਗੇ ਹਨ। 8-10 ਰੁਪਏ ਉਰਦੂ ਦੇ ਤੇ 12 ਰੁਪਏ ਦਾ ਅੰਗਰੇਜ਼ੀ ਅਖ਼ਬਾਰ ਮਿਲਦਾ ਹੈ। ਜੇ ਅਖ਼ਬਾਰਾਂ ਜਾਂ ਕਿਤਾਬਾਂ ਨੂੰ ਮਹਿੰਗੇ ਕਰ ਦਿਓਗੇ ਤਾਂ ਲੋਕਾਂ ਤੱਕ ਨਹੀਂ ਪੁੱਜਣਗੇ।

? ਤੁਹਾਨੂੰ ਭਾਰਤ ਅਤੇ ਪਾਕਿਸਤਾਨ ਵਿਚ ਕੀ ਅੰਤਰ ਲੱਗਦਾ ਹੈ?

\- ਕੁਝ ਵੀ ਨਹੀਂ। ਦੋਨਾਂ ਪਾਸਿਆਂ ਦੇ ਲੋਕ ਇਕੋ ਜਿਹੇ ਨੇ। ਮਾਸੂਮ ਚਿੜੀਆਂ ਤੇ ਘੁੱਗੀਆਂ ਵਰਗੇ। ਦੋਹਾਂ ਮੁਲਕਾਂ ਦੀਆਂ ਸਰਕਾਰਾਂ ਦਾ ਰੂਪ ਇਕੋ ਜਿਹਾ ਹੈ। ਚਿਹਰੇ ਅਲੱਗ ਨੇ। ਪਹਿਰਾਵੇ ਅਲੱਗ ਨੇ। ਅੰਦਰੋਂ ਇੱਕ ਨੇ। ਦੋਨੋਂ ਪਾਸੇ ਅਵਾਮ ਨੂੰ ਪੁੱਛਣ ਦਾ, ਉਨ੍ਹਾਂ ਦੀ ਇੱਛਾ ਅਨੁਸਾਰ ਕੰਮ ਕਰਨ ਦਾ ਰਿਵਾਜ਼ ਨਹੀਂ ਹੈ। ਲੋਕਾਂ ਤੇ ਠੋਸਿਆ ਜਾਂਦਾ ਹੈ।

? ਸੰਤਾਲੀ ਦੀ ਵੰਡ ਨਾਲ ਪੰਜਾਬ ਦਾ ਕੀ ਨੁਕਸਾਨ ਹੋਇਆ?

\- ਪੰਜਾਬ ਨੂੰ ਖੂਹ ਬਣਾ ਦਿੱਤਾ ਗਿਆ। ਸਾਹਿਤ ਵੇਖੋ, ਫਿਲਮਾਂ ਵੇਖੋ, ਜਿਹੜਾ ਮਰਜ਼ੀ ਖੇਤਰ ਵੇਖੋ। ਪੰਜਾਬੀਆਂ ਨੇ ਡੋਮੀਨੇਟ ਕਰਨਾ ਸੀ। ਪਰ ਕੁਝ ਲੋਕਾਂ ਨੇ ਪੰਜਾਬ ਨੂੰ ਵੰਡ ਕੇ ਪੰਜਾਬ ਦੇ ਸੱਭਿਆਚਾਰ ਤੇ ਸਾਹਿਤ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਇਸ ਵੰਡ ਨੇ ਪੰਜਾਹ ਸਾਲ ਪੰਜਾਬ ਪਿੱਛੇ ਪਾ ਦਿੱਤਾ। ਹੁਣ ਮਿਲਣ ਨਹੀਂ ਦੇਣਾ ਚਾਹੁੰਦੇ। ਫਿਲਮਾਂ ਵਿਚ ਪੰਜਾਬ ਦਾ ਸਭਿਆਚਾਰ ਜਾਂ ਕਰੈਕਟਰ ਵਿਗਾੜ ਕੇ ਪੇਸ਼ ਕਰਦੇ ਨੇ।

? ਤੁਸੀਂ ਵਿਆਹ ਕਿਉਂ ਨਹੀਂ ਕਰਵਾਇਆ?

\- ਹੀਰ ਅਜੇ ਵੀ ਖੇੜਿਆਂ ਦੇ ਵੱਸ ਪਈ ਹੋਈ ਆ। ਆਦਮੀ ਦੇ ਬਣਾਏ ਹੋਏ ਸਮਾਜ ਵਿਚ ਜ਼ਨਾਨੀ ਦੇ ਖਵਾਬ ਅੰਨ੍ਹੇ ਨਿਆਂ ਵਰਗੇ ਹੁੰਦੇ ਨੇ।

? 'ਸੀਤੇ ਨੀ ਸੀਤੇ! ਰਾਣੀ ਬਣਕੇ ਕੀ ਖੱਟਿਆ ਤੂੰ ਚੰਗਾ ਹੁੰਦਾ ਮਰੀਅਮ ਹੁੰਦੀ ਆਪਣੇ ਪੁੱਤਰ ਆਪੇ ਜੰਮ ਲੈਂਦੀ।' ਤੁਸੀਂ ਇਸ ਕਵਿਤਾ ਰਾਹੀਂ ਕੀ ਕਹਿਣਾ ਚਾਹੁੰਦੇ ਹੋ?

\- ਮੈਨੂੰ ਸੀਤਾ ਵਰਗੀਆਂ ਜ਼ਨਾਨੀਆਂ ਮਰਦਾਂ ਦੀਆਂ ਜ਼ਨਾਨੀਆਂ ਲੱਗਦੀਆਂ ਨੇ। ਮੇਰ ਖਾਹਿਸ਼ ਹੈ ਮੈਂ ਮਰੀਅਮ ਹੁੰਦੀ। ਆਪਣਾ ਪੁੱਤਰ ਆਪੇ ਜੰਮ ਲੈਂਦੀ।

? ਇਸ ਮਰਦ ਸਮਾਜੀ ਵਿਦਰੋਹ ਪਿੱਛੇ ਕਾਰਨ ਨਿਜੀ ਜਾਂ ਘਰੇਲੂ ਤਾਂ ਨਹੀਂ?

\- ਸਾਡੇ ਘਰਾਂ ਵਿਚ ਔਰਤਾਂ ਤੇ ਬਹੁਤ ਸਾਰੀਆਂ ਪਾਬੰਦੀਆਂ ਸਨ। ਬੁਰਕੇ ਵਿਚ ਰਹਿਣਾ। ਘਰੋਂ ਬਾਹਰ ਨਾ ਨਿਕਲਣਾ। ਮੈਂ ਜੇਠੀ ਸਾਂ ਤੇ ਆਪਣੇ ਨਾਨਕੇ ਪਿੰਡ ਕੂਮਕਲਾਂ (ਲੁਧਿਆਣਾ) ਵਿਖੇ ਜੰਮੀ। ਕੁੜੀ ਹੋਣ ਕਰਕੇ ਸਿੰਬਲੀ ਵਾਲੇ ਮੈਨੂੰ ਪਿੰਡ ਨਹੀਂ ਲੈ ਕੇ ਗਏ ਸੀ। ਨਾਨਕੇ ਪਿੰਡ ਇਕ ਵਿਧਵਾ ਬੇ-ਸਹਾਰਾ ਔਰਤ (ਘਰਾਂ ਵਿਚੋਂ ਮਾਸੀ ਲੱਗਦੀ ਸੀ) ਨੇ ਮੈਨੂੰ ਪਾਲਿਆ। ਉਹ ਮੇਰੀ ਕਾਕੀ ਮਾਂ ਸੀ। ਜਦੋਂ ਉਹ ਮਰੀ ਤੇ ਘਰ ਮੁੰਡੇ ਜੰਮੇ ਤਾਂ ਸਿੰਬਲੀ ਵਾਲੇ ਮੈਨੂੰ ਪਿੰਡ ਲੈ ਕੇ ਗਏ ਸਨ।

? ਤੁਹਾਡੇ ਘਰਾਂ ਵਿਚ ਐਨੀਆਂ ਪਾਬੰਦੀਆਂ ਪਰ ਤੁਸੀਂ ਲੈਕਚਰਾਰ ਦੇ ਅਹੁਦੇ ਤੋਂ ਰਿਟਾਇਰ ਹੋਏ। ਇਥੋਂ ਤੱਕ ਕਿਵੇਂ ਪੁੱਜੇ?

\- ਮੇਰੀ ਮਾਂ ਨੇ ਆਪਣੀ ਸ਼ਹਿਰਨ ਚਾਚੀ ਤਾਈ ਕੋਲੋਂ ਇਲਮ ਗ੍ਰਹਿਣ ਕੀਤਾ ਸੀ। ਉਹ ਮੈਨੂੰ ਚੋਰੀ ਪੜ੍ਹਾਉਂਦੇ। ਚੱਟੀ ਲਿਖਵਾਉਂਦੇ। ਇਹ ਕੰਮ ਘਰ ਵਿਚ ਦੁਪਹਿਰ ਸਮੇਂ ਜਾਂ ਰਾਤ ਨੂੰ ਲੁਕ ਕੇ ਹੁੰਦਾ ਸੀ। ਘਰ ਵਿਚ ਫੱਟੀ ਬਸਤੇ ਲੁਕਾ ਦਿੱਤੇ ਜਾਂਦੇ। ਮੇਰੇ ਅੱਬਾ ਕੋਇਟੇ ਪੁਲਿਸ ਅਫਸਰ ਸਨ। ਉਥੇ ਜਾ ਕੇ ਪੜ੍ਹਨ ਦਾ ਮੌਕਾ ਮਿਲਿਆ ਉਹ ਵੀ ਘਰਦਿਆਂ ਤੋਂ ਚੋਰੀ। ਮੇਰੇ ਅੱਬਾ ਨੇ ਪੜ੍ਹਾਈ ਕਰਾਈ।

? ਇਕ ਪਾਸੇ ਸਿੰਬਲੀ ਦੀ ਧਰਤੀ 'ਤੇ ਸੁੰਦਰ ਸਿੰਘ, ਗੋਕਲ ਸਿੰਘ, ਗੇਂਦਾ ਸਿੰਘ ਵਰਗੇ ਗਦਰੀ ਦੇਸ਼ ਭਗਤਾਂ ਦਾ ਕਾਮਾਗਾਟਾਮਾਰੂ ਜਹਾਜ਼ ਵਿਚ ਆਉਣਾ ਤੇ ਜੇਲ੍ਹ ਜਾਣਾ। ਗੋਪਾਲ ਸਿੰਘ ਵਰਗੇ ਦੇਸ਼ ਭਗਤ ਗੁਰੂ ਕਾ ਬਾਗ ਮੋਰਚੇ ਵਿਚ ਦੁਨੀਆਂ ਨੂੰ ਅਲਵਿਦਾ ਕਹਿ ਜਾਣਾ। ਦੂਜੇ ਪਾਸੇ ਤੁਹਾਡੇ ਪਰਿਵਾਰ ਦਾ ਕਤਲੇਆਮ। ਪਿੰਡ ਦੇ ਲੋਕਾਂ ਬਾਰੇ ਕੀ ਰਾਇ ਬਣੀ?

\- ਇਹ 'ਤੇ ਧਰਮ ਨਿਰਪੱਖ ਲੋਕ ਸਨ। ਪਰ ਸਾਰੇ ਲੋਕ ਨਾ ਧਰਮ ਨਿਰਪੱਖ ਹੁੰਦੇ ਹਨ ਤੇ ਨਾ ਹੀ ਦੇਸ਼ ਭਗਤ। ਹਰ ਥਾਂ ਹਰ ਤਰ੍ਹਾਂ ਦੇ ਲੋਕ ਮਿਲ ਜਾਂਦੇ ਹਨ। ਮਾਰਨ ਵਾਲੇ ਵੀ ਤੇ ਬਚਾਉਣ ਵਾਲੇ ਵੀ। ਬਾਕੀ ਇਹ ਸਿੰਬਲੀ ਵਾਲੇ ਹਮਲਾਵਰਾਂ ਅੱਗੇ ਬੇਬੱਸ ਹੋ ਗਏ ਹੋਣਗੇ।

? ਸਿੰਬਲੀ ਆਉਣ ਤੋਂ ਬਾਅਦ 'ਮਨ ਦੀਆਂ ਬਸਤੀਆਂ' ਵਿਚ ਕੁਝ ਵਸਿਆ ਉਜੜਿਆ ਹੋਵੇ?

\- 53 ਵਰ੍ਹਿਆਂ ਦਾ ਬੋਝ ਸਵੈ-ਜੀਵਨੀ ਲਿਖ ਕੇ ਲਾਹ ਦਿੱਤਾ ਸੀ। ਪਰ ਹੁਣ ਸਿੰਬਲੀ ਨੇ ਹੋਰ ਵੀ ਬਹੁਤ ਕੁਝ ਦਿੱਤਾ ਹੈ। ਨਵੇਂ ਐਡੀਸ਼ਨ ਵਿਚ ਤਬਦੀਲੀਆਂ ਕਰਾਂਗੀ।

? ਤੁਹਾਡੇ ਪਰਿਵਾਰ ਤੇ ਕਤਲੇਆਮ ਦੀ ਪਿੰਡ ਵਾਸੀਆਂ ਤੇ ਸਾਹਿਤ ਸਭਾਵਾਂ ਨੇ ਮਾਫ਼ੀ ਮੰਗੀ ਹੈ। ਕੀ ਤੁਸੀਂ ਮਾਫ਼ ਕਰ ਦਿੱਤਾ ਹੈ?

\- ਹਾਂ, ਮੇਰੇ ਅੰਦਰ ਇਕ ਜਵਾਲਾ ਭੜਕ ਰਹੀ ਸੀ। ਉਹ ਕੁਝ ਸ਼ਾਂਤ ਹੋਈ ਹੈ। ਇਹ ਇਕ ਅੱਛੀ ਪਿਰਤ ਹੈ। ਪਰ ਮਾਫ਼ੀ ਮੰਗਣ ਵਾਲੇ ਮੇਰੇ ਆਪਣੇ ਨੇ। ਜਿਨ੍ਹਾਂ ਕਤਲੇਆਮ ਕੀਤਾ ਜਾਂ ਕਰਵਾਇਆ ਉਨ੍ਹਾਂ ਥੋੜਾ ਮਾਫ਼ੀ ਮੰਗੀ ਹੈ।

? ਪਿੰਡ ਆ ਕੇ ਕੀ ਮਿਲਿਆ?

\- ਆਪਣੇ ਪੁਰਖਿਆਂ ਦੀ ਜਨਮ ਭੋਇੰ 'ਤੇ ਆ ਕੇ ਆਪਣੇ ਅੰਦਰਲਾ ਗੁਬਾਰ ਕੱਢ ਲਿਆ। ਇਥੇ ਆ ਕੇ ਮੈਨੂੰ ਉਹ ਸਕੂਨ ਮਿਲਿਆ ਜਿਸਨੂੰ ਪ੍ਰਭਾਸ਼ਿਤ ਨਹੀਂ ਕੀਤਾ ਜਾ ਸਕਦਾ। ਜਦੋਂ ਇਥੋਂ ਉੱਜੜ ਕੇ ਗਏ ਸਾਂ ਤਦ 11-12 ਸਾਲਾਂ ਦੀ ਹੋਵਾਂਗੀ। ਜ਼ਿਹਨ ਤੇ ਜੋ ਨਕਸ਼ ਬਣੇ ਹੋਏ ਸਨ, ਉਹ ਦੇਖ ਕੇ ਪ੍ਰਸੰਨ ਹੋਈ ਹਾਂ। ਮੈਨੂੰ ਪਰਿਵਾਰ ਦੇ ਮੈਂਬਰ ਜਾਂ ਘਰ ਨਹੀਂ ਮਿ-ਲਿਆ। ਪਰ ਘਰ ਵਰਗਾ ਮੋਹ ਜ਼ਰੂਰ ਮਿਲਿਆ। ਤੁਹਾਡੇ ਵਰਗੇ ਬੰਦੇ ਜਿਨ੍ਹਾਂ ਮੇਰੇ ਜੀਵਨ ਨਾਲ ਜੁੜੀਆਂ ਖੌਫ਼ਨਾਕ ਯਾਦਾਂ, ਗਲੀਆਂ, ਵਿਹੜੇ, ਚੁਬਾਰੇ, ਖੂਹ, ਮਸਜਿਦਾਂ, ਖੇਤ ਰੂ-ਬ-ਰੂ ਕਰਵਾ ਕੇ ਮੈਨੂੰ ਸ਼ਾਂਤ ਕੀਤਾ। ਤੁਹਾਨੂੰ ਜਾਂ ਸਾਰਾ ਕੁਝ ਦੇਖਕੇ ਲੱਗਾ ਕਿ ਧਾੜਵੀ ਮੇਰੇ ਘਰ ਦੇ ਜੀਆਂ ਨੂੰ ਵੱਢ ਨਹੀਂ ਸਕੇ। ਉਹ ਜਿਉਂਦੇ ਨੇ। ਤੁਸੀਂ ਜਿਉਂਦੇ ਹੋ ਨਾ। ਮਾਨਵਤਾ ਦਾ ਸੁਨੇਹਾ ਦੇਣ ਵਾਲੇ।

? ਸਭ ਤੋਂ ਵੱਡੀ ਪ੍ਰਾਪਤੀ ਕੀ ਹੈ?

\- ਮੇਰੇ ਬਜ਼ੁਰਗਾਂ ਦਾਦਾ ਜਾਨ ਗੁਲਾਮ ਗੌਂਸ ਖਾਂ ਤੇ ਉਨ੍ਹਾਂ ਦੇ ਭਰਾ ਫਤਹਿ ਖਾਂ ਵਲੋਂ ਲਿਖੀ ਰਜਿਸਟਰੀ, ਰਜਿਸਟਰੀ 'ਤੇ ਉਨ੍ਹਾਂ ਦੇ ਲੱਗੇ ਹੋਏ ਅੰਗੂਠੇ ਬਜ਼ੁਰਗ ਸ. ਅਮਰ ਸਿੰਘ ਕੋਲੋਂ ਮਿਲੀ ਹੈ।

? ਤੁਸੀਂ ਇਥੇ ਆ ਕੇ ਨਿਰਾਸ਼ ਤਾਂ ਨਹੀਂ ਹੋਏ, ਥੱਕੇ ਤਾਂ ਨਹੀਂ?

\- ਮੈਂ ਥੱਕੀ ਨਹੀਂ ਉਂਝ ਵਕਤ ਨੂੰ ਯਾਦ ਕੀਤਾ ਹੈ। ਕਿਤੇ ਨਾਨਕੇ-ਦਾਦਕੇ, ਕਿਤੇ ਨਹਿਰਾਂ, ਖੇਤ, ਹਵੇਲੀਆਂ, ਉਹ ਖੂਹ ਦੇਖੇ ਜਿਥੇ ਮਾਂ ਜਾਈਆਂ ਡੁੱਬੀਆਂ। ਚਾਚਿਆਂ, ਤਾਇਆਂ, ਭਰਾਵਾਂ, ਭੈਣਾਂ,ਚਾਚੀਆਂ, ਤਾਈਆਂ, ਮਾਵਾਂ ਤੇ ਬੱਚਿਆਂ ਦੇ ਖੂਨ ਦੇ ਨਿਸ਼ਾਨ ਲੱਭੇ ਨੇ।

? ਜਦੋਂ ਕਾਰਗਿਲ ਦਾ ਯੁੱਧ ਚੱਲ ਰਿਹਾ ਸੀ ਤਾਂ ਲੋਕਾਂ ਵਿਚ ਕੀ ਪ੍ਰਤੀਕਿਰਿਆ ਸੀ?

\- ਕੋਈ ਖ਼ਾਸ ਨਹੀਂ। ਪਹਿਲੀਆਂ ਜੰਗਾਂ ਵੇਲੇ ਕੁੜੱਤਣ ਜ਼ਿਆਦਾ ਸੀ।

? ਕਾਰਨ?

\- ਨਵੀਂ ਪੀੜ੍ਹੀ ਮਜ਼ੇ ਵਿਚ ਰਹਿਣਾ ਚਾਹੁੰਦੀ ਹੈ। ਉਂਝ ਵੀ ਅਵਾਮ ਨੂੰ ਨਾਹਰਿਆਂ ਦੀ ਅਸਲੀਅਤ ਪਤਾ ਲੱਗ ਗਈ ਹੈ।

? ਪਾਕਿਸਤਾਨ ਦੇ ਲੋਕ ਭਾਰਤੀ ਲੋਕਾਂ ਬਾਰੇ ਕੀ ਸੋਚਦੇ ਹਨ?

\- ਅਵਾਮ ਵਿਚ ਮਿਲਣ ਦੀ ਬੜੀ ਚਾਹਤ ਹੈ। ਉਹ ਚਾਹੁੰਦੇ ਨੇ ਮਿਲਣ ਲਈ ਸਰਹੱਦਾਂ ਖੋਲ੍ਹ ਦੇਣੀਆਂ ਚਾਹੀਦੀਆਂ ਹਨ।

? ਜੇ ਸਰਹੱਦਾਂ ਖੋਲ੍ਹ ਦਿੱਤੀਆਂ ਜਾਣ ਤਾਂ ਕੀ ਤਬਦੀਲੀ ਆਵੇਗੀ?

\- ਕਲਾਸ ਕਰੈਕਟਰ ਬਦਲੇਗਾ। ਧਾਰਮਿਕ ਅਸਹਿਣਸ਼ੀਲਤਾ ਘਟੇਗੀ। ਲੋਕੀ ਆਪਸ ਵਿਚ ਮਿਲਣਗੇ। ਭਾਈਚਾਰਾ ਵਧੇਗਾ। ਦੂਰੀਆਂ ਘਟਣਗੀਆਂ। ਆਪਸ ਵਿਚ ਵਿਆਹ ਹੋਣਗੇ।

? ਜਿਵੇਂ ਲਾਹੌਰ ਦਿੱਲੀ ਬੱਸ ਸੇਵਾ ਸ਼ੁਰੂ ਹੋਈ ਹੈ। ਇਹ ਕਿਹੋ ਜਿਹਾ ਉਪਰਾਲਾ ਲੱਗਾ?

\- ਅਵਾਮ ਨੇ ਸਵਾਗਤ ਕੀਤਾ ਹੈ। ਪਰ ਇਹ ਬੱਸ ਪਹਿਲਾਂ ਦਿੱਲੀ ਪੁੱਜਦੀ ਹੈ। ਵੰਡ ਤਾਂ ਪੰਜਾਬੀਆਂ ਦੀ ਹੋਈ ਹੈ। ਇਹ ਕਿੱਡੀ ਹਾਸੋਹੀਣੀ ਗੱਲ ਹੈ ਕਿ ਪਹਿਲਾਂ ਅਸੀਂ ਦਿੱਲੀ ਜਾਵਾਂਗੇ। ਮੁੜ ਕੇ ਪੰਜਾਬ ਆਈਏ। ਇਹ ਬੱਸ ਪਹਿਲਾਂ ਪੰਜਾਬ ਵਿਚ ਰੁਕਣੀ ਚਾਹੀਦੀ ਹੈ।

? ਪਾਕਿਸਤਾਨ ਵਿਚ ਪ੍ਰੋਗ੍ਰੈਸਿਵ ਜਥੇਬੰਦੀਆਂ ਖ਼ਾਸ ਤੌਰ 'ਤੇ ਕਮਿਊਨਿਸਟਾਂ 'ਤੇ ਪਾਬੰਦੀ ਹੈ। ਕਿਵੇਂ ਜੂਝ ਰਹੇ ਨੇ ਉਹ ਲੋਕ?

\- ਸੰਸਾਰ ਪੱਧਰ 'ਤੇ ਪ੍ਰੋਗ੍ਰੈਸਿਵ ਫੋਰਸਜ਼ ਕਮਜ਼ੋਰ ਹੋ ਗਈਆਂ ਨੇ। ਪਰ ਐਨੀਆਂ ਵੀ ਨਹੀਂ। ਲੜਨਾ ਤੇ ਉਨ੍ਹਾਂ ਦੀ ਜ਼ਿੰਦਗੀ ਦਾ ਇਕ ਹਿੱਸਾ ਹੈ।

? ਫੌਜੀ ਹਕੂਮਤ ਦੇ ਖਿਲਾਫ਼ ਪਾਕਿਸਤਾਨ ਦੇ ਲੋਕ ਜਥੇਬੰਦ ਕਿਉਂ ਨਹੀਂ ਹੋਏ?

\- ਇਕ ਤੇ ਇਹ ਮਾਰਸ਼ਲ ਫੌਜੀ ਰਾਜ ਨਹੀਂ ਹੈ। ਦੂਜਾ ਬੇਨਜ਼ੀਰ ਭੁੱਟੋ ਜਾਂ ਸ਼ਰੀਫ ਦੀਆਂ ਸਰਕਾਰਾਂ ਵਿਚ ਕਿਹੜੀ ਜਮਹੂਰੀਅਤ ਸੀ। ਉਨ੍ਹਾਂ ਨੇ ਲੋਕਾਂ ਨੂੰ ਮਾਯੂਸ ਕੀਤਾ। ਸਰਮਾਏਦਾਰੀ ਵਧੀ। ਜਮਹੂਰੀਅਤ ਦਾ ਕਤਲ ਹੋਇਆ। ਤੀਜਾ ਪ੍ਰੋਗ੍ਰੈਸਿਵ ਫੋਰਸਜ਼ ਜ਼ਿਆਦਾ ਕਮਜ਼ੋਰ ਨੇ।

? ਫਿਰ ਵੀ ਜਮਹੂਰੀਅਤ ਅਤੇ ਫੌਜੀ ਰਾਜ ਵਿਚ ਫ਼ਰਕ ਤਾਂ ਹੋਏਗਾ ਹੀ?

\- ਲਿਹ-ਾਜ਼ਾ ਜਮਹੂਰੀਅਤ ਅਵਾਮ ਨੂੰ ਇਲਮ ਨਹੀਂ ਦਿੰਦੀ। ਰੋਟੀ ਨਹੀਂ ਦਿੰਦੀ। ਐਟਮ ਬੰਬ ਬਣਾਉਣ ਨਾਲ ਸ਼ਾਂਤੀ ਨਹੀਂ ਹੁੰਦੀ। ਤੇ ਇਹ ਦੋਨਾਂ ਮੁਲਕਾਂ ਦੀ ਹੋਣੀ ਹੈ।

? ਆਉਣ ਵਾਲੇ ਸਾਲਾਂ ਵਿਚ ਭਾਰਤ-ਪਾਕਿਸਤਾਨ ਜੰਗ ਲੱਗਣ ਦਾ ਖ਼ਤਰਾ ਹੈ?

\- ਕੋਈ ਜੰਗ ਨਹੀਂ ਲੱਗੇਗੀ। ਐਟਮ ਬੰਬ ਲੀਡਰਾਂ ਨੇ ਬਣਾਏ ਹਨ, ਲੋਕਾਂ ਨੇ ਨਹੀਂ। ਜਿਨਾ ਚਿਰ ਲੋਕ ਜਿਉਂਦੇ ਨੇ ਜੰਗਾਂ ਨਹੀਂ ਹੋਣਗੀਆਂ।

? ਪਰ ਪਹਿਲਾਂ ਜੰਗਾਂ ਹੋਈਆਂ ਨੇ। ਕਾਰਗਿਲ ਦਾ ਯੁੱਧ ਹੋਇਆ ਹੈ?

\- ਉਹ ਲੋਕਾਂ ਦੀਆਂ ਜੰਗਾਂ ਨਹੀਂ ਸਨ। ਹਾਕਮਾਂ ਦੀ ਇੱਛਾ ਸੀ। ਜਦੋਂ ਲੋਕ ਲੜਨਗੇ ਤਾਂ ਰੋਟੀ ਤੇ ਵਧੀਆ ਜ਼ਿੰਦਗੀ ਦੀ ਮੰਗ ਲਈ ਲੜਨਗੇ। ਕਾਣੀ ਵੰਡ ਵਾਲੇ ਸਿਸਟਮ ਵਿਰੁੱਧ ਲੜਨਗੇ।

? ਲੋਕ ਲੜੇ ਤਾਂ ਸਨ। ਸੰਤਾਲੀ ਦੇ ਦੰਗਿਆਂ ਵੇਲੇ 10 ਲੱਖ ਪੰਜਾਬੀਆਂ ਦਾ ਕਤਲ ਹੋਇਆ। ਤੁਹਾਡੇ ਘਰ ਦੇ 12 ਜੀਅ ਵੱਢ ਦਿੱਤੇ ਗਏ। ਹੁਣ ਵੀ ਸੰਘ ਪਰਿਵਾਰ ਵਲੋਂ ਧਾਰਮਿਕ ਅਤੇ ਸਭਿਆਚਾਰਕ ਦਹਿਸ਼ਤਗਰਦੀ ਹੇਠ ਦੰਗੇ ਭੜਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ?

\- ਸਾਡੇ ਲੋਕ ਭੋਲੇ ਨੇ। ਕਈ ਵਾਰ ਹਾਕਮਾਂ ਦੇ ਕਹਿਣੇ ਵਿਚ ਆ ਜਾਂਦੇ ਨੇ। ਧਰਮ ਤੇ ਰਾਜਨੀਤੀ ਦੀ ਰਲਗੱਡ ਵੀ ਪੰਗਾ ਪਾਉਂਦੀ। ਪਰ ਮੇਰਾ ਅਟੱਲ ਵਿਸ਼ਵਾਸ ਹੈ ਕਿ ਲੋਕ ਆਪਸ ਵਿਚ ਨਹੀਂ ਲੜਣਗੇ ਸਗੋਂ ਲੜਾਉਣ ਵਾਲਿਆਂ ਨਾਲ ਟੱਕਰ ਲੈਣਗੇ।

? ਸਮਾਜਵਾਦੀ ਦਿਨੋਂ ਦਿਨ ਸੁੰਘੜੀ ਜਾ ਰਹੇ ਨੇ। ਤੁਸੀਂ ਸਮਾਜਵਾਦੀ ਹੋਣ ਦੇ ਨਾਤੇ ਕੀ ਕਹਿਣਾ ਚਾਹੁੰਦੇ ਹੋ?

\- ਵਕਤ ਸਭ ਕੁਝ ਬਦਲ ਦਿੰਦਾ ਹੈ। ਵਕਤ ਜ਼ਰੂਰ ਬਦਲੇਗਾ। ਕਮਿਊਨਿਸਟਾਂ 'ਤੇ ਬਹੁਤ ਸਾਰੀਆਂ ਭਾਰੀਆਂ ਪਈਆਂ। ਪਰ ਉਂਝ ਸੰਸਾਰ ਪੱਧਰ 'ਤੇ ਲੋਕਾਂ ਵਿਚ ਇਨਕਲਾਬ ਦੀ ਪਿਆਸ ਹੈ। ਇਨਕਲਾਬ ਤਾਂ ਸੂਰਜਾਂ ਦਾ ਨਾਂ ਹੈ। ਸੂਰਜਾਂ ਨੂੰ ਚੜ੍ਹਨੋਂ ਕੌਣ ਰੋਕੇਗਾ।

? ਤੁਸੀਂ ਬਗਾਵਤੀ ਸੁਰ ਕਿਥੋਂ ਲਈ?

\- ਮੇਰੇ ਇਲਮ ਨੇ ਮੈਨੂੰ ਅਵਾਜ਼ ਦਿੱਤੀ। ਤਵਾਰੀਖ਼ ਦੀ ਚੇਤਨਾ ਨੇ ਦਿੱਤੀ। ਇਸ ਚੇਤਨਾ ਨਾਲ ਮਾੜੇ ਤੇ ਦੱਬੇ-ਕੁਚਲੇ ਲੜ ਸਕਦੇ ਨੇ। ਇਲਮ ਨੇ ਮੈਨੂੰ ਮਾਰਕਸ ਦੀ ਸ਼ਾਗਿਰਦਨੀ ਬਣ-ਾਇਆ। ਮੈਂ ਜ਼ੁਲਮ, ਬਦੀ, ਬੇਇਨਸਾਫੀ ਤੇ ਝੂਠ ਦੇ ਖਿਲਾਫ਼ ਲੜਦੀ ਪਈ ਹਾਂ।

? ਲੋਕਾਂ ਨੂੰ ਇਨਕਲਾਬੀ ਲਹਿਰ ਦੀ ਲੋੜ ਬੜੀ ਹੈ। ਪਰ ਲਹਿਰ ਕਿਉਂ ਨਹੀਂ ਹੈ?

\- ਲੀਡਰਸ਼ਿਪ ਨਹੀਂ ਹੈ।

? ਪਾਕਿਸਤਾਨ ਵਿਚ ਪ੍ਰੈਸ 'ਤੇ ਹਮਲੇ ਬੜੇ ਹੋ ਰਹੇ ਨੇ?

\- ਤੁਸੀਂ ਮੈਨੂੰ ਦੱਸੋ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਪ੍ਰੈਸ ਨੂੰ ਕਿੰਨੀ ਕੁ ਆਜ਼ਾਦੀ ਹੈ। ਭਾਰਤ ਦੀ ਪ੍ਰੈਸ ਨੂੰ ਕਿੰਨੀ ਕੁ ਆਜ਼ਾਦੀ ਹੈ?

? ਭਾਰਤ ਵਾਂਗ ਪਾਕਿਸਤਾਨ ਵਿਚ ਵੀ ਬਹੁ-ਕੌਮੀ ਵਿਦੇਸ਼ੀ ਕੰਪਨੀਆਂ ਨੂੰ ਖੁੱਲ੍ਹੀਆਂ ਬਾਰੀਆਂ ਦੀ ਰੋਸ਼ਨੀ ਕਿਹਾ ਜਾ ਰਿਹਾ ਹੈ?

\- ਬਰਜੂਆ ਕਲਾਸ ਹੀ ਵੈਲਕਮ ਕਰ ਰਹੀ ਹੈ। ਅਵਾਮ ਲਈ ਵਿੰਡੋ ਬੰਦ ਹੀ ਹੈ।

? ਜਿਸ ਸ਼ਿੱਦਤ ਤੇ ਨਿਡਰਤਾ ਨਾਲ ਸੰਤਾਲੀ ਦੀ ਵੱਢ ਟੁੱਕ ਦੇ ਕਾਰਨਾਂ ਦਾ ਇਧਰ ਲਿਖਿਆ ਗਿਆ ਹੈ। ਉਧਰ ਨਹੀਂ। ਇਹਦਾ ਕਾਰਨ ਤਾਨਾਸ਼ਾਹੀ ਰਾਜ ਜਾਂ ਕੋਈ ਹੋਰ ਕਾਰਨ?

\- ਕਾਕਾ ਜੀ, ਲਿਖਿਆ ਗਿਆ ਹੈ ਪਰ ਤੁਹਾਡੇ ਤੱਕ ਪੁੱਜਾ ਨਹੀਂ ਹੈ। ਸਾਆਦਤ ਹਸਨ ਮੰਟੋ ਉਸ ਧਰਤੀ ਤੇ ਰਹਿ ਕੇ ਹੀ ਲਿਖਦਾ ਰਿਹਾ ਹੈ। ਹੁਣ ਤੂੰ ਸੰਤਾਲੀ 'ਤੇ ਬਥੇਰਾ ਕੰਮ ਕੀਤਾ ਹੈ। ਬਹੁਤ ਥੋੜ੍ਹਾ ਉਧਰ ਪੁੱਜਿਆ ਹੈ।

? ਸਾਡੀ ਹਿੱਕ ਤੇ ਵਾਘੇ ਦੀ ਵਾਹੀ ਲੀਕ ਕਦੋਂ ਮਿਟੇਗੀ?

\- ਜਦੋਂ ਸਾਡੇ ਲੋਕ ਸੌੜੀ ਸਿਆਸਤ ਵਾਲੇ ਸਿਆ-ਸਤਦਾਨਾਂ ਵਲੋਂ ਇਸਤੇਮਾਲ ਹੋਣ ਤੋਂ ਨਾਂਹ ਕਰ ਦੇਣਗੇ।

? ਲੋਕਾਂ ਨੂੰ ਕੁੜੱਤਣ ਘਟਾਉਣ ਲਈ ਕੀ ਕਰਨਾ ਚਾਹੀਦਾ ਹੈ?

\- ਆਪਣੀ ਪੰਜਾਬੀ ਮਾਂ ਬੋਲੀ ਨੂੰ ਬਚਾਉਣਾ ਚਾਹੀਦਾ ਹੈ। ਬੋਲੀ ਦੀ ਸਾਂਝ ਹੀ ਲੋਕਾਂ ਨੂੰ ਮਿਲਾਏਗੀ।

? ਤੁਹਾਨੂੰ ਇੰਡੀਆ ਦੇ ਕਿਹੜੇ ਲੋਕ ਚੰਗੇ ਲੱਗਦੇ ਨੇ?

\- ਪ੍ਰੋਗ੍ਰੈਸਿਵ। ਲਤਾ ਮੰਗੇਸ਼ਕਰ, ਮੀਨਾ ਕੁਮਾਰੀ ਚੰਗੀਆਂ ਲੱਗਦੀਆਂ ਹਨ। ਸ਼ਹੀਦ ਭਗਤ ਸਿੰਘ ਮੇਰਾ ਖਾਸ ਹੀਰੋ ਹੈ।

(ਬਾਕੀ ਸਫਾ 22 ਤੇ)

# ਲੋਕ ਕਵੀ ਸੰਤ ਰਾਮ ਉਦਾਸੀ ਨੂੰ ਸਮਰਪਿਤ ਵਿਸ਼ਾਲ ਸਾਹਿਤਕ ਅਤੇ ਪੁਸਤਕ ਰਿਲੀਜ ਸਮਾਗਮ

ਮਾਹਿਲਪੁਰ (ਸ਼ਿਵ ਕੁਮਾਰ ਬਾਵਾ ) ਖਾਲਸਾ ਕਾਲਜ ਵਿਖੇ ਦੋਆਬਾ ਲਿਖਾਰੀ ਸਭਾ ਰਜਿ ਵਲੋਂ ਲੋਕ ਕਵੀ ਸੰਤ ਰਾਮ ਉਦਾਸੀ ਦੇ 77 ਵੇਂ ਜਨਮ ਦਿਨ ਨੂੰ ਸਮਰਪਿਤ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਸਮਕਾਲੀ ਪੰਜਾਬੀ ਕਵਿਤਾ ਉਤੇ ਵਿਦਵਾਨ ਲੇਖਕਾਂ ਵਲੋਂ ਗੋਸ਼ਟੀ ਕੀਤੀ ਗਈ ਅਤੇ ਪੰਜਾਬੀ ਕਵਿਤਾ ਵਿਚ ਚੇਤਨਾ ਭਰਨ ਵਾਲੇ ਸਾਇਰ ਸੰਤ ਰਾਮ ਉਦਾਸੀ ਦੇ ਜੀਵਨ ਸੰਘਰਸ਼ ਅਤੇ ਵਿਚਾਰ ਧਾਰਾ ਬਾਰੇ ਪਰਚੇ ਪੜ੍ਹੇ ਗਏ। ਸਮਾਗਮ ਦੇ ਪਹਿਲੇ ਸ਼ੈਸ਼ਨ ਦੌਰਾਨ ਪ੍ਰਧਾਨਗੀ ਮੰਡਲ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਡੀਨ (ਕਾਲਜਾਂ) ਡਾ ਰਜਿੰਦਰਪਾਲ ਸਿੰਘ ਬਰਾੜ, ਕਹਾਣੀਕਾਰ ਅਤਰਜੀਤ, ਪਵਨ ਹਰਚੰਦਪੁਰੀ, ਪ੍ਰੋ ਸੰਧੂ ਵਰਿਆਣਵੀ ਅਤੇ ਸ੍ਰੀਮਤੀ ਇਕਬਾਲ ਕੌਰ ਉਦਾਸੀ ਸ਼ਾਮਿਲ ਹੋਏ। ਸਮਾਗਮ ਦੇ ਅਰੰਭ ਮੌਕੇ ਹਾਜਰ ਵਿਦਵਾਨਾਂ ਅਤੇ ਸਰੋਤਿਆਂ ਵਲੋਂ ਮੋਗਾ ਕਾਂਡ ਦੀ ਸ਼ਿਕਾਰ ਲੜਕੀ ਦੇ ਕਤਲ ਉਤੇ ਦੋ ਮਿੰਟ ਦਾ ਮੋਨ ਰੱਖਿਆ ਗਿਆ ਅਤੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸਭਾ ਦੇ ਪ੍ਰਧਾਨ ਪ੍ਰੋ ਸੰਧੂ ਵਰਿਆਣਵੀ ਨੇ ਜੀ ਆਇਆਂ ਕਿਹਾ ਅਤੇ ਸਭਾ ਵਲੋਂ ਇਸ ਸਾਲ ਵਿਚ ਕਰਵਾਏ ਜਾਣਵਾਲੇ ਸਾਹਿਤਕ ਸਮਾਗਮਾ ਦੀ ਰੂਪ ਰੇਖਾ ਸਬੰਧੀ ਜਾਣਕਾਰੀ ਦਿੱਤੀ। ਮੁੱਖ ਮਹਿਮਾਨ ਡਾ ਰਜਿੰਦਰਪਾਲ ਸਿੰਘ ਬਰਾੜ ਨੇ ਆਪਣੇ ਮੁੱਖ ਸੁਰ ਭਾਸ਼ਨ ਵਿਚ ਪੰਜਾਬੀ ਕਵਿਤਾ ਵਿਚ ਪ੍ਰਤੀਰੋਧੀ (ਨਾਬ) ਚੇਤਨਾ ਸਬੰਧੀ ਵਿਚਾਰ ਰੱਖੇ। ਉਹਨਾਂ ਕਿਹਾ ਕਿ ਪੰਜਾਬ ਮੂਲ ਤਾਸੀਰ ਹੀ ਵਿਦਰੋਹ ਅਤੇ ਨਾਬਰੀ ਵਾਲੀ ਹੈ ਅਤੇ ਇਸਦਾ ਪ੍ਰਗਟਾਵਾ ਲੋਕ ਕਾਵਿ, ਮੱਧ ਕਾਲੀ ਕਵਿਤਾ ਤੇ ਆਧੁਨਿਕਸਾਹਿਤ ਵਿਚ ਭਲੀ ਭਾਂਤ ਮਿਲਦਾ ਹੈ। ਉਹਨਾਂ ਕਿਹਾ ਕਿ ਅੱਜ ਕੱਲ੍ਹ ਦੇ



ਵਿਸ਼ਵੀਕਰਨ ਕਰਨ ਵਾਲੇ ਦੌਰ ਵਿਚ ਪੰਜਾਬੀ ਸਾਹਿਤਕਾਰਾਂ ਨੂੰ ਘੱਟ ਗਿਣਤੀਆਂ, ਔਰਤਾਂ , ਦਲਿਤਾਂ , ਜਮਾਤੀ ਵਿਤਕਰਿਆਂ ਅਤੇ ਹੋਰ ਹਾਸ਼ੀਅਤ ਧਿਰਾਂ ਦੀ ਸੰਵੇਦਨਾਂ ਨੂੰ ਪ੍ਰਤੀਰੋਧੀ ਚੇਤਨਾ ਦੇ ਨਵੇਂ ਪ੍ਰਸੰਗ ਵਿਚ ਪੇਸ਼ ਕਰਨ ਦੀ ਲੋੜ ਹੈ। ਇਸ ਮੌਕੇ ਪ੍ਰਧਾਨਗੀ ਮੰਡਲ ਵਲੋਂ ਡਾ ਚਰਨਜੀਤ ਕੌਰ ਵਲੋਂ ਲਿਖੀ ਪੁਸਤਕ ' ਸੰਤ ਰਾਮ ਉਦਾਸੀ : ਜੀਵਨ ਤੇ ਰਚਨਾ , ਪ੍ਰੋ ਜੇ ਬੀ ਸੇਖੋਂ ਵਲੋਂ ਸੰਪਾਦਤ " ਲਕੀਰਾਂ ਦੇ ਆਰ ਪਾਰ' ਅਤੇ ਪ੍ਰੋ ਸੰਧੂ ਵਰਿਆਣਵੀ ਦੀ ਕਾਵਿ ਪੁਸਤਕ ਲਕੀਰਾਂ (ਦੂਜਾ ਅਡੀਸ਼ਨ )ਰਲੀਜ ਕੀਤੀਆਂ ਗਈਆਂ। ਡਾ ਚਰਨਜੀਤ ਕੌਰ ਦੀ ਪੁਸਤਕ ਤੇ ਪਰਚਾ ਪੜ੍ਹਦਿਆਂ ਡਾ ਭੀਮਇੰਦਰ ਸਿੰਘ ਨੇ ਕਿਹਾ ਕਿ ਇਹ ਕਿਤਾਬ ਸੰਤ ਰਾਮ ਉਦਾਸੀ ਦੀ ਕਵਿਤਾ ਵਿਚ ਪੇਸ਼ ਵਿਚਾਰ ਧਾਰਾ ਦਾ ਸੰਤੁਲਿਤ ਮੁਲੰਕਣ ਕਰਦੀ ਹੈ। ਪ੍ਰੋ ਜੇ ਬੀ ਸੇਖੋਂ ਦੀ ਪੁਸਤਕ ਉਤੇ ਦੂਜਾ ਪਰਚਾ ਪੜ੍ਹਦਿਆਂ ਪ੍ਰੋ ਮਹਣ ਤਿਆਗੀ ਨੇ ਕਿਹਾ ਕਿ ਇਸ ਕਿਤਾਬ ਦੁਆਰਾ ਪ੍ਰੋ ਸੰਧੂ ਵਰਿਆਣਵੀ ਦੀ ਕਵਿਤਾ ਦੇ ਅਨੇਕਾਂ ਪਾਸਾਰ ਪਾਠਕਾਂ ਤੱਕ ਪੁੱਜੇ ਹਨ। ਉਹਨਾਂ ਪ੍ਰੋ ਵਰਿਆਣਵੀ ਦੀ ਕਵਿਤਾ ਉਤੇ ਪਸਤਕ ਦੀ ਸੰਪਾਦਨ ਕਲਾ ਬਾਰੇ ਨੁਕਤੇ ਸਾਂਝੇ ਕੀਤੇ। ਇਸ ਮੌਕੇ ਸੰਤ ਰਾਮ ਉਦਾਸੀ ਦੀ ਸਪੁੱਤਰੀ ਸ੍ਰੀਮਤੀ ਇਕਬਾਲ ਕੌਰ ਉਦਾਸੀ ਨੇ ਆਪਣੇ ਪਿਤਾ ਦੇ ਜੀਵਨ ਸੰਘਰਸ਼ ਅਤੇ ਕਵਿਤਾ ਦੀ ਸਿਰਜਣ ਪ੍ਰੀਕ੍ਰਿਆ ਬਾਰੇ ਵਿਚਾਰ ਰੱਖੇ। ਸਮਾਗਮ ਦੌਰਾਨ ਛਿੜੀ ਵਿਚਾਰ ਚਰਚਾ ਵਿਚ ਅਤਰਜੀਤ , ਪਵਨ ਹਰਚੰਦਪੁਰੀ, ਮੱਲ ਸਿੰਘ ਰਾਮਪੁਰੀ, ਡਾ ਗੁਰਜੰਟ ਸਿੰਘ, ਡਾ ਅਮਰਜੀਤ ਸਿੰਘ, ਡਾ ਜਸਵਿੰਦਰ ਸਿੰਘ, ਡਾ ਜਗਤਾਰ ਸਿੰਘ, ਡਾ ਸੰਤੋਖ ਸਿੰਘ ਸੁੱਖੀ, ਪਰਮਜੀਤ ਕਾਹਮਾ, ਬਲਵਿੰਦਰ ਚਾਹਲ ਇਟਲੀ, ਧਰਮਪਾਲ ਸਾਹਿਲ, ਪ੍ਰੋ ਸੁਖਵਿੰਦਰ ਹਰਿਆਣਾ ਆਦਿ ਹਿੱਸਾ ਲਿਆ।

ਸਮਾਗਮ ਦੇ ਦੂਸਰੇ ਦੌਰ ਵਿਚ ਕਵੀ ਦਰਬਾਰ ਦੀ ਪ੍ਰਧਾਨਗੀ ਸਰਵ ਸ੍ਰੀ ਸਵਰਨ ਸਿੰਘ ਪਰਵਾਨਾ ਡੈਨਮਾਰਕ,ਮੱਲ ਸਿੰਘ ਰਾਮਪੁਰੀ,ਰਜਿੰਦਰ ਪ੍ਰਦੇਸੀ, ਨਵਤੇਜ ਗੜ੍ਹਦੀਵਾਲ ਨੇ ਕੀਤੀ। ਇਸ ਮੌਕੇ ਸ਼ਾਇਰ ਰੇਸ਼ਮ ਚਿੱਤਰਕਾਰ, ਜਸਪਾਲ ਜੀਰਵੀ, ਮੋਹਨ ਮਤਿਆਲਵੀ।। ਅਮਰੀਕ ਡੋਗਰਾ, ਅਵਤਾਰ ਸੰਧੂ, ਕੁਲਵਿੰਦਰ ਕੁੱਲਾ, ਸ਼ਿਵ ਕੁਮਾਰ ਬਾਵਾ , ਸੋਮ ਦੱਤ ਦਿਲਗੀਰ, ਪ੍ਰਿੰਸੀਪਲ ਸੁਰਿੰਦਰਪਾਲ ਪ੍ਰਦੇਸੀ, ਜਗਦੀਸ਼ ਰਾਣਾ, ਲਾਲੀ ਕਰਤਾਰ-ਪੁਰੀ, ਪਰਮਜੀਤ ਕਰਿਆਮ, ਪਰਮਿੰਦਰ ਬੀੜ੍ਹਾਂ, ਪਰਮਿੰਦਰ ਪੱਖੋਵਾਲ, ਗੁਰਦੀਪ ਔਲਖ, ਇਕਬਾਲ ਕੌਰ ਉਦਾਸੀ, ਰਣਬੀਰ ਬੱਬਰ, ਸਾਬ੍ਹੀ ਈਸਪੁਰੀ, ਅਵਤਾਰ ਲੰਗੇਰੀ, ਰੇਣੂਕਾ ਆਦਮਪਰ, ਸੁਖਦੇਵ ਕੌਰ ਚਮਕ, ਦੀਪ ਦਿਲਬਰ, ਰਣਜੀਤ ਪੋਸੀ, ਸਾਬ੍ਹੀ ਪੱਖੋਵਾਲ ਆਦਿ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਸਭਾ ਦੇ ਮੀਤ ਪ੍ਰਧਾਨ ਪ੍ਰੋ ਬਿਕਰ ਸਿੰਘ ਨੇ ਧੰਨਵਾਦ ਕੀਤਾ। ਮੰਚ ਸੰਚਾਲਨ ਅਜਮੇਰ ਸਿੱਧੂ ਵਲੋਂ ਬਾਖੂਬੀ ਨਿਭਾਇਆ ਗਿਆ। ਸਮਾਗਮ ਦੌਰਾਨ ਸੁਖਵਿੰਦਰ ਚਾਹਲ ਭੀਖੀ ਮਾਨਸਾ ਵਲੋਂ ਲਗਾਈ ਗਈ ਪੁਸਤਕ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਬਣੀ ਰਹੀ।

## ਮਦਰਜ਼ ਡੇਅ ਨੂੰ ਸਮਰਪਿਤ 'ਗੁਰਦੀਪ ਸਿੰਘ ਹੀਰਾ' ਦੀ ਇਕ ਕਵਿਤਾ

## ਮਾਂ

ਮਾਂ ਤੇਰੀ ਕੁੱਖ 'ਚੋਂ ਜਨਮ ਲੈ ਕੇ
ਤੇਰੀ ਗੋਦ ਅੰਦਰ ਚਾਵਾਂ ਨਾਲ ਪਲਿਆ ਹਾਂ ਮੈਂ।
ਤੂੰ ਤੇ ਬੜੇ ਦੁੱਖ ਸਹਾਰ ਲੈਂਦੀ,
ਮੈਨੂੰ ਸਾਂਭਦੀ ਸੀ, ਬੜੇ ਪਿਆਰਾਂ ਦੇ ਨਾਲ।
ਕਿਤੇ ਭੁੱਖ ਦੀ ਘੜੀ 'ਚੋਂ ਲੰਘਦਾ ਸੀ,
ਦੁੱਖ ਵੰਡ ਲੈਂਦੀ ਸੀ, ਬੜੇ ਸਤਿਕਾਰ ਦੇ ਨਾਲ।
ਇਹ ਜੀਵਨ ਬੜਾ ਸੋਹਣਾ ਸੁਲੱਖਣਾ ਸੀ,
ਜੇਕਰ ਗੁਜ਼ਰ ਜਾਂਦਾ ਇਹ, ਮਾਂ ਦੇ ਪਿਆਰ ਦੇ ਨਾਲ
ਇਹ ਘੜੀ ਤੇ ਉਹ ਵੇਲਾ, ਅੱਜ ਹੱਥ ਨਹੀਂ ਆਉਂਦਾ,
ਜਿਹੜਾ ਬੀਤ ਗਿਆ ਮਾਂ, ਤੇਰੇ ਇੰਤਜ਼ਾਰ ਦੇ ਨਾਲ।
ਦੁੱਖ ਝੱਲਦੀ ਸੀ, ਸੁੱਖਾਂ ਵੰਡਦੀ ਸੀ,
ਸੁੱਖਾਂ ਸੁੱਖਦੀ ਸੀ, ਸੁੱਖਾਂ ਵੰਡਦੀ ਸੀ,
'ਹੀਰਾ' ਲੰਬੀ ਉਮਰ ਦੀ, ਅਰਦਾਸ ਦੇ ਨਾਲ।

– ਗੁਰਦੀਪ ਸਿੰਘ ਹੀਰਾ

# ਐਮਟਰੈਕ ਟ੍ਰੇਨ ਪਟੜੀ ਤੋਂ ਉਤਰੀ, 7 ਦੀ ਮੌਤ, ਕਈ ਗੰਭੀਰ ਜ਼ਖਮੀ

ਅਤੇ ਬਚਾਅ ਕੰਮ ਜਾਰੀ ਹਨ ਅਤੇ ਫਸੇ ਯਾਤਰੀਆਂ ਨੂੰ ਕੁਝ ਹੀ ਸਮੇਂ ਵਿਚ ਕੱਢ ਲਿਆ ਗਿਆ ਸੀ। ਜ਼ਖਮੀਆਂ ਨੂੰ ਹਵਾਈ ਐਂਬੂਲੈਂਸ ਰਾਹੀਂ ਨੇੜੇ ਦੇ ਹਸਪਤਾਲਾਂ ਵਿਚ ਪਹੁੰਚਾਇਆ ਗਿਆ।

ਇਸ ਹਾਦਸੇ ਦੀ ਜਾਂਚ ਕਰ ਰਹੇ ਦਲ ਨੇ ਦੱਸਿਆ ਕਿ ਉਸ ਵਕਤ ਇਸ ਟਰੇਨ ਦੀ ਗਤੀ 106 ਕਿਲੋਮੀਟਰ ਦੇ ਕਰੀਬ ਸੀ, ਜਦਕਿ ਇੰਨੀ ਤੇਜ਼ ਗਤੀ ਦੇ ਉਤੇ ਮੋੜ ਨਹੀਂ ਮੁੜਿਆ ਜਾ ਸਕਦਾ। ਨਿਊਯਾਰਕ ਦੇ ਇਕ ਇੰਜੀਨੀਅਰ ਨੇ ਇਕ ਮੀਡੀਆ ਸਮੂਹ ਨੂੰ ਦੱਸਿਆ ਕਿ ਹਾਦਸੇ ਦਾ ਕਾਰਨ ਜ਼ਿਆਦਾ ਸਪੀਡ ਹੋ ਸਕਦੀ ਹੈ, ਜਿਸ ਕਰਕੇ ਇੰਨਾ ਨੁਕਸਾਨ ਹੋ ਗਿਆ। ਕਈ ਡੱਬੇ ਟੁੱਟ ਗਏ ਅਤੇ ਇਕ ਦੂਜੇ ਦੇ ਉਤੇ ਜਾ ਚੜ੍ਹੇ।

# ਭੂਚਾਲਾਂ ਕਾਰਨ ਹਿੱਲਿਆ ਹਿਮਾਲਿਆ

ਨਾਲ ਲੋਕਾਂ 'ਚ ਸਹਿਮ ਦਾ ਮਾਹੌਲ ਦੇਖਿਆ ਗਿਆ। ਇਨ੍ਹਾਂ ਇਲਾਕਿਆਂ ਵਿਚ ਭੁਚਾਲ ਦੇ ਝਟਕੇ ਮਹਿਸੂਸ ਹੁੰਦੇ ਹੀ ਲੋਕ ਘਰਾਂ ਅਤੇ ਦਫ਼ਤਰਾਂ ਤੋਂ ਬਾਹਰ ਨਿਕਲਣੇ ਸ਼ੁਰੂ ਹੋ ਗਏ । ਦੁਪਹਿਰ 12.35 ਦੇ ਕਰੀਬ ਆਏ ਇਸ ਭੁਚਾਲ ਦਾ ਕੇਂਦਰ ਇਕ ਵਾਰ ਫਿਰ ਨਿਪਾਲ ਹੀ ਰਿਹਾ ਜਿੱਥੇ 15 ਦਿਨ ਪਹਿਲਾਂ ਹੀ ਭੁਚਾਲ ਨੇ ਭਾਰੀ ਤਬਾਹੀ ਮਚਾਈ ਸੀ ।

ਜਾਣਕਾਰੀ ਅਨੁਸਾਰ ਇਸ ਤੋਂ ਇਲਾਵਾ ਦਿੱਲੀ, ਬਿਹਾਰ, ਮੱਧ ਪ੍ਰਦੇਸ਼ ਤੇ ਉੱਤਰ ਪ੍ਰਦੇਸ਼ ਵਿਚ ਵੀ ਭੁਚਾਲ ਦੇ ਹਲਕੇ ਝਟਕੇ ਮਹਿਸੂਸ ਕੀਤੇ ਗਏ । ਭੁਚਾਲ ਦੀ ਰਿਕਟਰ ਪੈਮਾਨੇ ਉੱਤੇ ਗਤੀ 7.1 ਦੱਸੀ ਜਾ ਰਹੀ ਹੈ ।

ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਅੱਜ ਆਏ ਝਟਕੇ ਕਿਸੇ ਪਹਿਲਾਂ ਵਾਲੇ ਭੁਚਾਲ ਦਾ ਅਸਰ ਨਹੀਂ ਹੋ ਸਕਦੇ ਕਿਉਂਕਿ ਦੇ ਭੁਚਾਲ ਦੀ ਤੀਬਰਤਾ ਵੀ ਕਾਫ਼ੀ ਜ਼ਿਆਦਾ ਰਹੀ ਹੈ ਜਦਕਿ ਵੱਡੇ ਭੁਚਾਲ ਤੋਂ ਬਾਅਦ ਆਉਣ ਵਾਲੇ ਛੋਟੇ ਝਟਕਿਆਂ ਦੀ ਗਤੀ 6.3 ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ ਹੈ ।

# ਅਮਰੀਕੀ ਮੰਤਰੀ ਦਾ ਨੇਪਾਲ ਦੌਰਾ

ਅਧਿਕਾਰੀਆਂ ਨਾਲ ਰਾਹਤ ਮੁਹਿੰਮਾਂ 'ਤੇ ਚਰਚਾ ਕਰੇਗੀ।

ਇਕ ਅਧਿਕਾਰਤ ਬਿਆਨ 'ਚ ਦੱਸਿਆ ਗਿਆ ਹੈ ਕਿ 13 ਤੋਂ 15 ਮਈ ਤੱਕ ਦੇ ਆਪਣੇ ਦੌਰੇ 'ਚ ਉਹ ਲੰਮੇ ਸਮੇਂ ਤੱਕ ਚੁੱਕੇ ਜਾਣ ਵਾਲੇ ਕਦਮਾਂ ਦੀ ਸਮੀਖਿਆ ਕਰੇਗੀ। ਨੇਪਾਲ 'ਚ ਕੱਲ 7.3 ਤੀਬਰਤਾ ਦੇ ਭੂਚਾਲ ਅਤੇ ਇਸ ਤੋਂ ਬਾਅਦ ਆਏ ਝਟਕਿਆਂ ਕਾਰਨ ਘੱਟੋ-ਘੱਟ 65 ਲੋਕਾਂ ਦੀ ਮੌਤ ਹੋ ਗਈ ਹੈ ਅਤੇ ਇਸ ਨਾਲ ਇਸ ਹਿਮਾਲਈ ਦੇਸ਼ 'ਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਹੈ। ਦੋ ਹਫਤੇ ਪਹਿਲਾਂ ਹੀ ਭਿਆਨਕ ਤੂਫਾਨ 'ਚ 8,000 ਤੋਂ ਜ਼ਿਆਦਾ ਲੋਕਾਂ ਦੀ ਜਾਨ ਚਲੀ ਗਈ ਸੀ।

## ਪਖੰਡੀ ਸਾਧ

– ਚਰਨ ਆਨੰਦ



ਸੱਚੇ-ਸੁੱਚੇ, ਸਾਧ-ਸੰਤ, ਪੁਜਾਰੀ, ਕਰਨ ਜੋ ਸੇਵਾ ਸਮਾਜ ਦੀ ਭਾਰੀ,
ਕਰਦਾ ਹਾਂ ਨਮਸਕਾਰ ਇਨ੍ਹਾਂ ਨੂੰ, ਕਰਨ ਜੋ ਸੱਚੀ ਇਹ ਰੁਜ਼ਗਾਰੀ
ਗੱਲ ਇੱਥੇ ਨਾ ਇਨ੍ਹਾਂ ਦੀ ਕਰੀਏ, ਸੁਣ ਲਵੇ ਇਹ ਖ਼ਲਕਤ ਸਾਰੀ
ਸਮਝ ਲੈਣਗੇ ਆਪੇ ਉਹੀਓ, ਲੱਗੀ ਜਿਨ੍ਹਾਂ ਤੇ ਇਹ ਚੋਟ ਕਰਾਰੀ।
ਇਕ ਵਾਰ ਇਕ ਪਿੰਡ ਸਾਧੂ ਆਇਆ ਆਣ ਡੇਰਾ ਉਸ ਖੂਬ ਜਮਾਇਆ
ਕਰਨ ਲੱਗਾ ਉਹ ਫਿਰ ਭੀੜ ਇਕੱਠੀ, ਮੈਨੂੰ ਜਾਪਿਆ ਉਹ ਪਾਖੰਡੀ
ਮਨ ਆਇਆ ਜਾ ਘੇਰਾਂ ਉਸ ਨੂੰ, ਛਿੱਤਰ-ਛੁੱਤਰ ਜਾ ਫੇਰਾਂ ਉਸਨੂੰ,
ਵੇਖਿਆ ਲੋਕਾਂ ਦਾ ਜੰਮਘਟਾ ਮੰਨ ਮੇਰਾ ਫਿਰ ਹੋ ਗਿਆ ਖੱਟਾ।

ਸੋਚਿਆ ਰੰਗ ਵਿਚ ਕਿਉਂ ਭੰਗ ਪਾਵਾਂ, ਜਿੱਥੇ ਇਕੱਠੇ ਸਾਰੇ ਮੈਂ ਵੀ ਜਾਵਾਂ,
ਚਮਤਕਾਰ ਫਿਰ ਕਰਨ ਲੱਗਾ ਉਹ ਸਭ ਦੇ ਮਨ ਨੂੰ ਹਰਨ ਲੱਗਾ ਉਹ
ਉੱਛਲ-ਉੱਛਲ ਉਹ ਮਾਰ ਛਲਾਂਗਾ, ਕੱਢਣ ਲੱਗਾ ਉਹ ਅੰਦਰੋਂ ਚਾਂਗਾਂ
ਮੈਨੂੰ ਕੋਈ ਸਮਝ ਨਾ ਆਵੇ ਕੈਸ ਉਹ ਇਹ ਖੇਡ ਦਿਖਾਵੇ
ਬੈਠ ਗਿਆ ਫਿਰ ਧੂੰਣੀ ਲਾ ਕੇ, ਕਹਿਣ ਲੱਗਾ ਬੈਠੋ ਸਭ ਆ ਕੇ
ਮਨ ਵਿਚ ਕਿਸੇ ਦੇ ਜੇ ਹੋਵੇ ਇੱਛਾ ਉਹ ਪੁੱਛ ਸਕਦਾ ਹੈ ਆਪਣਾ ਕਿੱਸਾ।
ਫਿਰ ਬੋਲਿਆ ਉਹ ਊਟ ਪੁਟਾਂਗ ਜਿਸ ਦਾ ਸਿਰ ਨਾ ਪੈਰ ਕੋਈ ਟਾਂਗ
ਏਨੇ ਨੂੰ ਇਕ ਬੀਬੀ ਬੋਲੀ ਜੇ ਤੂੰ ਸੱਚਾ ਸਾਧ ਤਾਂ ਭਰ ਮੇਰੀ ਝੋਲੀ
ਮੈਂ ਬਥੇਰੇ ਯਤਨ ਨੇ ਕੀਤੇ ਸਾਧਾਂ ਦੇ ਡੇਰੇ ਜਾ ਮੰਤਰ ਪੀਤੇ
ਤੁਸੀਂ ਵੀ ਕੋਈ ਕਰ ਯਤਨ ਲਗਾਓ ਮੈਨੂੰ ਇਕ ਪੁੱਤਰ ਬੱਕਸ਼ਾਓ
ਕਰਾਂਗੀ ਤੁਹਾਡੀ ਹਰ ਗੁਲਾਮੀ ਜੇ ਤੂੰ ਹੋਇਓ ਮੇਰਾ ਅੰਤਰਜਾਮੀਂ
ਸਭ ਦੇ ਤਾਨਿਆਂ ਤੋਂ ਹਰ ਗਈਆਂ ਪੁੱਤ ਨਾ ਮਿਲਿਆ ਤਾਂ ਮਰ ਗਈਆ
ਗੱਲ ਸੁਣ ਉਸ ਧੂੰਣੀ ਹੱਥ ਪਾਇਆ, ਮੁੱਠੀ ਭਰ ਕੁਝ ਉਸ ਫੜਾਇਆ
ਲੈ ਬੀਬੀ ਘਰ ਲੈ ਜਾ ਇਸ ਨੂੰ, ਅੱਖਾਂ ਪਾ ਉਸ ਅੱਖਾਂ ਨਾਲ ਸਮਝਾਇਆ
ਕੱਟ ਜਾਣਗੇ ਸਭ ਦੁੱਖੜੇ ਤੇਰੇ, ਸੱਚ ਹੋਣਗੇ ਸੁਪਨੇ ਤੇਰੇ।
ਇਹ ਸਭ ਦੇਖ ਰਹੀ ਸੀ ਜੰਤਾ, ਸੋਚੇ ਸਾਧ ਨਹੀਂ ਇਹ ਹੈ ਕੋਈ ਰੰਮਤਾ,
ਪੁੱਛਣ ਲੱਗੇ ਫਿਰ ਵਾਰੋ-ਵਾਰੀ, ਚੜ੍ਹ ਗਈ ਸਭ ਨੂੰ ਸਾਧ ਖੁਮਾਰੀ।
ਮੈਨੂੰ ਕੁਝ ਵੀ ਸਮਝ ਨਾ ਆਵੇ, ਉਮੜੀ ਭੀੜ ਨੂੰ ਕੌਣ ਸਮਝਾਵੇ,

ਮੈਂ ਕੀਤੀ ਫਿਰ ਆਖਰ ਤੌਬਾ, ਇਹ
ਕੰਮ ਨਹੀਂ ਇਤਨਾ ਸੌਖਾ।
ਮਿਲਕੇ ਸਾਰੇ ਇੰਞ ਕਰਾਂਗੇ, ਇਸ
ਸਾਧ ਨੂੰ ਕੱਲ ਫੜਾਂਗੇ,
ਦੋ ਦਿਨ ਹੋਏ ਮੈਂ ਸੋਚੀ ਜਾਵਾਂ, ਜਾ ਕੇ ਕਿਸ ਨੂੰ ਗੱਲ ਸੁਣਾਵਾਂ।
ਸੋਚਿਆ ਕੋਈ ਸਬੂਤ ਲਿਆਵਾਂ ਤਦ ਇਸ ਨੂੰ ਪਿੰਡੋਂ ਭਿਜਵਾਵਾਂ,
ਕਰਾਂ ਨਾ ਇਸ ਵਿਚ ਕੋਈ ਦੇਰੀ, ਝੁੱਲ ਜਾਏ ਨਾ ਕੋਈ ਹਨੇਰੀ।
ਸਾਧ ਨੇ ਹੁੰਦੇ ਬੜੇ ਹੀ ਢੋਂਗੀ, ਕਰ ਜਾਂਦੇ ਕੁਝ ਰਾਤ-ਬਰਾਤੀ
ਇਹ ਸੋਚ ਮੈਂ ਡੇਰੇ ਤੁਰਿਆ, ਉਸ ਰਾਤ ਮੈਨੂੰ ਸੁਪਨਾ ਫੁਰਿਆ।
ਡੇਰੇ ਪਹੁੰਚ ਮੈਂ ਓਟ ਲਗਾਈ ਹੋ ਗਈ ਅੰਦਰੋਂ ਸਭ ਰੁਸ਼ਨਾਈ,
ਵਹਿਮ ਨਾ ਰਿਹਾ ਹੁਣ ਦਿਲ ਵਿਚ ਮੇਰੇ, ਕਰਾਂਗਾ ਇਕੱਠ ਹੁਣ ਅਤੀ ਸਵੇਰੇ।
ਇਸ ਬਾਬੇ ਦੀ ਹਊ ਧੁਲਾਈ ਤਦ ਹੋ ਜਾਊ ਸਾਫ-ਸਫਾਈ।

ਮੁੜ ਆਇਆ ਘਰ ਰਾਤ ਲੰਘਾਈ, ਅਤੀ ਸਵੇਰ ਜਾਂ ਨੀਂਦ ਫਿਰ ਆਈ।
ਉਠਿਆ ਜਦ ਮੈਂ ਸਿਖਰ ਦੁਪਹਿਰੀ, ਪੇਪਰ ਤੇ ਜਦ ਅੱਖ ਮੈਂ ਫੇਰੀ,
ਦੇਖੀ ਖਬਰ ਜੋ ਪਹਿਲੇ ਪੇਜ਼ ਤੇ, ਕਿਵੇਂ ਸੌਂ ਗਿਆ ਮੈਂ ਘੋੜੇ ਵੇਚ ਕੇ।
ਪਛਤਾਵਾ ਸੀ ਮੈਨੂੰ ਭਾਰੀ, ਸਾਧ ਕੱਢ ਲੈ ਗਿਆ ਪਿੰਡ ਦੀ ਨਾਰੀ,
ਪਿਆ ਸੀ ਸਾਰੇ ਪਿੰਡ ਵਿਚ ਰੌਲਾ ਮੈਂ ਵੀ ਹੋ ਗਿਆ ਕੱਖੋਂ ਹੌਲਾ।
ਵੇਖਿਆ ਜਦ ਮੈਂ ਬਾਹਰ ਆ ਕੇ, ਸੁਣਿਆ ਸਭ ਦੇ ਕੋਲ ਮੈਂ ਜਾ ਕੇ,
ਪੈ ਗਈ ਵਿਪਤਾ ਸਭ ਨੂੰ ਭਾਰੀ, ਕਰਨ ਲੱਗੇ ਉਸ ਲੱਭਣ ਤਿਆਰੀ।
ਛੱਡਣਾ ਨਹੀਂ ਇਹ ਸਾਧ ਪਖੰਡੀ, ਢੂੰਡ ਦਿਓ ਹਰ ਪੱਗ, ਹਰ ਡੰਡੀ,
ਇਹ ਮਸਲਾ ਨਹੀਂ ਕਿਸੇ ਇਕ ਘਰ ਦਾ, ਇਹ ਮਸਲਾ ਹੈ ਸਾਰੇ ਪਿੰਡ ਦਾ।
ਹੋ ਜਾਈਏ ਜੇ ਅਸੀਂ ਹੁਸ਼ਿਆਰ, ਡੋਬੀਏ ਇਹਨਾਂ ਨੂੰ ਅੱਧ ਵਿਚਕਾਰ,
ਭੰਡ ਦਈਏ ਇਨ੍ਹਾਂ ਦੇ ਬੱਲਬੂਤ, ਫਿਰ ਨਾ ਬਣੀਏ ਕਦੇ ਕਲਬੂਤ।
ਜੱਗ ਨੂੰ ਸਦਾ ਇਹ ਲੁੱਟਦੇ ਆਏ, ਲੋਕ ਦਿਲਾਂ ਵਿਚ ਭਰਮ ਬਿਠਾਏ,
'ਚਰਨ' ਕਹੇ ਰੱਖ ਨਾ ਉਸ ਤੋਂ ਦੂਰੀ, ਕਰੇ ਸਦਾ ਜੋ ਆਸਾ ਪੂਰੀ।
ਆਓ ਰਲ-ਮਿਲ ਪ੍ਰਣ ਇਹ ਪਾਈਏ, ਵਹਿਮਾਂ ਭਰਮਾਂ ਤੋਂ ਦੂਰ ਹੋ ਜਾਈਏ।

# 'ਮੈਂ ਮਰੀਅਮ ਹੁੰਦੀ, ਆਪਣਾ ਪੁੱਤ ਆਪੇ ਜੰਮ ਲੈਂਦੀ'

? ਪੰਜਾਬੀ ਸੱਥ ਲਾਂਬੜਾ (ਜਲੰਧਰ) ਵਲੋਂ ਬਾਬਾ ਫ਼ਰੀਦ ਪੁਰਸਕਾਰ (ਸਾਂਝਾ ਦਾ ਪੁਲ) ਲੈ ਕੇ ਕੀ ਮਹਿਸੂਸ ਕਰ ਰਹੇ ਹੋ?

– ਇਹ ਤੇ ਮੇਰੇ ਆਪਣਿਆਂ ਨੇ ਮੇਰਾ ਮਾਣ ਕੀਤਾ ਹੈ। ਸਿੰਬਲੀ ਵਾਲਿਆਂ ਨੇ ਮੈਨੂੰ ਧੀ ਧਿਆਣੀ ਜਾਣ ਕੇ ਮੈਨੂੰ ਬਾਬਾ ਬੁੱਲ੍ਹੇ ਸ਼ਾਹ ਐਵਾਰਡ ਦਿੱਤਾ ਹੈ।

? ਜੋ ਪਾਕਿਸਤਾਨ ਤੋਂ ਉੱਜੜ ਕੇ ਇੱਥੇ ਆਏ। ਉਹ ਅੱਜ ਵੀ ਪਨਾਹਗੀਰ, ਲਾਹੌਰੀਏ, ਸਿਆਲਕੋਟੀਏ ਕਹਾਉਂਦੇਏ। ਇਥੋਂ ਦੇ ਕਹਾ ਨਹੀਂ ਪਾਏ। ਤੁਸੀਂ ਲਾਹੌਰ ਰਹਿੰਦੇ ਹੋ। ਲਾਹੌਰ ਤੁਹਾਡਾ ਆਪਣਾ ਸ਼ਹਿਰ ਬਣ ਗਿਆ ਹੈ ਜਾਂ ਨਹੀਂ?

– ਜਦੋਂ ਮੈਂ ਲਾਹੌਰ ਰਹਿਣ ਲੱਗੀ ਸਾਂ ਤਾਂ ਲੱਗਦਾ ਸੀ ਕਿਸੇ ਪਰਾਏ ਸ਼ਹਿਰ ਕਿਰਾਏ 'ਤੇ ਰਹਿ ਰਹੀ ਹਾਂ। ਕਈ ਸਾਲ ਉਹਨੂੰ ਬੇਗਾਨਾ ਸ਼ਹਿਰ ਕਹਿੰਦੀ ਰਹੀ। ਪਰ ਹੁਣ ਉਹ ਸ਼ਹਿਰ ਮੇਰਾ ਹੈ। ਜੇ ਉਸ ਸ਼ਹਿਰ ਨੇ ਇਨਕਲਾਬੀ ਹੋਣ ਕਰਕੇ ਕੈਦਾਂ ਕੋੜੇ ਬਖਸ਼ੇ ਤਾਂ ਉਸ ਸ਼ਹਿਰ ਨੇ ਮੇਰੇ ਦਰਦ ਵੀ ਵੰਡਾਏ। ਮੈਨੂੰ ਸਾਂਭਿਆ। ਘਰ ਦਿੱਤਾ। ਸਹਾਰਾ ਦਿੱਤਾ। ਪੀੜਾਂ ਸਾਂਝੀਆਂ ਕੀਤੀਆਂ। ਉਸ ਸ਼ਹਿਰ ਦੀ ਤਵਾਰੀਖ ਬੜੀ ਅਮੀਰ ਏ। ਸ਼ਹੀਦ ਭਗਤ ਸਿੰਘ ਤੇ ਦੁੱਲੇ ਭੱਟੀ ਵਰਗੇ ਯੋਧੇ ਮੇਰੇ ਅੰਗ-ਸੰਗ ਰਹਿੰਦੇ ਹਨ।

? ਜ਼ਿੰਦਗੀ ਵਿਚ ਜਿੱਤਾਂ ਹਾਰਾਂ ਦਾ ਵਰਨਣ ਕਰੋ?

– ਜਦੋਂ ਦਰੱਖਤ ਕੱਟੇ ਜਾਂਦੇ ਨੇ, ਜਾਨਵਰਾਂ ਦਾ ਸ਼ਿਕਾਰ ਹੁੰਦਾ ਏ, ਮੰਦਰ ਮਸਜਿਦਾਂ ਢਾਏ ਜਾਂਦੇ ਨੇ, ਬਾਲ ਮਜ਼ਦੂਰੀ ਕਰਦੇ ਨੇ, ਇਲਮ ਦੇਣ ਦੀ ਜਗ੍ਹਾ ਐਟਮ ਬੰਬ ਬਣਦੇ ਨੇ, ਭੁੱਖੇ ਢਿੱਡ ਮੰਗਦੇ ਫਿਰਦੇ ਨੇ, ਧੀਆਂ ਦੇ ਸੌਦੇ ਹੁੰਦੇ ਨੇ, ਜਾਤ ਤੇ ਧਰਮ ਦੇ ਨਾਂ ਤੇ ਸ਼ੋਸ਼ਣ ਹੁੰਦਾ ਹੈ, ਹੀਰ ਨੂੰ ਖੇੜੇ ਵਿਆਹ ਕੇ ਲੈ ਜਾਂਦੇ ਨੇ, ਤਿਤਲੀ ਕਿਸੇ ਦੇ ਪਰ੍ਹਾਂ ਥੱਲੇ ਮਧੋਲੀ ਜਾਂਦੀ ਹੈ, ਮਾਨਵ ਨੂੰ ਦਾਨਵ ਕਤਲ ਕਰਦੇ ਨੇ, ਤੇ ਬੰਦੇ ਨੂੰ ਬੰਦਾ ਨਹੀਂ ਸਮਝਿਆ ਜਾਂਦਾ, ਉਦੋਂ ਮੇਰੀ ਹਾਰ ਹੁੰਦੀ ਹੈ। ਜਿੱਤ ਮੇਰੀ ਇਹੀ ਹੈ ਕਿ ਮੈਂ ਮੋਰਚਾ ਨਹੀਂ ਛੱਡਦੀ। ਜੇਲ੍ਹ ਵਿਚ ਰਹਿ ਕੇ ਵੀ ਤੇ ਕੋੜੇ ਖਾ ਕੇ ਵੀ।

? ਤੁਹਾਡੀ ਇੱਛਾ ਕੀ ਏ?

– ਮੈਂ ਮਰਨ ਮਗਰੋਂ ਥਾਂ ਨਹੀਂ ਮੱਲਣਾ ਚਾਹੁੰਦੀ। ਜ਼ਮੀਨਾਂ ਘੱਟ ਰਹੀਆਂ ਨੇ। ਮੇਰਾ ਸਰੀਰ ਕਿਸੇ ਤਜ਼ਰਬਾਗਾਹ ਨੂੰ ਦਿੱਤਾ ਜਾਵੇ ਜਾਂ ਸਾੜ ਕੇ ਉਹਦੀ ਅੱਧੀ ਸੁਆਹ ਖਾਦ ਵਜੋਂ ਖਿਲਾਰ ਦਿੱਤੀ ਜਾਵੇ ਜਿਥੋਂ ਮੇਰੇ ਮਨ ਦੀਆਂ ਬਸਤੀਆਂ ਦੇ ਦਰਸ਼ਨ ਆਮ ਲੋਕ ਵੀ ਕਰਨ। ਪਰ ਇਹ ਅਸੰਭਵ ਹੈ। ਇਥੇ ਤਾਂ ਬੰਦਾ ਮਰਜ਼ੀ ਨਾਲ ਜੀਅ ਨਹੀਂ ਸਕਦਾ, ਮਰਜ਼ੀ ਦੀ ਮੌਤ ਤਾਂ ਦੂਰ ਦੀ ਗੱਲ ਹੈ।

# TANDOOR
Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212

Fax. 510-885-1532



FREE WiFi

Ram Gopal

# Annabelle's
Pizza & Pasta Kitchen

200 "J" Street
Sacramento, CA 95814
(916) 448-6239

BIG SCREEN TV

IN OLD SACRAMENTO

## Annabelle's
Pizza & Pasta Kitchen

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM




Ram Gopal

Features All you can eat italian Buffet

(Our Dough is Freshly Rolled Daily and Made of the Finest Ingredients)

Now Serving Beer &Wine!




Varieties of Video Games Available

Variety of Sandwiches are also available

FREE WiFi

Ram Gopal (916) 448-6239
200 "J" Street, Sacramento, CA 95814



# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.

Buy Quality Used Trucks

ਸਾਡੇ ਕੋਲ ਟਰੱਕ, ਟਰੇਲਰ ਖਰੀਦਣ ਵੇਚਣ ਅਤੇ ਲੋਨ ਕਰਾਉਣ ਲਈ ਮਿਲੋ।
ਅਸੀਂ ਆਪ ਜੀ ਦੀ ਪੂਰੀ ਸਹਾਇਤਾ ਕਰਾਂਗੇ।



Call : Dharminder Singh

Cell : 530-870-6600







Email: myfuturetruck@gmail.com

2535 Front St. West Sacramento, CA 95691

Cell : 530-870-6600

Fax : 530-405-1429


Raja SWEETS & CATERING
AUTHORIZED CATERER FOR MAJOR 5-STAR HOTELS
Raja Items Serving
• ALL KINDS OF SWEETS
• SNACKS
• CHAAT STALL
• NORTH INDIAN CUISINE
• FLUDA KULFI STALL
• ON SITE TANDOOR
Raja Catering Service
• WEDDING CEREMONIES
• RECEPTIONS
• BIRTHADAY PARTIES
• RELIGIOUS GATHERINGS
• CORPORATE EVENTS
• PICNICS / BAR-B-QUE
Raja Additional Service
• WARMERS
• CHAFFING DISHES
• CHINA & SILVERWARE
• LINEN RENTAL
• WAITERS
• BARTENDERS
Contact us
Raja Sweets & Catering
Work (510)489-9100 • Cell (510)715-1619
msbains@rajasweets.com • www.rajasweets.com
www.facebook.com/rajasweetsandcatering
www.twitter.com/RAJASWEETS


INDIA MARKET
SWEETS & SPICES
ਤਾਜ਼ੀਆਂ ਸਬਜ਼ੀਆਂ ਅਤੇ
ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
Chaat Plate Only for $2.99
Chaat Papdi. Samosa Chaat. Pani Puri. Dahi Vada. Bhel Puri Chaat
Music, Fabric, Artificial Jewelry, Sweets, Fresh Vegetables & more
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
We have the largest collection for Indian, Fijian & Pakistani Grocery
The Threading queen
threading & HEENA TATTOOS
We accept EBT cards
Call for appointment
(916) 297-0150, (916) 316-8199
Eyebrow Threading & Henna Tattoo (each hand)
Only for $ 5.00
(Regular $ 8.00)
Walk In Welcome
Mon-Sat 10am to 7 pm
1265 Pleasant Grove Blvd. # 100 Roseville, CA 95747 916-786-7666
5203 Elkhorn Blvd.Sacramento, CA 95842 916-338-5511


INDIA BAZAAR
Jai Ram Gaught
Harjit Gaught (Happy)
Indian, Pakistani & Fijjian Groceries
We are open 7 DAYS A WEEK TIME : 9:00 A.M. TO 8:30 P.M.
WE ACCEPT FOOD STAMPS
RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES
Call to Happy- Cell : (415) 706-7027 Ph: (209) 478-0285 Fax : (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।
Email: indiabazaar08@yahoo.com
1304-E HAMMER LANE, Suite 12, STOCKTON CA, 95210


Kash FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
BRIDAL BOUTIQUE JEWELRY
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
KASH FABRICS
ONE STOP SHOPPING CENTER
29576 Mission Blvd, Hayward, CA 94544
Visit us on the Web at www.kashfabrics.com
Phone: 510-538-1138

# ਸਾਬਕਾ ਮੈਂਬਰ ਪਾਰਲੀਮੈਂਟ ਸਵਰਗੀ ਹਰਭਜਨ ਸਿੰਘ ਲਾਖਾ ਦੀ ਪਹਿਲੀ ਬਰਸੀ ਤੇ ਸ਼ਰਧਾਂਜਲੀਆਂ ਭੇਂਟ




















ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਦਕਰ ਜੀ ਦੀ ਸੋਚ ਦਾ ਸਮਾਜ ਸਿਰਜਣ ਦੇ ਮੁਦੱਈ ਅਤੇ ਸਾਹਿਬ ਕਾਂਸ਼ੀ ਰਾਮ ਜੀ ਦੀ ਸਮਾਜਿਕ ਪਰਿਵਰਤਨ ਅਤੇ ਆਰਥਿਕ ਮੁਕਤੀ ਦੀ ਲਹਿਰ ਦੇ ਮੋਢੀ ਅਤੇ ਸੱਚੇ ਮਿਸ਼ਨਰੀ ਆਗੂ ਨਿਧੜਕ ਵਿਚਾਰਕ, ਬਸਪਾ ਵਲੋਂ ਦੋ ਵਾਰ ਚੁਣੇ ਗਏ ਸਾਬਕਾ ਮੈਂਬਰ ਪਾਰਲੀਮੈਂਟ ਸ: ਹਰਭਜਨ ਸਿੰਘ ਲਾਖਾ ਜੋ ਪਿਛਲੇ ਸਾਲ ਗੁਰੂ ਗ੍ਰੰਥ ਸਾਹਿਬ ਦੇ ਮਾਰਗ ਦਰਸ਼ਨ ਤੇ ਚਲਦੇ ਹੋਏ ਅਤੇ ਗੁਰੂ ਗੋਬਿੰਦ ਸਿਘ ਜੀ ਦੇ ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ॥ ਮੁਤਾਬਕ ਅ੍ਰਮਿਤ ਛਕਣ ਤੋਂ ਕੁਝ ਦਿਨ ਬਾਅਦ ਹੀ ਭਾਰਤ ਭਰ ਵਿੱਚ ਇੱਕ ਲਹਿਰ ਚਲਾਉਣ ਦਾ ਸੁਪਨਾ ਅਧੂਰਾ ਛੱਡ ਕੇ 11 ਜੂਨ 2014 ਹੀ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੀ ਪਹਿਲੀ ਬਰਸੀ ਮੌਕੇ ਉਨ੍ਹਾਂ ਦੇ ਗ੍ਰਹਿ ਬੰਗਾ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਦਾ ਭੋਗ ਪਾਇਆ ਗਿਆ ਉਪਰੰਤ ਅਨਮੋਲ ਪੈਲਸ ਬੰਗਾ ਵਿਖੇ ਸ਼ਰਧਾਂਜਲੀ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ’ਚ ਵੱਡੀ ਗਿਣਤੀ ਵਿੱਚ ਲੋਕ ਵਿਛੜੇ ਆਗੂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਹਾਜ਼ਰ ਹੋਏ। ਇਸ ਮੌਕੇ ਉਨ੍ਹਾਂ ਨੂੰ ਬਹੁਜਨ ਸਮਾਜ ਸੰਘਰਸ਼ ਵਿਚ ਸ: ਹਰਭਜਨ ਸਿੰਘ ਲਾਖਾ ਸਾਥੀ ਰਹੇ ਆਗੂਆਂ ਅਤੇ ਹੋਰ ਸ਼ਖਸ਼ੀਅਤਾਂ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਸਮਾਗਮ ਦੀ ਸ਼ੁਰੂਆਤ ਬਹੁਜਨ ਸਮਾਜ ਦੇ ਮਿਸ਼ਨਰੀ ਕਲਾਕਾਰ ਨੇਕਾ ਮੱਲ੍ਹਾ ਬੇਦੀਆਂ ਨੇ ਲਾਖਾ ਜੀ ਨੂੰ ਸਮਰਪਿਤ ਭਾਵੁਕ ਗੀਤ ਨਾਲ਼ ਕੀਤੀ। ਸਮਾਗਮ ਦੌਰਾਨ ਲਾਖਾ ਜੀ ਦੀ ਜੀਵਨੀ ਨਾਲ਼ ਸਬੰਧਿਤ ਗੀਤ ਧਰਮਵੀਰ ਪ੍ਰਦੇਸੀ, ਰਾਣੀ ਅਰਮਾਨ, ਜਸਵਿੰਦਰ ਵਿੱਕੀ ਨੇ ਪੇਸ਼ ਕੀਤੇ। ਇਸ ਮੌਕੇ ਲਾਲ ਸਿੰਘ ਸਲਾਹਣੀ, ਸਾਬਕਾ ਮੈਂਬਰ ਪਾਰਲੀਮੈਂਟ ਸਤਨਾਮ ਸਿੰਘ ਕੈਂਥ, ਦਰਸ਼ਨ ਲਾਲ ਜੇਠੂ ਮਜਾਰਾ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਡਾ: ਸੁਖਵਿੰਦਰ ਕੁਮਾਰ ਸੁੱਖੀ, ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ, ਮੱਧ ਪ੍ਰਦੇਸ਼ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਫੂਲ ਸਿਘ ਬਰੱਈਆ, ਰਾਜਸਥਾਨ ਤੋਂ ਸ਼ਿਵਰਾਜ ਮੇਘਵਾਲ, ਮਹਾਂਰਾਸ਼ਟਰ ਤੋਂ ਡਾਕਟਰ ਜੋਤੀ ਕਾਬਲੇ, ਬਹੁਜਨ ਲਹਿਰ ਪੰਜਾਬ ਦੇ ਪ੍ਰਧਾਨ ਨਿਰਮਲ ਸਿੰਘ ਕਾਹਲੋਂ, ਮੀਤ ਪ੍ਰਧਾਨ ਤੀਰਥ ਸਿੰਘ ਗਿੱਲ, ਸਾਹਿਬ ਕਾਂਸ਼ੀ ਰਾਮ ਦੇ ਭਤੀਜੇ ਲਖਵੀਰ ਸਿੰਘ, ਬਹੁਜਨ ਸ਼ਕਤੀ ਪੰਜਾਬ ਦੇ ਪ੍ਰਧਾਨ ਸੁਖਦੇਵ ਸਿੰਘ ਚੌਹਾਨ, ਪ੍ਰਿੰ-ਸੀਪਲ ਧਰਮਜੀਤ ਸਿੰਘ, ਦਰਬਾਰਾ ਸਿੰਘ ਪਰਿਹਾਰ, ਨਿੱਕੂ ਰਾਮ ਜਨਾਗਲ, ਹਰਪ੍ਰੀਤ ਸਿੰਘ ਜਮਾਲਪੁਰ ਅਤੇ ਕਿਹਰ ਸਿੰਘ ਹਿੱਸੋਵਾਲ ਨੇ ਲਾਖਾ ਜੀ ਨਾਲ਼ ਗੁਜ਼ਰੇ ਪਲਾਂ ਨੂੰ ਸਾਂਝੇ ਕਰਦਿਆਂ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਇਸ ਸਮੇਂ ਡਾ: ਸੁਖਵਿੰਦਰ ਕੁਮਾਰ ਸੁੱਖੀ ਨੇ ਹਰਭਜਨ ਲਾਖਾ ਦੀ ਯਾਦਗਾਰ ਬਣਾਉਣ ਵਾਸਤੇ ਦੋ ਲੱਖ ਰੁਪਏ ਦੀ ਰਾਸ਼ੀ ਦੇਣ ਦਾ ਐਲਾਨ ਕੀਤਾ।

ਹਰਭਜਨ ਸਿੰਘ ਲਾਖਾ ਦੇ ਛੋਟੇ ਭਰਾ ਸ਼ਿੰਗਾਰਾ ਰਾਮ ਲਾਖਾ ਸੇਵਾ ਮੁਕਤ ਆਈ. ਏ. ਐੱਸ. ਅਧਿਕਾਰੀ ਨੇ ਪੰਜਾਬ ਸਰਕਾਰ ਨੂੰ ਇਹ ਬੇਨਤੀ ਕੀਤੀ ਕਿ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਅਤੇ ਹਰਭਜਲ ਸਿੰਘ ਲਾਖਾ ਨੇ ਜੋ ਬਹੁਜਨ ਸਮਾਜ ਦੇ ਉਥਾਨ ਵਾਸਤੇ ਜੋ ਯੋਗਦਾਨ ਪਾਇਆ ਉਸ ਦੇ ਅਧਾਰਤ ਹੋਏ ਸਮਾਜਿਕ ਪਰਿਵਰਤਨ ਦੀ ਖੋਜ ਸਬੰਧੀ ਇੱਕ ਚੇਅਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ ਵਿੱਚ ਸਥਾਪਤ ਕਰਨੀ ਚਾਹੀਦੀ ਹੈ ਕਿਉਂਕਿ ਇਸ ਸਬੰਧੀ ਵਿਦੇਸ਼ੀ ਖੋਜੀਆਂ ਨੇ ਇਸ ਤੇ ਯਤਨ ਆਰੰਭ ਕੀਤੇ ਹੋਏ ਹਨ।

ਇਸ ਸਮਾਗਮ ਦੌਰਾਨ ਵਿਜੇ ਗੁਣਾਚੌਰ ਵਲੋਂ ਤਿਆਰ ਕੀਤੀ ਵੀਡੀਓ ਸੀ. ਡੀ. 'ਯਾਦਾਂ ਹਰਭਜਨ ਲਾਖਾ ਜੀ ਦੀਆਂ’ ਜਾਰੀ ਕੀਤੀ ਗਈ ਇਹ ਰਸਮ ਉਪਰੋਕਤ ਬੁਲਾਰਿਆਂ, ਲਾਖਾ ਜੀ ਦੀ ਧਰਮ ਪਤਨੀ ਸ਼੍ਰੀਮਤੀ ਚਰਨ ਕੌਰ ਲਾਖਾ ਅਤੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਦੀ ਭੈਣ ਸਵਰਨ ਕੌਰ ਨੇ ਇਹ ਰਸਮ ਨਿਭਾਈ।

ਇਸ ਸਮੇਂ ਇਸ ਵਿੱਚ ਸ਼ਾਮਲ ਗੀਤਾਂ ਨੂੰ ਅਵਾਜ਼ ਦੇਣ ਵਾਲੇ ਗਾਇਕ ਰਾਣੀ ਅਰਮਾਨ, ਧਰਮਵੀਰ ਪ੍ਰਦੇਸੀ, ਜਸਵਿੰਦਰ ਵਿੱਕੀ ਅਤੇ ਗੀਤਕਾਰ ਜਗਦੀਸ਼ ਸੱਲ੍ਹਾਂ, ਵਿਜੇ ਗੁਣਾਚੌਰ ਅਤੇ ਧਰਮਵੀਰ ਪ੍ਰਦੇਸੀ ਵੀ ਹਾਜ਼ਰ ਸਨ। ਇਸ ਸਮਾਗਮ ਦੀ ਸਟੇਜ ਸੰਚਾਲਕ ਦੀ ਭੂਮਿਕਾ ਹਰਪ੍ਰੀਤ ਸਿੰਘ ਰਾਜੂ ਦਹੇੜੂ, ਜਗਤਾਰ ਬੀਕਾ ਅਤੇ ਸਰਬਜੀਤ ਸਾਬੀ ਨੇ ਨਿਭਾਈ।

ਇਸ ਸ਼ਰਧਾਂਜਲੀ ਸਮਾਗਮ ਵਿੱਚ ਆਏ ਆਗੂਆਂ ਅਤੇ ਹਾਜ਼ਰੀਨ ਦਾ ਹਰਭਜਨ ਲਾਖਾ ਦੇ ਪਰਿਵਾਰਕ ਮੈਂਬਰਾਂ ਕਮਲਜੀਤ ਸਿੰਘ ਲਾਖਾ, ਪਰਮਜੀਤ ਸਿੰਘ ਲਾਖਾ ਅਤੇ ਜਸਵੰਤ ਰਾਏ ਸੇਵਾ ਮੁਕਤ ਆਈ. ਏ. ਐੱਸ. ਨੇ ਧੰਨਵਾਦ ਕੀਤਾ।

# ਸਿੱਖ ਕੌਮ ਦੇ ਸ਼ਾਨਾਂ ਮੱਤੇ ਇਤਿਹਾਸ ਦੇ ਪ੍ਰਤੀਕ ਹੋਣਗੇ 350 ਸਾਲਾ ਸਥਾਪਨਾ ਸਮਾਗਮ

## ਲੱਖਾਂ ਸੰਗਤਾਂ ਦੀ ਆਮਦ ਨੂੰ ਧਿਆਨ ਵਿਚ ਰੱਖ ਕੇ ਸਜਾਏ ਜਾ ਰਹੇ ਹਨ ਸ੍ਰੀ ਅਨੰਦਪੁਰ ਸਾਹਿਬ ਵਿੱਚ ਪੰਡਾਲ

**ਕੁਲਦੀਪ ਚੰਦ**

ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਸਮਾਗਮਾ ਮੋਕੇ ਲੱਖਾਂ ਸੰਗਤਾ ਦੀ ਆਮਦ ਨੂੰ ਧਿਆਨ ਵਿਚ ਰੱਖਦੇ ਹੋਏ ਅਤੇ ਗੁਰੂ ਸਾਹਿਬ ਦੀਆਂ ਪਾਵਨ ਤੇ ਪਵਿੱਤਰ ਨਿਸ਼ਾਨੀਆਂ ਦੇ ਇਸ ਮੋਕੇ ਇਤਿਹਾਸਕ ਤੇ ਪਵਿੱਤਰ ਨਗਰੀ ਵਿਚ ਪਹੁੰਚਣ ਸਮੇਂ 17 ਤੋਂ 19 ਜੂਨ ਤੱਕ ਹੋਣ ਵਾਲੇ ਸਮਾਗਮਾਂ ਲਈ ਨਗਰ ਵਿਚ ਤਿਆਰੀਆਂ ਅਰੰਭ ਹੋ ਗਈਆ ਹਨ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਹਮਣੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਦਾਨ ਵਿਚ ਪੰਡਾਲ ਸਜਾਉਣ ਦਾ ਕੰਮ ਪਿਛਲੇ ਕਈ ਦਿਨਾਂ ਤੋਂ ਜੰਗੀ ਪੱਧਰ ਤੇ ਚੱਲ ਰਿਹਾ ਹੈ ਜੋ ਕਿ 10 ਜੂਨ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵੀ ਇਸ ਨਗਰ ਨੂੰ ਚਿੱਟੇ ਰੰਗ ਵਿਚ ਰੰਗਨ ਦਾ ਕੰਮ 9 ਮਈ ਤੋਂ ਸੂਰੂ ਕਰ ਦਿੱਤਾ ਗਿਆ ਹੈ। ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਸਮਾਗਮਾਂ ਲਈ ਪੰਜਾਬ ਸਰਕਾਰ ਵਲੋਂ ਇੱਥੇ ਵਿਆਪਕ ਪ੍ਰਬੰਧ ਕੀਤੇ ਜਾ ਰਹੇ ਹਨ। ਨਗਰ ਦੇ ਆਲੇ ਦੁਆਲੇ ਦੀਆਂ ਸਾਰੀਆ ਅੰਦਰੂਨੀ ਤੇ ਬਾਹਰੀ ਸੜ੍ਹਕਾ ਦੀ ਮੁਰੰਮਤ ,ਰੋਸ਼ਨੀ ਅਤੇ ਸਫਾਈ ਦੇ ਪ੍ਰਬੰਧਾ ਲਈ ਵਿਸੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸ ਨਗਰ ਨੂੰ ਰੋਸ਼ਨਾਉਣ ਲਈ ਵੀ ਯੋਜਨਾ ਉਲੀਕੀ ਗਈ ਹੈ ਅਤੇ ਨਗਰ ਦੇ ਲੋਕਾਂ ਵਿਚ ਵੀ ਸਤਾਬਦੀ ਸਮਾਗਮਾ ਅਤੇ ਗੁਰੂ ਸਾਹਿਬ ਦੀਆਂ ਪਵਿੱਤਰ ਨਿਸ਼ਾਨੀਆਂ ਦੇ ਸ੍ਰੀ ਅਨੰਦਪੁਰ ਸਾਹਿਬ ਵਿਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੁਸੋਭਿਤ ਹੋਣ ਦੇ ਸਮਾਗਮਾ ਨੂੰ ਲੈ ਕੇ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

ਸੇਠੀ ਟੈਂਟਸ ਸ੍ਰੀ ਅਮ੍ਰਿਤਸਰ ਵਲੋਂ ਲਗਭਗ 1.50 ਲੱਖ ਵਰਗ ਫੁੱਟ ਵਿਚ ਲਗਾਏ ਜਾ ਰਹੇ ਪੰਡਾਲ ਵੀ ਖਾਲਸਾਈ ਸ਼ਾਨੋ ਸੋਕਤ ਦੇ ਪ੍ਰਤੀਕ ਹੋਣਗੇ। ਇਸ ਪੰਡਾਲ ਨੂੰ ਖਾਲਸਾਈ ਢੰਗ ਨਾਲ ਤਿਆਰ ਕੀਤਾ ਜਾਵੇਗਾ ਜਿਸ ਦੇ ਆਲੇ ਦੁਆਲੇ ਗੁੰਮਟ ਲਗਾਏ ਜਾਣਗੇ ਅਤੇ ਵਿਚਕਾਰ ਪਾਲਕੀ ਸਾਹਿਬ ਸ਼ੁਸੋਭਿਤ ਹੋਵੇਗੀ।

ਇਸ ਪੰਡਾਲ ਦਾ ਦਰਵਾਜਾ ਭੋਰਾ ਸਾਹਿਬ ਦੇ ਨਕਸ਼ੇ ਅਨੁਸਾਰ ਤਿਆਰ ਕੀਤਾ ਜਾਵੇਗਾ ਅਤੇ ਇਸ ਦੇ ਅੰਦਰੂਨੀ ਅਤੇ ਬਾਹਰੀ ਦਿੱਖ ਨੂੰ ਖਾਲਸਾਈ ਰੰਗ ਵਿਚ ਰੰਗਨ ਅਤੇ ਇਸ ਦੀ ਮਨਮੋਹਕ ਸੁੰਦਰਤਾ ਲਈ ਦਿੱਲੀ ਅਤੇ ਮੁੰਬਈ ਦੇ ਤਜਰਬੇਕਾਰ ਡਿਜਾਈਨਰਾਂ ਤੋਂ ਇਸ ਦੇ ਡੀਜਾਈਨ ਤਿਆਰ ਕਰਵਾਏ ਜਾ ਰਹੇ ਹਨ। ਇਸ ਪੰਡਾਲ ਦੇ ਇੱਕ ਭਾਗ ਵਿਚ ਗੁਰੂ ਸਾਹਿਬ ਦੀਆਂ ਨਿਸ਼ਾਨੀਆ ਨੂੰ ਸੰਗਤਾਂ ਦੇ ਦਰਸ਼ਨਾ ਲਈ ਰੱਖਿਆ ਜਾਵੇਗਾ।

# ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ ਜਨਮ ਦਿਨ ਮਨਾਇਆ

ਜਲੰਧਰ- ਬੀਤੇ ਦਿਨੀਂ 10 ਮਈ ਨੂੰ ਪਿੰਡ ਕੂਪਰ ਢੇਹਪੁਰ ਜ਼ਿਲ੍ਹਾ ਜਲੰਧਰ ਵਿਖੇ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਜੀ ਦੇ 124ਵੇਂ ਜਨਮ ਦਿਨ ਦੇ ਸਬੰਧ ਵਿਚ ਪ੍ਰੋਗਰਾਮ ਡਾ. ਅੰਬੇਦਕਰ ਵੈਲਫੇਅਰ ਟਰੱਸਟ ਅਤੇ ਸ੍ਰੀ ਗੁਰੂ ਰਵਿਦਾਸ ਪ੍ਰਚਾਰ ਸਭਾ ਕੂਪਰ ਢੇਹ ਅੱਡਾ ਕਠਾਰ ਜਲੰਧਰ ਵੱਲੋਂ ਬੜੀ ਸ਼ਰਧਾ ਅਤੇ ਧੂੰਮ ਧਾਮ ਨਾਲ ਮਨਾਇਆ ਗਿਆ। ਇਸ ਪ੍ਰੋਗਰਾਮ ਵਿਚ ਸੱਚ ਫਾਊਂਡੇਸ਼ਨ ਹੁਸ਼ਿਆਰਪੁਰ ਦੀ ਟੀਮ ਦਾ ਖਾਸ ਸਹਿਯੋਗ ਰਿਹਾ ਅਤੇ ਆਲੇ ਦੁਆਲੇ ਦੇ ਪੰਜ ਪਿੰਡਾਂ ਦੇ ਲੋਕ ਹੁੰਮ ਹੁੰਮਾ ਕੇ ਪਹੁੰਚੇ।

ਇਸ ਮੌਕੇ ਤੇ ਪ੍ਰੋ. ਜੀ. ਸੀ. ਕੌਲ ਨੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਨੂੰ ਛੱਡ ਕੇ ਅਤੇ ਬਾਬਾ ਸਾਹਿਬ ਦੁਆਰਾ ਸ਼ੁਰੂ ਕੀਤਾ ਸਮਾਜਿਕ ਪਰਿਵਰਤਨ, ਆਰਥਿਕ ਸ਼ਕਤੀ, ਸਭਿਆਚਾਰਕ ਅਤੇ ਰਾਜਨੀਤਿਕ ਅੰਦੋਲਨ ਵਿਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਐਡਵੋਕੇਟ ਰਣਜੀਤ ਜੀ ਨੇ ਮੌਜੂਦਾ ਸਮੇਂ ਵਿਚ ਦਲਿਤ ਰਾਜਨੀਤਿਕ ਹਾਲਾਤ ਤੇ ਚਾਨਣਾ ਪਾਇਆ। ਮੈਡਮ ਬਲਵਿੰਦਰ ਕੌਰ ਨੇ ਬ੍ਰਾਹਮਣਵਾਦੀ ਰਾਜਨੀਤਿਕ ਸਰਕਾਰਾਂ ਵੱਲੋਂ ਅਨੁਸੂਚਿਤ ਜਾਤੀ, ਜਨਜਾਤੀ ਅਤੇ ਅਤੀ ਪੱਛੜੇ ਸਮਾਜ ਲਈ ਬਾਬਾ ਸਾਹਿਬ ਦੁਆਰਾ ਦਿੱਤੇ ਅਧਿਕਾਰਾਂ ਨੂੰ ਨਾ ਲਾਗੂ ਕਰਨ ਦੀ ਮਨਸ਼ਾ ਤੇ ਚਾਨਣਾ ਪਾਇਆ।

ਪੀ. ਟੀ. ਯੂ. ਦੇ ਅਸਿਸਟੈਂਟ ਰਜਿਸਟਰਾਰ ਸ੍ਰੀ ਸੰਦੀਪ ਕੁਮਾਰ ਨੇ ਨੌਜਵਾਨ ਪੀੜ੍ਹੀ ਨੂੰ ਵੱਧ ਤੋਂ ਵੱਧ ਸਿੱਖਿਆ ਗ੍ਰਹਿਣ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਠੇਕੇਦਾਰ ਭਗਵਾਨ ਦਾਸ ਨੇ ਬੱਚਿਆਂ ਨੂੰ ਪੜ੍ਹਾਈ ਲਈ ਮਾਇਕ ਸਹਾਇਤਾ ਦੇ ਕੇ ਹੌਸਲਾ ਅਫਜ਼ਾਈ ਕੀਤੀ। ਵੱਖ ਵੱਖ ਹੋਰ ਬੁਲਾਰਿਆਂ ਨੇ ਵੀ ਬਾਬਾ ਸਾਹਿਬ ਦੇ ਜੀਵਨ ਸੰਘਰਸ਼ ਬਾਰੇ ਲੋਕਾਂ ਨੂੰ ਜਾਣੂ ਕਰਵਾਇਆ। ਇਸ ਪ੍ਰੋਗਰਾਮ ਵਿਚ ਬਸਪਾ ਆਗੂ ਸ੍ਰੀ ਭਗਵਾਨ ਦਾਸ ਅਤੇ ਮੀਡੀਆ ਇੰਚਾਰਜ ਸ੍ਰੀ ਬਲਵਿੰਦਰ ਕੁਮਾਰ ਵੱਲੋਂ ਖਾਸ ਤੌਰ ਤੇ ਸ਼ਮੂਲੀਅਤ ਕੀਤੀ ਗਈ।

ਮਿਸ਼ਨਰੀ ਗਾਇਕ ਜੀਵਨ ਸੋਹਲ ਨੇ ਆਪਣੀ ਗਾਇਕੀ ਨਾਲ ਲੋਕਾਂ ਨੂੰ ਬਾਬਾ ਸਾਹਿਬ ਦੇ ਮਿਸ਼ਨ ਬਾਰੇ ਜਾਣੂ ਕਰਵਾਇਆ ਅਤੇ ਛੋਟੇ ਬੱਚਿਆਂ ਵੱਲੋਂ ਵੀ ਬਾਬਾ ਸਾਹਿਬ ਦੇ ਮਿਸ਼ਨ ਦਾ ਗੁਣਗਾਨ ਕੀਤਾ ਗਿਆ। ਇਸ ਮੌਕੇ ਉੱਘੀਆਂ ਸ਼ਖਸੀਅਤਾਂ ਪ੍ਰੋ. ਡਾ. ਜੀ. ਸੀ. ਕੌਲ, ਐਡਵੋਕੇਟ ਰਣਜੀਤ ਕੁਮਾਰ, ਡਾ. ਸਰਦੂਲ ਸਿੰਘ ਐਸ ਐਮ ਓ, ਡਾ. ਐਸ. ਪੀ. ਸਿੰਘ (ਸੀ. ਐਮ. ਓ.), ਡਾ. ਬਲਦੇਵ ਸਿੰਘ (ਐਮ. ਓ.), ਸੰਦੀਪ ਕੁਮਾਰ ਸਹਾਇਕ ਰਜਿਸਟਰਾਰ ਪੰਜਾਬ ਤਕਨੀਕੀ ਯੂ-ਨੀਵਰਸਿਟੀ, ਸੋਹਣ ਲਾਲ ਜੱਸੀ, ਡਾ. ਜਗਦੀਸ਼ ਚੰਦ, ਸ੍ਰੀ ਭਗਵਾਨ ਦਾਸ ਠੇਕੇਦਾਰ, ਬਸਪਾ ਦੇ ਆਗੂ ਸ੍ਰੀ ਭਗਵਾਨ ਦਾਸ ਚੌਹਾਨ, ਮੀਡੀਆ ਇੰਚਾਰਜ ਬਲਵਿੰਦਰ ਕੁਮਾਰ, ਸ੍ਰੀ ਜੀਵਨ ਲਾਲ ਸਰਪੰਚ, ਡਾ. ਮੀਨਾਕਸ਼ੀ ਰਿਟਾਇਰਡ ਡੀ. ਐਫ. ਓ., ਸ੍ਰੀ ਕ੍ਰਿਸ਼ਨ ਦਾਸ ਮਹੇ, ਰਿਟਾਇਰਡ ਲੈਫਟੀਨੈਂਟ ਹਿੰਦ ਪਾਲ ਬਸਰਾ, ਸ੍ਰੀ ਧਰਮਪਾਲ, ਸ੍ਰੀ ਜੋਗੀ ਰਾਮ, ਡਾ. ਬੀ. ਆਰ. ਅੰਬੇਦਕਰ ਵੈਲਫੇਅਰ ਟਰੱਸਟ ਅਤੇ ਸ੍ਰੀ ਗੁਰੂ ਰਵਿਦਾਸ ਪ੍ਰਚਾਰ ਸਭਾ ਕੂਪਰ ਢੇਹ ਪੁਰ ਦੇ ਸਾਰੇ ਮੈਂਬਰ, ਪਿੰਡ ਕੂਪਰ ਢੇਹਪੁਰ ਦੇ ਇਲਾਕੇ ਨਿਵਾਸੀਆਂ ਨੇ ਘੱਟੋ ਘੱਟ ਪੰਜ ਪਿੰਡਾਂ ਦੇ ਲੋਕਾਂ ਸਮੇਤ ਇਸ ਪ੍ਰੋਗਰਾਮ ਵਿਚ ਸ਼ਾਮਲ ਹੋ ਕੇ ਇਸ ਦੀ ਸ਼ੋਭਾ ਵਧਾਈ ਅਤੇ ਬਾਬਾ ਸਾਹਿਬ ਦੇ ਮਿਸ਼ਨ ਨੂੰ ਅੱਗੇ ਵਧਾਉਣ ਦਾ ਪ੍ਰਣ ਕੀਤਾ।
















# ਪੰਜਾਬ ਸਰਕਾਰ ਵਲੋਂ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ ਸਕਾਲਰਸ਼ਿਪ ਸਕੀਮ ਅਧੀਨ ਸਾਲ 2015-16 ਲਈ ਅਰਜ਼ੀਆਂ ਪ੍ਰਾਪਤ ਕਰਨ ਸਬੰਧੀ ਹਦਾਇਤਾਂ ਜਾਰੀ



ਕੁਲਦੀਪ ਚੰਦ
9417563054

ਪੰਜਾਬ ਸਰਕਾਰ-ਭਲਾਈ ਵਿਭਾਗ ਡਾਇਰੈਕਟੋਰੇਟ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ ਨੇ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ ਪੋਸਟ-ਮੈਟ੍ਰਿਕ ਅਤੇ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਸਾਲ 2015-16 ਲਈ ਅਰਜ਼ੀਆਂ ਪ੍ਰਾਪਤ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਹਨ। ਘੱਟ ਗਿਣਤੀ ਵਰਗ ਸਿੱਖ, ਮੁਸਲਿਮ, ਇਸਾਈ, ਬੋਧੀ, ਪਾਰਸੀ ਅਤੇ ਜੈਨ ਨਾਲ ਸਬੰਧਤ ਸਰਕਾਰੀ/ਗੈਰ ਸਰਕਾਰੀ ਮਾਨਤਾ ਪ੍ਰਾਪਤ ਸੀਨੀਅਰ ਸੈਕੰਡਰੀ ਸਕੂਲਾਂ/ਕਾਲਜ਼ਾਂ/ਯੂਨੀਵਰਸਿਟੀਜ਼ ਸਮੇਤ ਰਿਹਾਇਸ਼ੀ ਸੰਸਥਾਵਾਂ, ਪਾਲਿਟੈਕਨਿਕ ਕਾਲਜ਼, ਆਈ.ਟੀ.ਆਈਜ਼, ਉਦਯੋਗਿਕ ਸਿਖਲਾਈ ਸੈਂਟਰ ਜੋ ਕਿ ਐਨ.ਸੀ.ਵੀ.ਟੀ. ਵੱਲੋਂ ਮਾਨਤਾ ਪ੍ਰਾਪਤ, ਸਮਰੱਥ ਅਧਿਕਾਰੀ ਵੱਲੋਂ ਪ੍ਰਵਾਨਤ ਹੋਣ, ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਵਿਦਿਅਕ ਸੈਸ਼ਨ 2015-16 ਦੌਰਾਨ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਸਕਾਲਰਸ਼ਿਪ ਦੇਣ ਲਈ ਆਨ-ਲਾਈਨ ਦਰਖ਼ਾਸਤਾਂ www.scholarships.gov.in ਵੈਬ-ਸਾਈਟ ਤੇ ਮੰਗੀਆਂ ਗਈਆਂ ਹਨ। ਇਹ ਸਕਾਲਰਸ਼ਿਪ ਦੇਣ ਸਬੰਧੀ ਯੋਗਤਾ ਦਾ ਮਾਪ-ਦੰਡ/ਸ਼ਰਤਾਂ ਅਨੁਸਾਰ ਵਿਦਿਆਰਥੀ ਦੇ ਮਾਪਿਆਂ ਦੀ ਸਾਲਾਨਾ ਆਮਦਨ 2 ਲੱਖ ਰੁਪਏ ਤੋਂ ਵੱਧ ਨਾ ਹੋਵੇ। ਪੂਰਵਲੀ ਪ੍ਰੀਖਿਆ ਵਿੱਚ ਘੱਟ ਤੋਂ ਘੱਟ 50% ਨੰਬਰ ਪ੍ਰਾਪਤ ਵਿਦਿਆਰਥੀ ਨੂੰ ਹੀ ਸਕਾਲਰਸ਼ਿਪ ਮਿਲੇਗਾ। ਇੱਕ ਪਰਿਵਾਰ ਦੇ ਦੋ ਤੋਂ ਵੱਧ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਨਹੀਂ ਦਿੱਤਾ ਜਾਵੇਗਾ। ਇਸ ਸਕੀਮ ਅਧੀਨ ਸਕਾਲਰਸ਼ਿਪ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਪੰਜਾਬ ਸਰਕਾਰ ਜਾਂ ਭਾਰਤ ਸਰਕਾਰ ਦੀ ਕਿਸੇ ਵੀ ਹੋਰ ਸਕੀਮ ਅਧੀਨ ਅਜਿਹਾ ਲਾਭ ਪ੍ਰਾਪਤ ਨਹੀਂ ਕਰੇਗਾ। ਵਿਦਿਆਰਥੀ ਪੰਜਾਬ ਰਾਜ ਦਾ ਵਸਨੀਕ ਹੋਵੇ ਅਤੇ ਰੈਗੂਲਰ ਤੌਰ ਤੇ ਪੜ੍ਹ ਰਿਹਾ ਹੋਵੇ। ਰਿਨਿਊਅਲ ਸਕਾਲਰਸ਼ਿਪ ਲੈਣ ਲਈ ਉਹ ਵਿਦਿਆਰਥੀ ਹੱਕਦਾਰ ਹੋਣਗੇ ਜਿਨ੍ਹਾਂ ਨੇ ਪੂਰਵਲੇ ਇਮਤਿਹਾਨ ਵਿੱਚ ਘੱਟ ਤੋਂ ਘੱਟ 50% ਨੰਬਰ ਪ੍ਰਾਪਤ ਕੀਤੇ ਹੋਣ। ਆਮਦਨ ਸਰਟੀਫਿਕੇਟ ਸਬੰਧੀ ਸਵੈ-ਰੁਜ਼ਗਾਰ/ਮਾਪੇ/ਸਰਪ੍ਰਸਤ ਆਮਦਨ ਸਬੰਧੀ ਨਾਨ-ਜੁਡੀਸ਼ੀਅਲ ਸਟੈਂਪ ਪੇਪਰ ਤੇ ਬਿਆਨ ਹਲਫੀਆ ਦੀ ਸ਼ਕਲ ਵਿੱਚ ਸੈਲਫ ਸਰਟੀਫਿਕੇਸ਼ਨ ਦੇ ਸਕਦਾ ਹੈ ਅਤੇ ਨੌਕਰੀ ਕਰਨ ਵਾਲੇ ਮਾਪੇ/ਸਰਪ੍ਰਸਤ ਨਿਯੁਕਤੀ ਕਰਤਾ ਅਧਿਕਾਰੀ ਵੱਲੋਂ ਜਾਰੀ ਕੀਤਾ ਆਮਦਨ ਸਰਟੀਫਿਕੇਟ ਪੇਸ਼ ਕਰਨਗੇ। ਇਸਦੇ ਲਈ ਸਕਾਲਰਸ਼ਿਪ ਦੇ ਰੇਟ ਵੀ ਤੈਅ ਕੀਤੇ ਗਏ ਹਨ। ਇਹਨਾਂ ਸਕਾਲਰਸ਼ਿਪ ਰੇਟਾਂ ਅਨੁਸਾਰ 11ਵੀਂ ਅਤੇ 12ਵੀਂ ਕਲਾਸਾਂ ਵਾਸਤੇ ਦਾਖ਼ਲਾ ਅਤੇ ਟਿਊਸ਼ਨ ਫੀਸ ਹੋਸਟਲਰ ਲਈ ਵਜ਼ੀਫਾ ਅਸਲ ਜਾਂ ਵੱਧ ਤੋਂ ਵੱਧ 7000/- ਰੁਪਏ ਸਾਲਾਨਾ ਅਤੇ ਡੇ ਸਕਾਲਰ ਲਈ ਵਜ਼ੀਫਾ ਅਸਲ ਜਾਂ ਵੱਧ ਤੋਂ ਵੱਧ 7000/- ਰੁਪਏ ਸਾਲਾਨਾ ਹੋਵੇਗਾ। 11ਵੀਂ ਅਤੇ 12ਵੀਂ ਪੱਧਰ ਦੇ ਤਕਨੀਕੀ ਵੋਕੇਸ਼ਨਲ ਕੋਰਸਾਂ ਕਲਾਸਾਂ ਵਾਸਤੇ ਦਾਖ਼ਲਾ ਅਤੇ ਟਿਊਸ਼ਨ/ਕੋਰਸ ਫੀਸ (ਸਮੇਤ ਪੜ੍ਹਾਈ ਦੀ ਸਮੱਗਰੀ ਦਾ ਖ਼ਰਚਾ) ਹੋਸਟਲਰ ਲਈ ਵਜ਼ੀਫਾ ਅਸਲ ਜਾਂ ਵੱਧ ਤੋਂ ਵੱਧ 10000/- ਰੁਪਏ ਸਾਲਾਨਾ ਅਤੇ ਡੇ ਸਕਾਲਰ ਲਈ ਵਜ਼ੀਫਾ ਅਸਲ ਜਾਂ ਵੱਧ ਤੋਂ ਵੱਧ 10000/- ਰੁਪਏ ਸਾਲਾਨਾ ਹੋਵੇਗਾ। ਅੰਡਰ ਗਰੈਜੂਏਟ/ਪੋਸਟ ਗਰੈਜੂਏਟ ਵਾਸਤੇ ਦਾਖ਼ਲਾ ਅਤੇ ਟਿਊਸ਼ਨ ਫੀਸ ਹੋਸਟਲਰ ਲਈ ਵਜ਼ੀਫਾ ਅਸਲ ਜਾਂ ਵੱਧ ਤੋਂ ਵੱਧ 3000/- ਰੁਪਏ ਸਾਲਾਨਾ ਅਤੇ ਡੇ ਸਕਾਲਰ ਲਈ ਵਜ਼ੀਫਾ ਅਸਲ ਜਾਂ ਵੱਧ ਤੋਂ ਵੱਧ 3000/- ਰੁਪਏ ਸਾਲਾਨਾ ਹੋਵੇਗਾ। ਮੇਨਟੇਨੈਂਸ ਅਲਾਊਂਸ (ਸਕਾਲਰਸ਼ਿਪ) ਇੱਕ ਵਿਦਿਅਕ ਸੈਸ਼ਨ ਵਿੱਚ 10 ਮਹੀਨਿਆਂ ਵਾਸਤੇ (ਸਮੇਤ ਪੜ੍ਹਾਈ ਦੀ ਸਮੱਗਰੀ ਦਾ ਖ਼ਰਚਾ)-11ਵੀਂ ਅਤੇ 12ਵੀਂ ਸਮੇਤ ਇਸ ਪੱਧਰ ਤਕਨੀਕੀ ਵੋਕੇਸ਼ਨਲ ਕੋਰਸ ਹੋਸਟਲਰ ਲਈ ਵਜ਼ੀਫਾ 380/- ਰੁਪਏ ਪ੍ਰਤੀ ਮਹੀਨਾ ਅਤੇ ਡੇ ਸਕਾਲਰ ਲਈ ਵਜ਼ੀਫਾ 230/- ਪ੍ਰਤੀ ਮਹੀਨਾ, ਟੈਕਨੀਕਲ ਅਤੇ ਪ੍ਰੋਫੈਸ਼ਨ ਕੋਰਸਾਂ ਤੋਂ ਇਲਾਵਾ ਅੰਡਰ ਗਰੈਜੂਏਟ/ਪੋਸਟ ਗਰੈਜੂਏਟ ਹੋਸਟਲਰ ਲਈ ਵਜ਼ੀਫਾ 570/- ਰੁਪਏ ਪ੍ਰਤੀ ਮਹੀਨਾ ਅਤੇ ਡੇ ਸਕਾਲਰ ਲਈ ਵਜ਼ੀਫਾ 300/-ਪ੍ਰਤੀ ਮਹੀਨਾ, ਐਮ.ਫਿੱਲ ਅਤੇ ਪੀ.ਐਚ.ਡੀ. (ਉਨ੍ਹਾਂ ਰਿਸਰਚਰਜ਼ ਲਈ ਜਿਨ੍ਹਾਂ ਨੂੰ ਕਿਸੇ ਵੀ ਯੂਨੀਵਰਸਿਟੀ ਜਾ ਅਥਾਰਟੀ ਵੱਲੋਂ ਫ਼ੈਲੋਸ਼ਿਪ ਨਾ ਮਿਲੀ ਹੋਵੇ) ਹੋਸਟਲਰ ਲਈ ਵਜ਼ੀਫਾ 1200/-ਪ੍ਰਤੀ ਮਹੀਨਾ ਅਤੇ ਡੇ ਸਕਾਲਰ ਲਈ ਵਜ਼ੀਫਾ 550/- ਰੁਪਏ ਪ੍ਰਤੀ ਮਹੀਨਾ ਹੋਵੇਗਾ। ਇਸ ਸਬੰਧੀ ਫਰੈਸ਼ (ਨਵੇਂ)/ਰਿਨਿਊਅਲ ਦਰਖਾਸਤਾਂ ਸਬੰਧੀ ਸਮਾਂ-ਸੀਮਾ ਤੈਅ ਕੀਤੀ ਗਈ ਹੈ। ਫਰੈਸ਼ (ਨਵੇਂ) ਵਿਦਿਆਰਥੀਆਂ ਵੱਲੋਂ ਸਕੂਲਾਂ/ਕਾਲਜ਼ਾਂ/ਸੰਸਥਾਵਾਂ ਲਈ ਆਨ-ਲਾਈਨ ਦਰਖ਼ਾਸਤਾਂ ਭੇਜਣ ਦੀ ਆਖਰੀ ਮਿਤੀ 15.09.2015 ਹੈ ਅਤੇ ਸਬੰਧਤ ਸਕੂਲਾਂ/ਕਾਲਜ਼ਾਂ/ਸੰਸਥਾਵਾਂ ਵੱਲੋਂ ਭਲਾਈ ਵਿਭਾਗ ਨੂੰ ਹਾਰਡ-ਕਾਪੀਆਂ ਭੇਜਣ ਦੀ ਮਿਤੀ 25.09.2015 ਹੈ। ਇਸੇ ਤਰ੍ਹਾਂ ਰਿਨਿਊਲ ਸਕਾਲਰਸ਼ਿਪ ਦੇ ਵਿਦਿਆਰਥੀਆਂ ਲਈ ਆਖਰੀ ਮਿਤੀ 10.10.2015 ਹੈ। ਭਾਰਤ ਸਰਕਾਰ ਦਾ ਨੈਸ਼ਨਲ ਸਕਾਲਰਸ਼ਿਪ ਵੈਬ ਪੋਰਟਲ ਮਿਤੀ 1.6.2015 ਤੋਂ ਖੁੱਲ੍ਹੇਗਾ। ਅਪਲਾਈ ਕਰਨ ਲਈ ਯੋਗ ਵਿਦਿਆਰਥੀ ਵੈਬ-ਸਾਈਟ ਮਮਮ.ਤਫੀਰ; ਤੇ ਆਨ ਲਾਈਨ ਅਪਲਾਈ ਕਰ ਸਕਦੇ ਹਨ। ਵਿਦਿਆਰਥੀ ਆਪਣੇ ਸਕੂਲ/ਕਾਲਜ/ਸੰਸਥਾ ਨੂੰ ਆਨ-ਲਾਈਨ ਦਰਖ਼ਾਸਤ ਭੇਜਣਗੇ ਅਤੇ ਫ਼ਰੈਸ਼ ਵਿਦਿਆਰਥੀ ਉਸ ਦਾ ਪ੍ਰਿੰਟ ਲੈਣਗੇ। ਇਹ ਪ੍ਰਿੰਟ ਸਮੇਤ ਲੋੜੀਂਦੇ ਦਸਤਾਵੇਜ਼ (ਜਿਵੇਂ ਪ੍ਰਿੰਟ ਆਊਟ ਵਿੱਚ ਦਰਜ ਹੈ) ਸਬੰਧਤ ਸੰਸਥਾ ਨੂੰ ਭੇਜੇ ਜਾਣਗੇ। ਵਿਦਿਆਰਥੀ ਨੂੰ ਟੈਮਪਰੇਰੀ ਆਈ.ਡੀ. ਮਿਲੇਗੀ, ਜਿਸ ਨੂੰ ਉਹ ਭਵਿੱਖ ਵਿੱਚ ਲਿਖਾ-ਪੜ੍ਹੀ ਕਰਨ ਲਈ ਆਪਣੇ ਪਾਸ ਰੱਖੇਗਾ। ਰਿਨਿਊਲ ਵਾਲੇ ਵਿਦਿਆਰਥੀ ਦਰਖ਼ਾਸਤ ਦੇਣ ਸਮੇਂ ਲੋੜੀਂਦੇ ਸਕੈਨਡ ਦਸਤਾਵੇਜ਼ ਅਪ-ਲੋਡ ਕਰਨਗੇ। ਸਬੰਧਤ ਸਕੂਲ/ਕਾਲਜ/ਸੰਸਥਾ ਦਰਖ਼ਾਸਤਾਂ ਨੂੰ ਸਕਰੂਟਿਨੀ ਕਰਕੇ ਉਸ ਹੀ ਵੈਬ-ਸਾਈਟ ਦੇ ਲਾਗ-ਇਨ ਵਿੱਚ ਉਸ ਨੂੰ ਦਿੱਤੇ ਹੋਏ ਯੂਜ਼ਰ ਆਈ.ਡੀ. ਅਤੇ ਪਾਸਵਰਡ (ਜੋ ਉਸ ਨੂੰ ਭਲਾਈ ਵਿਭਾਗ ਵੱਲੋਂ ਪਹਿਲਾਂ ਹੀ ਦਿੱਤਾ ਹੋਇਆ ਹੈ) ਨਾਲ ਨਵੀਆਂ ਦਰਖ਼ਾਸਤਾਂ 5.10.2015 ਤੱਕ ਅਤੇ ਰਿਨਿਊਲ ਦਰਖ਼ਾਸਤਾਂ 31.10.2015 ਤੱਕ ਆਨ-ਲਾਈਨ ਭੇਜੇਗਾ। ਵਿਦਿਆਰਥੀਆਂ/ਸੰਸਥਾਵਾਂ ਨੂੰ ਐਫ.ਏ. ਕਿਊਜ ਅਤੇ ਸੰਸਥਾਵਾਂ ਲਈ ਸੂਚਨਾ ਜੋ ਕਿ ਵੈਬ ਸਾਈਟ ਦੇ ਹੋਮ ਪੇਜ ਤੇ ਉਪਲਬੱਧ ਹੈ, ਨੂੰ ਆਨ-ਲਾਈਨ ਅਪਲਾਈ ਕਰਨ ਅਤੇ ਸੰਸਥਾ ਵੱਲੋਂ ਸਕਰੂਟਿਨੀ ਕਰਨ ਸਮੇਂ ਧਿਆਨ ਨਾਲ ਪੜ੍ਹਨ ਦੀ ਸਲਾਹ ਦਿੱਤੀ ਜਾਂਦੀ ਹੈ। ਸੰਸਥਾਵਾਂ ਇਹ ਯਕੀਨੀ ਬਣਾਉਣਗੀਆਂ ਕਿ ਉਹ ਆਨ-ਲਾਈਨ ਦਰਖ਼ਾਸਤਾਂ ਹੀ ਭਲਾਈ ਵਿਭਾਗ ਨੂੰ ਫਾਰਵਰਡ ਕੀਤੀਆਂ ਹਨ, ਜਿਨ੍ਹਾਂ ਨੂੰ ਵਿਦਿਆਰਥੀਆਂ ਵੱਲੋਂ ਦਸਤਾਵੇਜ਼ਾਂ ਦੀਆਂ ਕਾਪੀਆਂ ਸਮੇਤ ਤਸਦੀਕ ਕੀਤਾ ਹੋਇਆ ਹੈ। ਭਲਾਈ ਵਿਭਾਗ ਨੂੰ ਨਿਸ਼ਚਿਤ ਸਮੇਂ ਦੇ ਅੰਦਰ ਜੇਕਰ ਹਾਰਡ ਕਾਪੀਆਂ ਪ੍ਰਾਪਤ ਨਹੀਂ ਹੁੰਦੀਆਂ ਤਾਂ ਆਨ-ਲਾਈਨ ਪ੍ਰਾਪਤ ਹੋਈਆਂ ਦਰਖ਼ਾਸਤਾਂ ਰਿਜੈਕਟ ਕਰ ਦਿੱਤੀਆਂ ਜਾਣ-ਗੀਆਂ। ਮੈਨੂਅਲ ਦਰਖ਼ਾਸਤਾਂ ਤੇ ਵਿਚਾਰ ਨਹੀਂ ਕੀਤੀ ਜਾਵੇਗੀ। ਇਸੇ ਤਰਾਂ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਪੰਜਾਬ ਸਕੂਲ ਸਿੱਖਿਆ ਬੋਰਡ, ਸੀ.ਬੀ.ਐਸ.ਸੀ., ਆਈ. ਸੀ. ਐਸ. ਈ. ਨਾਲ ਐਫੀਲੀਏਟਡ ਸਰਕਾਰੀ/ਮਾਨਤਾ ਪ੍ਰਾਪਤ/ਪ੍ਰਾਈਵੇਟ ਸਕੂਲਾਂ/ਸੰਸਥਾਵਾਂ ਪਾਸੋਂ ਘੱਟ ਗਿਣਤੀ ਵਰਗ ਸਿੱਖ, ਮੁਸਲਿਮ, ਇਸਾਈ, ਬੋਧੀ, ਪਾਰਸੀ ਅਤੇ ਜੈਨ ਨਾਲ ਸਬੰਧਤ ਵਿਦਿਅਕ ਅਦਾਰੇ 2015-16 ਦੌਰਾਨ ਪਹਿਲੀ ਤੋਂ ਦਸਵੀਂ ਕਲਾਸ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਤਜਵੀਜ਼ਾਂ ਮੰਗੀਆਂ ਹਨ। ਪਹਿਲੀ ਤੋਂ ਅੱਠਵੀਂ ਕਲਾਸ ਦੇ ਵਿਦਿਆਰਥੀਆਂ ਦੀ ਮੰਗ ਸਬੰਧਤ ਸਬੰਧਤ ਸਕੂਲ/ਸੰਸਥਾ ਦੇ ਮੁਖੀ ਵੱਲੋਂ ਤਿਆਰ ਕਰਕੇ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਹਾਰਡ ਤੇ ਸੌਫ਼ਟ ਕਾਪੀ ਭੇਜੀ ਜਾਵੇਗੀ। ਨੌਂਵੀ ਅਤੇ ਦਸਵੀਂ ਕਲਾਸਾਂ ਦੇ ਵਿਦਿਆਰਥੀ ਸਕਾਲਰਸ਼ਿਪ ਪੋਰਟਲ ਤੇ ਆਨ-ਲਾਈਨ ਅਪਲਾਈ ਕਰਨਗੇ। ਭਾਰਤ ਸਰਕਾਰ ਦਾ ਨੈਸ਼ਨਲ ਸਕਾਲਰਸ਼ਿਪ ਵੈਬ ਪੋਰਟਲ ਮਿਤੀ 1.5.2015 ਤੋਂ ਖੁੱਲੇਗਾ। ਨੌਂਵੀ ਅਤੇ ਦਸਵੀਂ ਦੇ ਕਿਸੇ ਵੀ ਵਿਦਿਆਰਥੀ ਦੀ ਆਫ਼-ਲਾਈਨ ਦਰਖ਼ਾਸਤ ਪ੍ਰਵਾਨ ਨਹੀਂ ਕੀਤੀ ਜਾਵੇਗੀ। ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ ਸਾਰੇ ਸਕੂਲਾਂ ਦੀ ਡਿਮਾਂਡ ਇਕੱਤਰ ਕਰਕੇ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, (ਘੱਟ ਗਿਣਤੀ ਸ਼ਾਖਾ) ਪੰਜਾਬ, ਨੂੰ 31.7.2015 ਤੋਂ ਪਹਿਲਾਂ-ਪਹਿਲਾਂ ਭੇਜਣਗੇ। ਇਹ ਸਕਾਲਰਸ਼ਿਪ ਦੇਣ ਸਬੰਧੀ ਯੋਗਤਾ ਦੀਆਂ ਸ਼ਰਤਾਂ ਅਨੁਸਾਰ ਵਿਦਿਆਰਥੀ ਨੇ ਪੂਰਵਲੀ ਪ੍ਰੀਖਿਆ ਵਿੱਚ ਘੱਟ ਤੋਂ ਘੱਟ 50% ਅੰਕ ਪ੍ਰਾਪਤ ਕੀਤੇ ਹੋਣ, ਵਿਦਿਆਰਥੀ ਦੇ ਮਾਪਿਆਂ ਦੀ ਸਾਲਾਨਾ ਆਮਦਨ ਇੱਕ ਲੱਖ ਰੁਪਏ ਤੋਂ ਵੱਧ ਨਾ ਹੋਵੇ, ਇਸ ਸਕੀਮ ਅਧੀਨ ਸਕਾਲਰਸ਼ਿਪ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਪੰਜਾਬ ਸਰਕਾਰ ਜਾਂ ਭਾਰਤ ਸਰਕਾਰ ਦੀ ਕਿਸੇ ਵੀ ਹੋਰ ਸਕੀਮ ਅਧੀਨ ਅਜਿਹਾ ਲਾਭ ਪ੍ਰਾਪਤ ਨਹੀਂ ਕਰੇਗਾ, ਇੱਕ ਪਰਿਵਾਰ ਦੇ ਦੋ ਤੋਂ ਵੱਧ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਨਹੀਂ ਦਿੱਤਾ ਜਾਵੇਗਾ, ਵਿਦਿਆਰਥੀ ਦੇ ਮਾਪੇ ਪੰਜਾਬ ਰਾਜ ਦੇ ਵਸਨੀਕ ਹੋਣ ਅਤੇ ਵਿਦਿਆਰਥੀ ਰੈਗੂਲਰ ਤੌਰ ਤੇ ਪੜ੍ਹ ਰਿਹਾ ਹੋਵੇ। ਇਸਦੇ ਲਈ ਸਕਾਲਰਸ਼ਿਪ ਦੇ ਰੇਟ ਵੀ ਤੈਅ ਕੀਤੇ ਗਏ ਹਨ। 6ਵੀਂ ਤੋਂ ਦਸਵੀਂ ਕਲਾਸਾਂ ਵਾਸਤੇ ਦਾਖ਼ਲਾ ਫੀਸ ਹੋਸਟਲਰ ਲਈ ਵਜ਼ੀਫਾ ਅਸਲ ਜਾਂ ਵੱਧ ਤੋਂ ਵੱਧ 500/- ਰੁਪਏ ਸਾਲਾਨਾ ਤਐ ਡੇ ਸਕਾਲਰ ਲਈ ਵਜ਼ੀਫਾ ਅਸਲ ਜਾਂ ਵੱਧ ਤੋਂ ਵੱਧ 500/- ਰੁਪਏ ਸਾਲਾਨਾ ਹੋਵੇਗਾ। 6ਵੀਂ ਤੋਂ ਦਸਵੀਂ ਕਲਾਸਾਂ ਵਾਸਤੇ ਟਿਊਸ਼ਨ ਫੀਸ, ਹੋਸਟਲਰ ਲਈ ਵਜ਼ੀਫਾ ਅਸਲ ਜਾਂ ਵੱਧ ਤੋਂ ਵੱਧ 350/- ਰੁਪਏ ਪ੍ਰਤੀ ਮਹੀਨਾ ਅਤੇ ਡੇ ਸਕਾਲਰ ਲਈ ਵਜ਼ੀਫਾ ਅਸਲ ਜਾਂ ਵੱਧ ਤੋਂ ਵੱਧ 350 ਰੁਪਏ ਪ੍ਰਤੀ ਮਹੀਨਾ ਹੋਵੇਗਾ। ਮੇਨਟੇਨੈਂਸ ਅਲਾਊਂਸ (ਸਕਾਲਰਸ਼ਿਪ) ਇੱਕ ਵਿਦਿਅਕ ਸੈਸ਼ਨ ਵਿੱਚ ਵੱਧ ਤੋਂ ਵੱਧ 10 ਮਹੀਨਿਆਂ ਲਈ ਮਿਲੇਗਾ-ਪਹਿਲੀ ਤੋਂ ਪੰਜਵੀਂ ਕਲਾਸ ਤੱਕ ਡੇ ਸਕਾਲਰ ਲਈ ਵਜ਼ੀਫਾ 100/- ਰੁਪਏ ਪ੍ਰਤੀ ਮਹੀਨਾ ਮਿਲੇਗਾ। ਛੇਵੀਂ ਤੋਂ ਦਸਵੀਂ ਕਲਾਸ ਤੱਕ ਹੋਸਟਲਰ ਲਈ ਵਜ਼ੀਫਾ ਅਸਲ ਜਾਂ ਵੱਧ ਤੋਂ ਵੱਧ 600/- ਰੁਪਏ ਪ੍ਰਤੀ ਮਹੀਨਾ ਅਤੇਤ ਡੇ ਸਕਾਲਰ ਲਈ ਵਜ਼ੀਫਾ 100/- ਰੁਪਏ ਪ੍ਰਤੀ ਮਹੀਨਾ ਹੋਵੇਗਾ। ਐਮ.ਫਿੱਲ ਅਤੇ ਪੀ.ਐਚ.ਡੀ (ਉਨ੍ਹਾਂ ਰਿਸਰਚਰਜ਼ ਲਈ ਜਿਨ੍ਹਾਂ ਨੂੰ ਕਿਸੇ ਵੀ ਯੂਨੀਵਰਸਿਟੀ ਜਾਂ ਅਥਾਰਟੀ ਵੱਲੋਂ ਫ਼ੈਲੋਸ਼ਿਪ ਨਾ ਮਿਲੀ ਹੋਵੇ) ਨੂੰ ਹੋਸਟਲਰ ਲਈ ਵਜ਼ੀਫਾ 1200/- ਰੁਪਏ ਪ੍ਰਤੀ ਮਹੀਨਾ ਅਤੇ ਡੇ ਸਕਾਲਰ ਲਈ ਵਜ਼ੀਫਾ 550/- ਰੁਪਏ ਪ੍ਰਤੀ ਮਹੀਨਾ ਹੋਵੇਗਾ। ਸਕੂਲ/ਸੰਸਥਾ ਦਾ ਮੁਖੀ ਵਿਦਿਆਰਥੀ ਦੀ ਯੋਗਤਾ ਦੀ ਤਸਦੀਕ ਕਰੇਗਾ।

ਇਹ ਵੀ ਤਸਦੀਕ ਕਰਨਗੇ ਕਿ ਸਿਫ਼ਾਰਸ਼ ਕੀਤੇ ਵਿਦਿਆਰਥੀ, ਨਾਰਮ ਮੁਤਾਬਿਕ, ਯੋਗ ਹਨ ਅਤੇ ਕੋਈ ਵੀ ਯੋਗ ਵਿਦਿਆਰਥੀ ਛੱਡਿਆ ਨਹੀਂ ਗਿਆ। ਨੌਂਵੀ ਅਤੇ ਦਸਵੀਂ ਦੇ ਵਿਦਿਆਰਥੀਆਂ ਦੀਆਂ ਆਨ-ਲਾਈਨ ਦਰਖ਼ਾਸਤਾਂ ਭੇਜਣ ਲਈ ਸਬੰਧਤ ਸਕੂਲਾਂ/ ਸੰਸਥਾਵਾਂ ਨੂੰ ਰਜਿਸਟ੍ਰੇਸ਼ਨਜ਼ ਲਈ ਈ-ਮੇਲ ਆਈ.ਡੀ. www.minorityaffairspunjab@gmail.com ਤੇ ਸੰਪਰਕ ਕਰਨਾ ਹੋਵੇਗਾ। ਨੌਂਵੀ ਅਤੇ ਦਸਵੀਂ ਦੇ ਵਿਦਿਆਰਥੀਆਂ/ਸੰਸਥਾਵਾਂ ਨੂੰ ਐਫ. ਏ. ਕਿਊਜ਼ ਅਤੇ ਸੰਸਥਾਵਾਂ ਲਈ ਸੂਚਨਾ ਜੋ ਕਿ ਵੈਬ-ਸਾਈਟ ਦੇ ਹੋਮ-ਪੇਜ ਤੇ ਉਪਲਬੱਧ ਹੈ, ਨੂੰ ਆਨ-ਲਾਈਨ ਅਪਲਾਈ ਕਰਨ ਅਤੇ ਸੰਸਥਾ ਵੱਲੋਂ ਸਕਰੂਟਿਨੀ ਕਰਨ ਸਮੇਂ ਧਿਆਨ ਨਾਲ ਪੜ੍ਹਨ ਦੀ ਸਲਾਹ ਦਿੱਤੀ ਜਾਂਦੀ ਹੈ। ਸੰਸਥਾਵਾਂ ਇਹ ਯਕੀਨੀ ਬਣਾਉਣਗੇ ਕਿ ਨੌਂਵੀ ਅਦੇ ਦਸਵੀਂ ਦੇ ਵਿਦਿਆਰਥੀਆਂ ਦੀਆਂ ਉਹ ਆਨ-ਲਾਈਨ ਦਰਖ਼ਾਸਤਾਂ ਹੀ ਭਲਾਈ ਵਿਭਾਗ ਨੂੰ ਫ਼ਾਰਵਰਡ ਕੀਤੀਆਂ ਹਨ, ਜਿਨ੍ਹਾਂ ਨੂੰ ਵਿਦਿਆਰਥੀਆਂ ਵੱਲੋਂ ਦਰਖ਼ਾਸਤ ਸਮੇਤ ਦਸਤਾਵੇਜ਼ਾਂ ਦੀਆਂ ਕਾਪੀਆਂ ਤਸਦੀਕ ਕੀਤਾ ਹੋਇਆ ਹੈ।

ਭਲਾਈ ਵਿਭਾਗ ਨੂੰ ਨਿਸ਼ਚਿਤ ਸਮੇਂ ਦੇ ਅੰਦਰ ਜੇਕਰ ਹਾਰਡ ਕਾਪੀਆਂ ਪ੍ਰਾਪਤ ਨਹੀਂ ਹੁੰਦੀਆਂ ਤਾਂ ਆਨ-ਲਾਈਨ ਪ੍ਰਾਪਤ ਹੋਈਆਂ ਦਰਖ਼ਾਸਤਾਂ ਰਿਜੈਕਟ ਕਰ ਦਿੱਤੀਆਂ ਜਾਣਗੀਆਂ। ਨੌਂਵੀ ਅਤੇ ਦਸਵੀਂ ਦੇ ਵਿਦਿਆਰਥੀਆਂ ਦੀਆਂ ਮੈਨੂਅਲ ਦਰਖ਼ਾਸਤਾਂ ਤੇ ਵਿਚਾਰ ਨਹੀਂ ਕੀਤੀ ਜਾਵੇਗੀ। ਵਧੇਰੇ ਜਾਣਕਾਰੀ ਅਤੇ ਐਪਲੀਕੇਸ਼ਨ ਫ਼ਾਰਮ ਡਾਊਨ-ਲੋਡ ਕਰਨ ਵਾਸਤੇ ਕਿਊਰੀਜ਼/ਕਲੈਰੀਫਿਕੇਸ਼ਨ ਲਈ ਵੈਬ-ਸਾਈਟ www.minorityaffairs.gov.in ਅਤੇ ਨਵੀਆਂ ਰਜਿਸਟ੍ਰੇਸ਼ਨਜ਼ ਲਈ ਏ-ਮੇਲ ਆਈ.ਡੀ. www.minorityaffairspunjab@gmail.com ਜਾਂ ਟੌਲ ਫ਼ਰੀ ਨੰ: 1800-137-0015 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕਨੂੰਨ ਅਤੇ ਅਦਾਲਤੀ ਹੁਕਮਾਂ ਨੂੰ ਛਿਕੇ ਟੰਗਕੇ ਪ੍ਰਾਈਵੇਟ ਬੱਸਾਂ ਵਾਲ਼ੇ ਕਰਦੇ ਨੇ ਸਵਾਰੀਆਂ ਦੀ ਜਾਨ ਨਾਲ ਖਿਲਵਾੜ੍ਹ, ਸਵਾਰੀਆਂ ਹੁੰਦੀਆਂ ਹਨ ਪ੍ਰੇਸ਼ਾਨ

ਪਿਛਲੇ ਕੁੱਝ ਦਿਨਾਂ ਤੋਂ ਪੰਜਾਬ ਵਿੱਚ ਚੱਲਦੀਆਂ ਕਈ ਨਾਮੀ ਪ੍ਰਾਈਵੇਟ ਬੱਸ ਕੰਪਨੀਆਂ ਦੀਆਂ ਬੱਸਾਂ ਵਿੱਚ ਅਪਰਾਧਿਕ ਘਟਨਾਵਾਂ ਵਿਸ਼ੇਸ਼ ਤੋਰ ਤੇ ਮਹਿਲਾਵਾਂ ਨਾਲ ਅਪਰਾਧਿਕ ਘਟਨਾਵਾਂ ਵਾਪਰਨ ਦੀਆਂ ਖਬਰਾਂ ਸਾਹਮਣੇ ਆਈਆਂ ਹਨ। ਪੰਜਾਬ ਦੀ ਸੱਤਾਧਾਰੀ ਪਾਰਟੀ ਅਤੇ ਕੇਂਦਰ ਸਰਕਾਰ ਵਿੱਚ ਭਾਈਵਾਲ ਸ਼੍ਰੋਮਣੀ ਅਕਾਲੀ ਦੇ ਆਗੂਆ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਉਪੱ ਮੁੱਖ ਮੰਤਰੀ ਸੁਖਵੀਰ ਸਿੰਘ ਬਾਦਲ ਦੀ ਨਾਮੀ ਬੱਸ ਕੰਪਨੀ ਦੀ ਇੱਕ ਬੱਸ ਵਿੱਚ ਪਿਛਲੇ ਦਿਨੀਂ ਵਾਪਰੀ ਇੱਕ ਘਟਨਾਂ ਜਿਸ ਵਿੱਚ ਇੱਕ ਲੜਕੀ ਮਾਰੀ ਗਈ ਅਤੇ ਉਸਦੀ ਮਾਂ ਗੰਭੀਰ ਜਖਮੀ ਹੈ ਤੋਂ ਬਾਦ ਪੰਜਾਬ ਵਿੱਚ ਅਰਾਜਕਤਾ ਦਾ ਮਾਹੋਲ ਬਣ ਗਿਆ ਹੈ ਅਤੇ ਇਸ ਘਟਨਾ ਦੀ ਅਵਾਜ਼ ਲੋਕ ਸਭਾ ਅਤੇ ਰਾਜ ਸਭਾ ਤੱਕ ਪਹੁੰਚ ਗਈ ਹੈ। ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਵੀ ਇਸ ਮਾਮਲੇ ਸਬੰਧੀ ਕਾਰਵਾਈ ਸ਼ੁਰੂ ਕਰ ਦਿਤੀ ਹੈ। ਬੇਸ਼ੱਕ ਇਹ ਘਟਨਾ ਕੋਈ ਪਹਿਲੀ ਘਟਨਾ ਨਹੀਂ ਹੈ ਪਰੰਤੂ ਘਟਨਾ ਵਾਲੀ ਬੱਸ ਦਾ ਸਬੰਧ ਪੰਜਾਬ ਦੀ ਸੱਤਾਧਾਰੀ ਰਾਜਨੀਤਿਕ ਪਾਰਟੀ ਸ਼ੋਮਣੀ ਅਕਾਲੀ ਦੱਲ ਨਾਲ ਹੋਣ ਕਾਰਨ ਵਿਰੋਧੀ ਰਾਜਨੀਤਿਕ ਪਾਰਟੀਆਂ ਨੂੰ ਮੁੱਦਾ ਮਿਲ ਗਿਆ ਹੈ। ਮੀਡੀਆ ਦੀਆਂ ਸੁਰਖੀਆਂ ਬਣੀ ਇਹ ਘਟਨਾ ਪਹਿਲੀ ਘਟਨਾ ਨਹੀਂ ਹੈ। ਇਸ ਤਰਾਂ ਦੀਆਂ ਘਟਨਾਂਵਾਂ ਸਬੰਧੀ ਕਈ ਵਾਰ ਮੀਡੀਆ ਵਿੱਚ ਵੀ ਆਂਦੀਆਂ ਹਨ ਪਰ ਇਹ ਖਬਰਾਂ ਵੀ ਆਟੇ ਵਿੱਚ ਲੂਣ ਬਰਾਬਰ ਹੀ ਹਨ ਜਦਕਿ ਹਕੀਕਤ ਇਹ ਹੈ ਕਿ ਅਜਿਹੀਆਂ ਘਟਨਾਵਾਂ ਦੀ ਗਿਣਤੀ ਕਈ ਗੁਣਾਂ ਵੱਧ ਹੈ ਅਤੇ ਬਹੁਤੇ ਮਾਮਲਿਆਂ ਵਿੱਚ ਲੋਕ ਚੁੱਪ ਹੀ ਰਹਿੰਦੇ ਹਨ। ਪੰਜਾਬ ਵਿੱਚ ਇਸ ਵੇਲੇ ਸਰਕਾਰੀ ਬੱਸਾਂ ਨਾਲੋਂ ਪ੍ਰਾਈਵੇਟ ਬੱਸਾਂ ਦੀ ਗਿਣਤੀ ਕਾਫੀ ਵੱਧ ਹੈ ਅਤੇ ਇਨ੍ਹਾਂ ਪ੍ਰਾਈਵੇਟ ਬੱਸਾਂ ਵਿਚੋਂ ਬਹੁਤੀਆਂ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਹੀ ਆਗੂਆਂ ਦੀਆਂ ਹਨ। ਕਈ ਰੂਟਾਂ ਤੇ ਸਰਕਾਰੀ ਬੱਸਾਂ ਦੀ ਥਾਂ ਪ੍ਰਾਈਵੇਟ ਬੱਸਾਂ ਦੀ ਭਰਮਾਰ ਹੋਣ ਕਾਰਨ ਲੋਕ ਇਨ੍ਹਾਂ ਬੱਸਾਂ ਵਿੱਚ ਹੀ ਸਫਰ ਕਰਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਹੁਤੀਆਂ ਪ੍ਰਾਈਵੇਟ ਬੱਸਾਂ ਸਰਕਾਰੀ ਬੱਸਾਂ ਦੇ ਮੁਕਾਬਲੇ ਵਧੀਆ ਹਾਲਤ ਵਿੱਚ ਹੁੰਦੀਆਂ ਹਨ ਜੋਕਿ ਸਵਾਰੀਆਂ ਦੇ ਆਕਰਸ਼ਣ ਦਾ ਕਾਰਨ ਵੀ ਬਣਦੀਆਂ ਹਨ। ਸਮੇਂ ਸਮੇਂ ਤੇ ਬੱਸਾਂ ਵਿੱਚ ਸਫਰ ਕਰਨ ਵਾਲੀਆਂ ਸਵਾਰੀਆਂ ਦੀ ਸੁਰੱਖਿਆਂ ਅਤੇ ਸਹੂਲਤ ਲਈ ਸਰਕਾਰ ਵਲੋਂ ਕਨੂੰਨ ਬਣਾਏ ਗਏ ਹਨ ਅਤੇ ਇਨ੍ਹਾਂ ਨੂੰ ਲਾਗੂ ਕਰਨ ਲਈ ਮਾਣਯੋਗ ਅਦਾਲਤਾਂ ਵਲੋਂ ਹੁਕਮ ਜ਼ਾਰੀ ਕੀਤੇ ਜਾਂਦੇ ਹਨ ਪਰ ਇਹਨਾਂ ਹੁਕਮਾਂ ਨੂੰ ਪ੍ਰਾਈਵੇਟ ਬੱਸਾਂ ਵਾਲ਼ੇ ਟਿੱਚ ਜ਼ਾਣਦੇ ਹਨ ਅਤੇ ਇਹਨਾ ਹੁਕਮਾਂ ਦੀ ਪਰਵਾਹ ਨਹੀਂ ਕਰਦੇ ਹਨ। ਬੇਸ਼ਕ ਮਾਣਯੋਗ ਅਦਾਲਤਾਂ ਨੇ ਬੱਸਾਂ ਵਿੱਚ ਟੀ ਵੀ, ਸਟੀਰੀਓ ਆਦਿ ਤੇ ਮੁਕੰਮਲ ਪਬੰਦੀ ਲਗਾਈ ਹੋਈ ਹੈ ਪਰ ਵੱਖ-ਵੱਖ ਪ੍ਰਾਈਵੇਟ ਕੰਪਨੀਆਂ ਦੀਆਂ ਬਹੁਤੀਆਂ ਬੱਸਾਂ ਵਿੱਚ ਟੀ ਵੀ, ਵੀਡੀਉ ਸਿਸਟਮ ਸ਼ਰੇਆਮ ਚੱਲਦੇ ਹਨ। ਇਹਨਾਂ ਬੱਸਾਂ ਵਾਲ਼ਿਆਂ ਨੇ ਵੱਖ-ਵੱਖ ਟਿਊਨਾਂ ਵਾਲ਼ੇ ਪ੍ਰੈਸ਼ਰ ਹਾਰਨ ਲਗਾਏ ਹੋਏ ਹਨ ਜੋ ਕਿ ਸ਼ੋਰ ਪ੍ਰਦੂਸ਼ਣ ਵਿੱਚ ਵਾਧਾ ਕਰਦੇ ਹਨ ਅਤੇ ਆਮ ਲੋਕਾਂ ਨੂੰ ਪ੍ਰੇਸ਼ਾਨ ਕਰਦੇ ਹਨ। ਇਨ੍ਹਾਂ ਬੱਸਾਂ ਦੇ ਕਾਲੇ ਸ਼ੀਸ਼ੇ, ਲੱਗੇ ਪਰਦੇ ਦਸੰਬਰ 2012 ਵਿੱਚ ਦਿੱਲੀ ਵਿੱਚ ਵਾਪਰੀ ਘਟਨਾ ਤੋਂ ਬਾਦ ਬਣਾਏ ਗਏ ਜਸਟਿਸ ਵਰਮਾ



ਆਯੋਗ ਵਲੋਂ ਦਿਤੀਆਂ ਗਈਆਂ ਹਦਇਤਾਂ ਦੀ ਸਿੱਧੀ ਉਲੰਘਣਾ ਹੈ। ਇਹਨਾਂ ਬੱਸਾਂ ਦੇ ਡਰਾਇਵਰਾਂ ਅਤੇ ਕੰਡਕਟਰਾਂ ਲਈ ਨਾਂ ਕੋਈ ਵਰਦੀ ਹੈ ਨਾਂ ਹੀ ਕੋਈ ਨਾਮ ਅੰਕਿਤ ਪਲੇਟ ਹੁੰਦੀ ਹੈ। ਇਹਨਾਂ ਬੱਸਾਂ ਵਿੱਚ ਅੱਗ ਬਝਾਊ ਯੰਤਰ, ਫਸਟ ਏਡ ਕਿੱਟ ਨਾ ਹੋਣਾ ਆਮ ਗੱਲ ਹੈ। ਸ਼ਕਾਇਤ ਅਤੇ ਸੁਝਾਅ ਨੋਟ ਬੁੱਕ ਬਾਰੇ ਤਾਂ ਬੱਸ ਸਟਾਫ ਨੂੰ ਵੀ ਪਤਾ ਨਹੀਂ ਹੁੰਦਾ ਹੈ। ਕੁੱਝ ਬਸਾਂ ਦੇ ਡਰਾਇਵਰ ਅਤੇ ਕੰਡਕਟਰ ਹਰ ਵੇਲੇ ਨਸ਼ੇ ਵਿੱਚ ਟੱਲੀ ਰਹਿੰਦੇ ਹਨ ਜਿਸ ਨਾਲ ਸਵਾਰੀਆਂ ਦੀ ਜਾਨ ਨੂੰ ਖਤਰਾ ਬਣਿਆ ਰਹਿੰਦਾ ਹੈ। ਇਨ੍ਹਾਂ ਪ੍ਰਾਈਵੇਟ ਬੱਸਾਂ ਦੇ ਸਟਾਫ ਮੈਂਬਰਾਂ ਦੇ ਵਤੀਰੇ ਤੋਂ ਅਕਸਰ ਹੀ ਸਵਾਰੀਆਂ ਪ੍ਰੇਸ਼ਾਨ ਹੁੰਦੀਆਂ ਹਨ। ਇਹਨਾਂ ਵਿੱਚ ਲੱਗੇ ਹੋਏ ਆਡੀਉ ਵੀਡੀਉ ਸਿਸਟਮ ਤੇ ਅਕਸਰ ਅਜਿਹੇ ਗਾਣੇ ਅਤੇ ਫਿਲਮਾਂ ਲਗਾਈਆ ਜਾਂਦੀਆਂ ਹਨ ਕਿ ਬੱਸ ਵਿੱਚ ਸਫਰ ਕਰ ਰਹੇ ਪਰਿਵਾਰ ਵਾਲ਼ੇ ਮੈਂਬਰਾਂ ਦਾ ਬੈਠਣਾ ਮੁਸਕਿਲ ਹੋ ਜਾਂਦਾ ਹੈ ਪਰ ਹੋਰ ਕੋਈ ਬੱਸ ਨਾਂ ਹੋਣ ਕਾਰਨ ਸਵਾਰੀਆਂ ਦੀ ਮਜਬੂਰੀ ਬਣੀ ਹੁੰਦੀ ਹੈ। ਇਹਨਾਂ ਪ੍ਰਾਈਵੇਟ ਬੱਸਾਂ ਵਾਲ਼ੇ ਸਟਾਫ ਮੈਂਬਰ ਅਪਣੀ ਮਨਮਰਜੀ ਦੇ ਟਾਇਮ ਤੇ ਹੀ ਚੱਲਦੇ ਹਨ ਅਤੇ ਮਰਜੀ ਦੇ ਸਟਾਪੇਜ ਬਣਾਉਂਦੇ ਹਨ ਜਿਸ ਕਾਰਨ ਸਵਾਰੀਆਂ ਪ੍ਰੇਸ਼ਾਨ ਹੁੰਦੀਆਂ ਹਨ। ਇਹਨਾਂ ਬੱਸਾਂ ਵਿੱਚ ਮਹਿਲਾਵਾਂ, ਅੰਗਹੀਣਾ, ਬਜ਼ੁਰਗਾਂ ਆਦਿ ਲਈ ਵੀ ਸੀਟਾਂ ਰਾਖਵੀਆਂ ਨਹੀਂ ਰੱਖੀਆਂ ਗਈਆਂ ਹਨ। ਇਹਨਾਂ ਬੱਸਾਂ ਵਾਲ਼ਿਆ ਵਲੋਂ ਸਵਾਰੀਆ ਨੂੰ ਦਿਤੀਆਂ ਜਾਣ ਵਾਲ਼ੀਆਂ ਟਿਕਟਾਂ ਵੀ ਅਪਣੀ ਮਰਜੀ ਦੀਆਂ ਹੁੰਦੀਆਂ ਹਨ ਜਿਸਤੇ ਕੰਪਨੀ ਦਾ ਪਤਾ ਤੱਕ ਅੰਕਿਤ ਨਹੀਂ ਹੁੰਦਾ ਹੈ ਅਤੇ ਟਿਕਟ ਦੀ ਕੀਮਤ ਵੀ ਅੰਕਿਤ ਨਹੀਂ ਹੰਦੀ ਹੈ। ਬੱਸ ਕੰਪਨੀ ਦਾ ਪੂਰਾ ਪਤਾ ਨਾ ਹੋਣ ਕਾਰਨ ਕੋਈ ਸ਼ਕਾਇਤ ਨਹੀਂ ਕਰ ਸਕਦਾ ਹੈ। ਇਹਨਾਂ ਬੱਸਾਂ ਵਾਲ਼ਿਆਂ ਨੇ ਬੌਰਡ ਵੀ ਅਪਣੀ ਮਰਜੀ ਦੇ ਲਗਾਏ ਹੋਏ ਹੁੰਦੇ ਹਨ। ਕਈ ਬੱਸਾਂ ਬੇਸ਼ੱਕ ਮੋਹਾਲੀ ਤੱਕ ਹੀ ਜਾਂਦੀਆਂ ਹਨ ਪਰੰਤੂ ਬੌਰਡ ਚੰਡੀਗੜ੍ਹ ਦਾ ਹੁੰਦਾ ਹੈ ਅਤੇ ਖਰੜ ਆਕੇ ਸਵਾਰੀਆਂ ਉਤਾਰ ਦਿੰਦੇ ਹਨ। ਇਸੇ ਤਰਾਂ ਜਿਵੇਂ ਹੀ ਨੈਣਾ ਦੇਵੀ ਮਾਤਾ ਦੇ ਮੇਲੇ ਸ਼ੁਰੂ ਹੁੰਦੇ ਹਨ ਇਹ ਨੈਣਾ ਦੇਵੀ ਦਾ ਬੌਰਡ ਲਗਾ ਲੈਂਦੇ ਹਨ ਅਤੇ ਅਨੰਦਪੁਰ ਸਾਹਿਬ ਆਕੇ ਸਵਾਰੀਆਂ ਨੂੰ ਉਤਾਰ ਦਿੰਦੇ ਹਨ ਅਤੇ ਸਵਾਰੀਆ ਪ੍ਰੇਸ਼ਾਨ ਹੁੰਦੀਆਂ ਹਨ। ਕਈ ਬੱਸਾਂ ਵਾਲ਼ੇ ਊਨਾ (ਹਿਮਾਚਲ ਪ੍ਰਦੇਸ਼) ਦਾ ਬੌਰਡ ਵੀ ਲਗਾ ਰੱਖਦੇ ਹਨ ਜਦੋਂ ਕਿ ਬੱਸ ਕੇਵ਼ਲ ਨੰਗਲ ਤੱਕ ਹੀ ਹੁੰਦੀ ਹੈ ਅਤੇ ਇਹਨਾਂ ਕੋ਼ਲ ਅਜਿਹਾ ਕੋਈ ਪਰਮਿਟ ਵੀ ਨਹੀਂ ਹੁੰਦਾ ਹੈ। ਬੇਸ਼ਕ ਕਨੂੰਨਨ ਤੌਰ ਤੇ ਅਜਿਹਾ ਕਰਨਾ ਧੋਖੇਬਾਜ਼ੀ ਹੈ ਪਰ ਇਹਨਾਂ ਬੱਸਾਂ ਵਾਲ਼ਿਆਂ ਲਈ ਸਵਾਰੀਆਂ ਇਕੱਠੀਆਂ ਕਰਨ ਦਾ ਸੌਖਾ ਢੰਗ ਹੈ। ਬੇਸ਼ੱਕ ਹਰ ਬੱਸ ਤੇ ਇਹ ਚੇਤਾਵਨੀ ਬੌਰਡ ਲਗਾਇਆ ਜਾਦਾ ਹੈ ਕਿ ਬਸ ਦੀ ਛੱਤ ਤੇ ਸਫਰ ਕਰਨਾ ਕਨੂੰਨਨ ਜੁਰਮ ਹੈ ਪਰ ਇਨ੍ਹਾਂ ਨਿੱਜੀ ਬਸਾਂ ਵਾਲੇ ਕੰਡਕਟਰ-ਡਰਾਇਵਰ ਆਪ ਸਵਾਰੀਆਂ ਵਿਸ਼ੇਸ਼ ਤੌਰ ਤੇ ਪ੍ਰਵਾਸੀ ਮਜ਼ਦੂਰਾਂ ਨੂੰ ਛੱਤ ਤੇ ਸਫਰ ਕਰਨ ਲਈ ਕਹਿੰਦੇ ਹਨ। ਇਨ੍ਹਾਂ ਪ੍ਰਾਈਵੇਟ ਬੱਸਾਂ ਵਾਲਿਆਂ ਦੀ ਉਪੱਰ ਤੱਕ ਪਹੁੰਚ ਹੋਣ ਕਾਰਨ ਪ੍ਰਸ਼ਾਸ਼ਨਿਕ ਅਧਿਕਾਰੀ ਵੀ ਡਰਦੇ ਹੋਏ ਕਾਰਵਾਈ ਨਹੀਂ ਕਰਦੇ ਹਨ ਜਿਸ ਕਾਰਨ ਇਹ ਬੱਸਾਂ ਬਿਨਾਂ ਡਰ ਤੋਂ ਹੀ ਕਨੂੰਨ ਤੋੜਕੇ ਚੱਲਦੀਆਂ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਸਵਾਰੀਆਂ ਦੀ ਸੁਰਖਿਆ ਅਤੇ ਸਹੂਲਤਾਂ ਲਈ ਬਣਾਏ ਗਏ ਕਨੂੰਨਾਂ ਨੂੰ ਸੱਖਤੀ ਨਾਲ ਲਾਗੂ ਕਰੇ। ਇਸਤਰਾਂ ਦੀਆਂ ਅਪਰਾਧਿਕ ਘਟਨਾਵਾਂ ਦੀਆਂ ਸ਼ਿਕਾਇਤਾਂ ਲਈ ਵਿਸੇਸ ਹੈਲਪਲਾਇਨ ਨੰਬਰ ਬੱਸਾਂ ਵਿੱਚ ਹੀ ਲਿਖੇ ਜਾਣ। ਸ਼ਿਕਾਇਤ ਮਿਲਣ ਤੇ ਫੌਰੀ ਕਾਰਵਾਈ ਕੀਤੀ ਜਾਵੇ। ਜਿੰਮੇਵਾਰ ਪ੍ਰਸ਼ਾਸਨਿਕ ਅਧਿਕਾਰੀਆਂ ਖਿਲਾਫ ਬਣਦੀ ਡਿਊਟੀ ਨਾਂ ਕਰਨ ਸਬੰਧੀ ਸੱਖਤ ਕਾਰਵਾਈ ਕੀਤੀ ਜਾਵੇ ਅਤੇ ਅਜਿਹੇ ਮਾਮਲਿਆਂ ਵਿੱਚ ਰਾਜਨੀਤਿਕ ਦਖਲਅੰਦਾਜੀ ਰੋਕੀ ਜਾਵੇ।

# ਮਹਾਨ ਮਿਸ਼ਨਰੀ ਮੇਲਾ ਅਤੇ ਵਿਚਾਰ ਗੋਸ਼ਟੀ ਆਯੋਜਿਤ ਕੀਤੀ

ਜਲੰਧਰ- ਬੀਤੀ 26 ਅਪ੍ਰੈਲ ਦਿਨ ਐਤਵਾਰ ਨੂੰ ਪਿੰਡ ਰੰਧਾਵਾ ਮਸੰਦਾਂ, ਜ਼ਿਲ੍ਹਾ ਜਲੰਧਰ ਵਿਖੇ ਭਾਰਤ ਰਤਨ ਡਾ. ਭੀਮ ਰਾਓ ਅੰਬੇਦਕਰ ਜੀ ਦੇ 124ਵੇਂ ਜਨਮ ਦਿਵਸ ਨੂੰ ਸਮਰਪਿਤ ਪਹਿਲਾ ਮਹਾਨ ਮਿਸ਼ਨਰੀ ਮੇਲਾ ਅਤੇ ਵਿਚਾਰ ਗੋਸ਼ਟੀ ਆਯੋਜਿਤ ਕੀਤੀ ਗਈ।

ਇਸ ਮੌਕੇ ਬਹੁਤ ਸਾਰੇ ਬੁੱਧੀਜੀਵੀ, ਵਿਦਵਾਨ, ਸਮਾਜ ਸੇਵੀ, ਚਿੰਤਕ, ਮਿਸ਼ਨਰੀ ਅਤੇ ਮਿਸ਼ਨਰੀ ਕਲਾਕਾਰ ਸ਼ਾਮਲ ਹੋਏ, ਜਿਹਨਾਂ ਨੇ ਬਾਬਾ ਸਾਹਿਬ ਦੇ ਜੀਵਨ ਅਤੇ ਉਹਨਾਂ ਦੀਆਂ ਸਿੱਖਿਆਵਾਂ ਬਾਰੇ ਚਾਨਣਾ ਪਾਇਆ। ਇਹ ਪ੍ਰੋਗਰਾਮ ਡਾ. ਬੀ. ਆਰ. ਅੰਬੇਦਕਰ ਐਜੂਕੇਸ਼ਨਲ ਐਂਡ ਵੈਲਫੇਅਰ ਟਰੱਸਟ ਵੱਲੋਂ ਕਰਵਾਇਆ ਗਿਆ।














# ਡਾ.ਅੰਬੇਦਕਰ ਨੈਸ਼ਨਲ ਮੈਰਿਟ ਅਵਾਰਡ ਸਕੀਮ ਤਹਿਤ ਵੰਡੇ ਜਾ ਰਹੇ ਹਨ 255.78 ਲੱਖ : ਵਿਜੇ ਸਾਂਪਲਾ

## ਜ਼ਿਲ੍ਹਾ ਹੁਸ਼ਿਆਰਪੁਰ ਦੇ 8 ਵਿਦਿਆਰਥੀਆਂ ਨੂੰ ਸਕੀਮ ਦਾ ਮਿਲਿਆ ਲਾਭ



ਹੁਸ਼ਿਆਰਪੁਰ, 11 ਮਈ (ਸ਼ਿਵ ਕੁਮਾਰ ਬਾਵਾ)- ਕੇਂਦਰੀ ਰਾਜ ਮੰਤਰੀ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਸ੍ਰੀ ਵਿਜੇ ਸਾਂਪਲਾ ਨੇ ਕਿਹਾ ਕਿ ਅਨੁਸੂਚਿਤ ਜਾਤੀ ਨਾਲ ਸਬੰਧਤ ਸੈਕੰਡਰੀ ਪੱਧਰ ਦੇ ਹੁਸ਼ਿਆਰ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਦੇਣ ਅਤੇ ਉਤਸ਼ਾਹਿਤ ਕਰਨ ਲਈ ਚਲ ਰਹੀ ਡਾ. ਅੰਬੇਦਕਰ ਨੈਸ਼ਨਲ ਮੈਰਿਟ ਸਕੀਮ ਤਹਿਤ 255.78 ਲੱਖ ਰੁਪਏ ਵੰਡੇ ਜਾ ਰਹੇ ਹਨ ਤਾਂ ਜੋ ਅਜਿਹੇ ਮਿਹਨਤੀ ਵਿਦਿਆਰਥੀਆਂ ਦੀ ਤਰੱਕੀ ਲਈ ਰਾਹ ਸਿਰਜੇ ਜਾ ਸਕਣ।

ਸਥਾਨਕ ਪੀ.ਡਬਲਯੂ.ਡੀ. ਰੈਸਟ ਹਾਉਸ ਵਿਖੇ ਇਸ ਸਕੀਮ ਤਹਿਤ ਜ਼ਿਲ੍ਹਾ ਹੁਸ਼ਿਆਰਪੁਰ ਦੇ 2013-14 ਵਿਦਿਅਕ ਸੈਸ਼ਨ ਨਾਲ ਸਬੰਧਤ ਚੁਣੇ ਗਏ 8 ਵਿਦਿਆਰਥੀਆਂ ਨੂੰ 2.60 ਲੱਖ ਰੁਪਏ ਦੇ ਚੈਕ ਵੰਡਣ ਸਮੇਂ ਸ੍ਰੀ ਸਾਂਪਲਾ ਨੇ ਦੱਸਿਆ ਕਿ ਭਾਰਤ ਅੰਦਰ 29 ਬੋਰਡਾਂ/ ਕੌਂਸਲਾਂ ਨਾਲ ਸਬੰਧਤ 696 ਦੇ ਕਰੀਬ ਵਿਦਿਆਰਥੀ ਇਸ ਸਕੀਤ ਤਹਿਤ ਕਵਰ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਰੈਗੂਲਰ 10+2 ਪੱਧਰ 'ਤੇ ਚਾਰ ਵਿਸ਼ਿਆਂ ਜਿਵੇਂ ਆਰਟਸ, ਸਾਇੰਸ (ਹਿਸਾਬ ਸਮੇਤ), ਸਾਇੰਸ (ਬਾਇਓਲੋਜੀ/ਹਿਸਾਬ ਅਤੇ ਬਾਇਓਲੋਜੀ) ਅਤੇ ਕਮਰਸ ਵਿਸ਼ਿਆਂ 'ਚ ਸਭ ਤੋਂ ਵੱਧ ਅੰਕ ਲੈਣ ਵਾਲੇ ਤਿੰਨ ਵਿਦਿਆਰਥੀਆਂ ਨੂੰ ਇਹ ਅਵਾਰਡ ਦਿੱਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪਹਿਲੀਆਂ ਤਿੰਨ ਪੁਜੀਸ਼ਨਾਂ ਤੋਂ ਬਾਅਦ ਇਨ੍ਹਾਂ ਵਿਸ਼ਿਆਂ 'ਚ ਹੀ ਅਗਲੀਆਂ ਸਭ ਤੋਂ ਵੱਧ ਅੰਕ ਲੈਣ ਵਾਲੀਆਂ ਤਿੰਨ ਲੜਕੀਆਂ ਨੂੰ 20,000 ਰੁਪਏ ਪ੍ਰਤੀ ਵਿਦਿਆਰਥੀ ਦਾ ਵਿਸ਼ੇਸ਼ ਅਵਾਰਡ ਦਿੱਤਾ ਜਾਂਦਾ ਹੈ ਤਾਂ ਜੋ ਲੜਕੀਆਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਸਕੀਮ ਨੂੰ ਸਮਾਜਿਕ ਨਿਆਂ ਤੇ ਸਸ਼ਕਤੀਕਰਨ ਮੰਤਰਾਲੇ ਵੱਲੋਂ ਸਥਾਪਿਤ ਡਾ. ਅੰਬੇਦਕਰ ਫਾਊਂਡੇਸ਼ਨ ਦੁਆਰਾ ਲਾਗੂ ਕੀਤਾ ਜਾ ਰਿਹਾ ਹੈ।

ਕੇਂਦਰ ਰਾਜ ਮੰਤਰੀ ਨੇ ਦੱਸਿਆ ਕਿ ਇਸ ਅਵਾਰਡ ਨੂੰ ਯਕਮੁਸ਼ਤ ਗਰਾਂਟ ਵਜੋਂ ਦਿੱਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਉਕਤ ਵਿਸ਼ਿਆਂ ਵਿੱਚੋਂ ਸਭ ਤੋਂ ਵੱਧ ਅੰਕ ਲੈਣ ਵਾਲੇ ਵਿਦਿਆਰਥੀਆਂ ਨੂੰ 60,000 ਰੁਪਏ ਪ੍ਰਤੀ ਵਿਦਿਆਰਥੀ, ਦੂਜੇ ਨੰਬਰ 'ਤੇ ਸਭ ਤੋਂ ਵੱਧ ਅੰਕ ਲੈਣ ਵਾਲੇ ਵਿਦਿਆਰਥੀਆਂ ਨੂੰ 50,000 ਰੁਪਏ ਪ੍ਰਤੀ ਵਿਦਿਆਰਥੀ ਅਤੇ ਤੀਜੇ ਨੰਬਰ 'ਤੇ ਸਭ ਤੋਂ ਵੱਧ ਅੰਕ ਲੈਣ ਵਾਲੇ ਵਿਦਿਆਰਥੀਆਂ ਨੂੰ 40,000 ਰੁਪਏ ਪ੍ਰਤੀ ਵਿਦਿਆਰਥੀ ਦਾ ਅਵਾਰਡ ਦਿੱਤਾ ਜਾਂਦਾ ਹੈ।

ਜ਼ਿਲ੍ਹਾ ਹੁਸ਼ਿਆਰਪੁਰ ਦੇ ਇਸ ਸਕੀਮ ਤਹਿਤ ਚੁਣੇ ਗਏ ਵਿਦਿਆਰਥੀਆਂ ਵਿੱਚ ਪਿੰਡ ਡਡਿਆਲ ਦੀ ਕੁਮਾਰੀ ਪੂਨਮ, ਪਿੰਡ ਚੇਲਾ ਮਖਸੂਸਪੁਰ ਦੀ ਸੋਨੀਆ, ਗੁਰਲੀਨ ਕੌਰ, ਹਮੀਨ, ਨਵਦੀਪ ਪ੍ਰਿਆ ਅਤੇ ਭਾਰਤੀ (ਵਾਸੀ ਹੁਸ਼ਿਆਰਪੁਰ ਤੋਂ), ਪਿੰਡ ਮੋਨਾਕਲਾ ਦੀ ਸ਼ਹਿਨਾਜ ਅਤੇ ਪਿੰਡ ਮੀਰਪੁਰ ਦੀ ਜਸਪ੍ਰੀਤ ਕੌਰ ਸ਼ਾਮਲ ਹਨ।

ਕੇਂਦਰੀ ਰਾਜ ਮੰਤਰੀ ਵੱਲੋਂ ਬੀਤੀ ਸ਼ਾਮ ਇਨ੍ਹਾਂ ਵਿਦਿਆਰਥੀਆਂ ਦੇ ਕੀਤੇ ਸਨਮਾਨ ਸਮੇਂ ਐਸ.ਡੀ.ਐਮ. ਸ੍ਰੀ ਅਨੰਦ ਸਾਗਰ ਸ਼ਰਮਾ, ਸਮਾਜਿਕ ਸੁਰੱਖਿਆ ਅਫ਼ਸਰ ਜਗਦੀਸ਼ ਮਿਤਰ ਅਤੇ ਤਹਿਸੀਲਦਾਰ ਸ੍ਰੀ ਬਲਜਿੰਦਰ ਸਿੰਘ ਵੀ ਹਾਜ਼ਰ ਸਨ।